ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 13 Issue 50 Tuesday September 25 to October 01, 2018 www.PUNJABIDUNIYA.com Published Weekly from New York

Watch & Subscribe on YouTube/ Facebook

Josh india tv

## ਭਾਰਤ ਵਿਚ ਇੱਕ ਰਾਸ਼ਟਰ ਚੋਣਾਂ ਦਾ ਇੱਕ ਮੁੱਦਾ

ਦੇਸ਼ ਦੀ ਹਾਕਮ ਜਮਾਤ ਇਸ ਵੇਲੇ ਇਸ ਮੌਕੇ ਦੀ ਭਾਲ ਵਿੱਚ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਣ, ਇਸ ਪਿੱਛੇ ਉਸ ਵਲੋਂ ਤਰਕ ਤਾਂ ਇਹ ਦਿੱਤਾ ਜਾ ਰਿਹਾ ਹੈ ਕਿ ਖਰਚ ਘਟਣਗੇ। ਚੋਣ ਜਾਬਤਾ ਵਾਰ-ਵਾਰ ਨਹੀਂ ਲਗਾਉਣਾ ਪਏਗਾ।



(ਪੰਜਾਬੀ ਦੁਨੀਆ ਬਿਓਰੋ)
*****************************

ਭਾਰਤ ਵਿੱਚ ਲਗਭਗ ਹਰ ਮਹੀਨੇ ਕਿਸੇ ਨਾ ਕਿਸੇ ਸੂਬੇ ਵਿੱਚ ਚੋਣ ਦਾ ਮਸਲਾ ਭੱਖਦਾ ਹੈ। ਇਹਨਾ ਚੋਣਾਂ ਵਿੱਚ ਬੇ-ਇੰਤਹਾ ਖਰਚ ਹੁੰਦਾ ਹੈ। ਭਾਰਤ ਵਰਗੇ ਤਰੱਕੀ ਕਰ ਰਹੇ ਦੇਸ਼ ਦੀ ਅਰਾਥਿਕਤਾ ਉਤੇ ਤਾਂ ਇਸਦਾ ਬੋਝ ਪੈਂਦਾ ਹੀ ਹੈ, ਇਹ ਦੇਸ਼ ਵਿੱਚ ਜਾਤ-ਪਾਤ, ਧਰਮਾਂ 'ਚ ਪਾੜਾ ਵਧਾਉਣ ਦਾ ਕਾਰਨ ਵੀ ਬਣ ਰਿਹਾ ਹੈ। ਇਸ ਤੋਂ ਵੀ ਅਗਲੀ ਗੱਲ ਇਹ ਕਿ ਚੋਣਾਂ 'ਤੇ ਕਾਫੀ ਸਮਾਂ ਬਰਬਾਦ ਹੁੰਦਾ ਹੈ ਅਤੇ ਸਰਕਾਰ ਦੀਆਂ ਕਈ ਸਮਾਂ-ਬੱਧ ਸਕੀਮਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।

ਸਥਾਨਕ ਸਰਕਾਰਾਂ (ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ, ਨਗਰਪਾਲਿਕਾ) ਦੀਆਂ ਚੋਣਾਂ ਤੋਂ ਲੈਕੇ ਵਿਧਾਨ ਪ੍ਰੀਸ਼ਦ, ਵਿਧਾਨ ਸਭਾ, ਰਾਜ ਸਭਾ, ਲੋਕ ਸਭਾ ਤੱਕ ਦੀਆਂ ਚੋਣਾਂ ਸਮੇਂ ਸਮੇਂ ਤੇ ਹੁੰਦੀਆਂ ਰਹਿੰਦੀਆਂ ਹਨ। ਵਿਧਾਨ ਸਭਾਵਾਂ, ਲੋਕ ਸਭਾ ਦੀਆਂ ਚੋਣਾਂ ਕਾਰਨ ਤਾਂ ਦੇਸ਼ ਭਰ ਵਿੱਚ ਇੱਕ ਤਰ੍ਹਾਂ ਨਾਲ ਭੁਚਾਲ ਜਿਹਾ ਆ ਜਾਂਦਾ ਹੈ, ਹਾਕਮ ਪਾਰਟੀਆਂ ਦੇ ਨੇਤਾਵਾਂ ਤੋਂ ਲੈ ਕੇ ਅਫ਼ਸਰਸ਼ਾਹੀ ਦੇ ਦਾਇਰੇ ਵਿੱਚ ਇਹੋ ਜਿਹਾ ਮਾਹੌਲ ਵੇਖਣ ਨੂੰ ਮਿਲਦਾ ਹੈ, ਜਿਵੇਂ ਸਰਕਾਰ ਨੂੰ ਚੋਣਾਂ ਕਰਾਉਣ ਤੋਂ ਵੱਧ ਚੋਣਾਂ ਜਿੱਤਣ ਦਾ ਕੰਮ ਹੀ ਰਹਿ ਗਿਆ ਹੋਵੇ। ਸਰਕਾਰੀ ਪ੍ਰਾਪਤੀਆਂ ਦੇ ਵੱਡੇ ਵੱਡੇ ਇਸ਼ਤਿਹਾਰ ਛਾਇਆ ਹੁੰਦੇ ਹਨ, ਪ੍ਰਾਪਤੀਆਂ ਦਾ ਜਿਕਰ ਥਾਂ ਥਾਂ ਕੀਤਾ ਜਾਂਦਾ ਹੈ, ਛੋਟੇ-ਮੋਟੇ ਕੀਤੇ ਕੰਮਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਵੋਟਾਂ ਬਟੋਰਨ ਲਈ ਹਰ ਦਾਅ ਪੇਚ ਵਰਤਣ ਦਾ ਯਤਨ ਹੁੰਦਾ ਹੈ। ਲੱਖਾਂ ਨਹੀਂ ਕਰੋੜਾਂ, ਕਰੋੜਾਂ ਨਹੀਂ ਅਰਬਾਂ ਰੁਪਏ ਬਿਨ੍ਹਾਂ ਕਿਸੇ ਕਾਰਨ ਇਸ਼ਤਿਹਾਰਬਾਜੀ ਤੇ ਰੋੜ੍ਹ ਦਿੱਤੇ ਜਾਂਦੇ ਹਨ। ਕਿਹਾ ਜਾਣ ਲੱਗ ਪਿਆ ਹੈ ਕਿ ਇੱਕ ਪਾਸੇ ਦੇਸ਼ ਨੂੰ ਭ੍ਰਿਸ਼ਟਾਚਾਰ ਨੇ ਅਤੇ ਦੂਜੇ ਪਾਸੇ ਚੋਣਾਂ ਦੇ ਭੂਤ ਨੇ ਜਿਵੇਂ ਤਬਾਹ ਕਰਕੇ ਰੱਖ ਦਿੱਤਾ ਹੈ।

ਇਹੋ ਜਿਹੀ ਸਥਿਤੀ ਵਿੱਚ ਦੇਸ਼ ਦੇ ਕੁਝ ਇੱਕ ਨੀਤੀਵਾਨਾਂ ਅਤੇ ਨੇਤਾਵਾਂ ਨੇ ਦੇਸ਼ ਵਿੱਚ 'ਇੱਕ ਰਾਸ਼ਟਰ ਇੱਕ ਚੋਣ' ਦਾ ਨਾਹਰਾ ਦਿੱਤਾ ਹੈ, ਜਿਹੜਾ ਇਹਨਾ ਦਿਨਾਂ 'ਚ ਇਸ ਕਰਕੇ ਵੀ ਚਰਚਾ ਦਾ ਵਿਸ਼ਾ ਹੈ ਕਿ ਦੇਸ਼ ਵਿੱਚ 2018 ਜਾਂ 2019 ਵਿੱਚ ਲੋਕ ਸਭਾ ਚੋਣਾਂ ਆਉਣ ਵਾਲੀਆਂ ਹਨ ਅਤੇ ਕੁਝ ਸੂਬਿਆਂ ਦੀਆਂ ਚੋਣਾਂ ਵੀ 2019 'ਚ ਹੋਣ ਜਾ ਰਹੀਆਂ ਹਨ। ਪਰ ਭਾਰਤ ਦੇ ਚੋਣ ਆਯੋਗ ਨੇ ਨੇੜ ਭਵਿੱਖ ਵਿੱਚ ਇਕੋ ਵੇਲੇ ਲੋਕ ਸਭਾ ਅਤੇ ਸੂਬਿਆਂ ਦੀਆਂ ਚੋਣਾਂ ਕਰਾਉਣ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ ਹੈ। ਹਾਲਾਂਕਿ ਇਹ ਗੱਲ ਹਾਲੀ ਤੱਕ ਸਪਸ਼ਟ ਨਹੀਂ ਹੋ ਸਕੀ ਕਿ ਚੋਣ ਆਯੋਗ 2019 ਵਿੱਚ ਇੱਕ ਰਾਸ਼ਟਰ-ਅੱਧੀ ਚੋਣ ਜਾਂ ਇੱਕ ਰਾਸ਼ਟਰ-ਇੱਕ ਚੌਥਾਈ ਚੋਣ ਲਈ ਤਿਆਰ ਹੋਏਗਾ ਕਿ ਨਹੀਂ।

(ਬਾਕੀ ਸਫਾ 18 'ਤੇ)

## ਬਾਦਲ ਪਿਉ-ਪੁੱਤਰ ਪੰਥ 'ਚੋਂ ਛੇਕੇ ਜਾਣ

### ਨਵਜੋਤ ਸਿੱਧੂ ਨੇ ਗਿਆਨੀ ਗੁਰਬਚਨ ਸਿੰਘ ਦੇ ਨਾਮ ਸੌਂਪਿਆ ਮੰਗ ਪੱਤਰ



(ਪੰਜਾਬੀ ਦੁਨੀਆ ਬਿਓਰੋ)
*****************************

ਅੰਮ੍ਰਿਤਸਰ : ਪੰਜਾਬ ਸਰਕਾਰ ਦੇ ਵਜ਼ੀਰ ਨਵਜੋਤ ਸਿੱਧੂ ਨੇ ਸ਼੍ਰੋਮਣੀ ਕਮੇਟੀ ਦੁਆਰਾ ਥਾਪੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਾਮ ਸੌਂਪੇ ਇੱਕ ਪੱਤਰ ਵਿੱਚ ਮੰਗ ਕੀਤੀ ਹੈ ਸਿਰਸਾ ਡੇਰੇ ਦੇ ਦਲਾਲਾਂ ਨੂੰ ਪੰਥ 'ਚੋਂ ਛੇਕਿਆ ਜਾਵੇ। ਅੱਜ ਇਥੇ ਕਾਹਲੀ ਨਾਲ ਪੁਜੇ ਨਵਜੋਤ ਸਿੰਘ ਸਿੱਧੂ ਨੇ ਇਸ ਸਬੰਧੀ ਇੱਕ ਚਾਰ ਸਫਿਆਂ ਦਾ ਮੰਗ ਪੱਤਰ ਗਿਆਨੀ ਗੁਰਬਚਨ ਸਿੰਘ ਦੇ ਨਿੱਜੀ ਸਹਾਇਕ ਭੁਪਿੰਦਰ ਸਿੰਘ ਸਰਪੰਚ ਨੂੰ ਸੌਂਪਿਆ।

(ਬਾਕੀ ਸਫਾ 18 'ਤੇ)

## ਬ੍ਰਿਟੇਨ ਦਾ ਪਹਿਲਾ ਸਿੱਖ ਗਾਰਡਜ਼ਮੈਨ ਚਰਨਪ੍ਰੀਤ ਸਿੰਘ ਡਰੱਗਜ਼ ਟੈਸਟ 'ਚ ਫੇਲ੍ਹ



ਬ੍ਰਿਟੇਨ ਦੀ ਮਹਾਰਾਣੀ ਦੇ ਜਨਮ ਦਿਨ ਮੌਕੇ 'ਟਰੂਪਿੰਗ ਦਿ ਕਲਰ' ਪਰੇਡ ਵਿੱਚ ਪਹਿਲੇ ਦਸਤਾਰਧਾਰੀ ਸਿੱਖ ਵਜੋਂ ਸ਼ਾਮਲ ਹੋਏ ਚਰਨਪ੍ਰੀਤ ਸਿੰਘ ਨਸ਼ੇ ਦੇ ਟੈਸਟ ਵਿੱਚ ਫੇਲ੍ਹ ਹੋ ਗਏ ਹਨ। 22 ਸਾਲਾ ਗਾਰਡਜ਼ਮੈਨ ਚਰਨਪ੍ਰੀਤ ਸਿੰਘ ਦੇ ਵਿੰਡਸਰ ਵਿੱਚ ਵਿਕਟੋਰੀਆ ਬੈਰੇਕ ਵਿੱਚ ਅਚਨਚੇਤ ਹੋਏ ਟੈਸਟ ਵਿੱਚ ਕਲਾਸ ਏ ਦੀ "ਹਾਈ ਲੇਵਲ" ਕੋਕੀਨ ਲੈਣ ਦੀ ਪੁਸ਼ਟੀ ਹੋਈ ਹੈ।ਦਿ ਸਨ ਦੀ ਰਿਪੋਰਟ ਮੁਤਾਬਕ ਉਨ੍ਹਾਂ ਦੇ ਨਾਲ ਕਈ ਹੋਰ ਸਿਪਾਹੀ ਟੈਸਟ ਵਿੱਚ ਫੇਲ੍ਹ ਹੋਏ ਹਨ। ਰੱਖਿਆ ਮੰਤਰਾਲੇ ਮੁਤਾਬਕ ਉਨ੍ਹਾਂ ਨੂੰ ਨਸ਼ੇ ਲੈਣ ਕਾਰਨ ਫੌਜ ਵਿਚੋਂ ਬਾਹਰ ਕੀਤਾ ਜਾ ਸਕਦਾ ਹੈ।

ਫੌਜ ਕਰਮੀ ਸੇਵਾ ਗੁਰੱਪ ਦੇ ਮੁਖੀ ਬ੍ਰਿਗੇਡੀਅਰ ਕ੍ਰਿਸਟੋਫਰ ਕੋਲਸ ਦਾ ਕਹਿਣਾ ਹੈ, "ਮੈਂ ਪੁਸ਼ਟੀ ਕਰ ਸਕਦਾ ਹਾਂ ਕਿ ਇਸ ਟੈਸਟ ਲਈ ਕਈ ਸੈਨਿਕਾਂ ਦੀ ਜਾਂਚ ਚੱਲ ਰਹੀ ਹੈ। ਜਿਹੜੇ ਇਸ ਟੈਸਟ ਵਿੱਚ ਫੇਲ੍ਹ ਹੋ ਗਏ ਹਨ ਉਨ੍ਹਾਂ ਨੂੰ ਫੌਜ ਵਿਚੋਂ ਫਾਰਗ ਕੀਤਾ ਜਾ ਸਕਦਾ ਹੈ।" ਚਰਨਪ੍ਰੀਤ ਸਿੰਘ ਤੋਂ ਇਲਾਵਾ ਦੂਜੇ ਸੈਨਿਕਾਂ ਦੀ ਪਛਾਣ ਅਜੇ ਜ਼ਾਹਿਰ ਨਹੀਂ ਕੀਤੀ ਗਈ। ਇਸੇ ਸਾਲ ਜੂਨ ਵਿੱਚ ਬ੍ਰਿਟੇਨ ਦੀ ਮਹਾਰਾਣੀ ਦੇ ਜਨਮ ਦਿਨ ਮੌਕੇ ਗਾਰਡਜ਼ਮੈਨ ਚਰਨਪ੍ਰੀਤ ਸਿੰਘ ਦੇ ਲਗਭਗ 1000 ਗਾਰਡਜ਼ਮੈਨਜ਼ ਨਾਲ 'ਟਰੂਪਿੰਗ ਦਿ ਕਲਰ' ਪਰੇਡ ਸ਼ਾਮਲ ਹੋਏ। ਉਦੋਂ ਉਨ੍ਹਾਂ ਨੇ ਕਿਹਾ ਸੀ ਕਿ ਇਸ ਨੂੰ ਇਤਿਹਾਸ ਵਿੱਚ ਇੱਕ ਨਵੀਂ ਤਬਦੀਲੀ ਵਜੋਂ ਦੇਖਿਆ ਜਾਵੇਗਾ। ਉਨ੍ਹਾਂ ਕਿਹਾ ਸੀ ਕਿ ਇਸ ਨਾਲ ਵੱਖ-ਵੱਖ ਧਰਮਾਂ ਅਤੇ ਪਿਛੋਕੜਾਂ ਦੇ ਲੋਕਾਂ ਨੂੰ ਫੌਜ ਜੁਆਇਨ ਕਰਨ ਲਈ ਉਤਸ਼ਾਹ ਮਿਲੇਗਾ। ਚਰਨਪ੍ਰੀਤ ਸਿੰਘ ਦਾ ਕਹਿਣਾ ਸੀ, "ਮੈਨੂੰ ਉਮੀਦ ਹੈ ਕਿ ਜੋ ਲੋਕ ਦੇਖ ਰਹੇ ਹਨ,

(ਬਾਕੀ ਸਫਾ 18 'ਤੇ)

## ਟਰੰਪ ਪ੍ਰਸ਼ਾਸ਼ਨ ਦੇ ਨਵੇਂ ਐਲਾਨ ਕਰਕੇ ਅਮਰੀਕਾ 'ਚ ਗਰੀਨ ਕਾਰਡ ਹਾਸਲ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਝਟਕਾ





ਅਮਰੀਕੀ ਪ੍ਰਸ਼ਾਸਨ ਨੇ ਦੇਸ ਵਿੱਚ ਰਹਿ ਰਹੇ ਗੈਰ-ਅਮਰੀਕੀਆਂ ਲਈ ਸਥਾਈ ਨਿਵਾਸ (ਪੀਆਰ) ਹਾਸਿਲ ਕਰਨ ਦੀ ਪ੍ਰਕਿਰਿਆ ਹੋਰ ਔਖੀ ਕਰਨ ਦਾ ਐਲਾਨ ਕੀਤਾ ਹੈ। ਇਸਦਾ ਮਤਲਬ ਇਹ ਹੈ ਕਿ ਅਮਰੀਕਾ ਵਿੱਚ ਉੱਥੇ ਦੀਆਂ ਸਕੀਮਾਂ ਦਾ ਲਾਹਾ ਲੈ ਰਹੇ ਪਰਵਾਸੀਆਂ ਨੂੰ ਬੋਝ ਸਮਝ ਕੇ ਗ੍ਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾਵੇਗਾ। ਇਸਦਾ ਅਸਰ ਅਮਰੀਕਾ ਵਿੱਚ ਕੰਮ ਕਰ ਰਹੇ ਆਈਟੀ ਪ੍ਰੋਫੈਸ਼ਨਲਜ਼ ਅਤੇ ਹੋਰ ਮਾਹਿਰਾਂ ਦੇ ਪਰਿਵਾਰਾਂ ਉੱਤੇ ਜ਼ਿਆਦਾ ਪਵੇਗਾ। ਇਸ ਮੁੱਦੇ ਉੱਤੇ ਬੀਬੀਸੀ ਪੱਤਰਕਾਰ ਇਰਮ ਅੱਬਾਸੀ ਨੇ ਅਮਰੀਕਾ ਵਿੱਚ ਰਹਿ ਰਹੀਆਂ ਕੁਝ ਭਾਰਤੀ ਔਰਤਾਂ ਨਾਲ ਕੁਝ ਮਹੀਨੇ ਪਹਿਲਾਂ ਗੱਲਬਾਤ ਕੀਤੀ ਸੀ।"ਮੈਂ ਮਹਿਸੂਸ ਕਰਦੀ ਹਾਂ ਕਿ ਮੈਨੂੰ ਘਰ ਰਹਿਣ ਲਈ ਕਿਹਾ ਜਾਵੇਗਾ। ਡਰਦੀ ਹਾਂ ਕਿ ਪਤੀ ਦੇ ਸਾਰਾ ਦਿਨ ਕੰਮ 'ਤੇ ਹੋਣ ਕਰਕੇ ਮੈਂ ਉਨ੍ਹਾਂ ਲਈ ਪਰੇਸ਼ਾਨੀ ਦਾ ਸਬੱਬ ਬਣ ਜਾਵਾਂਗੀ। ਕਿਉਂਕਿ ਮੇਰੇ ਕੋਲ ਕੋਈ ਕੰਮ ਨਹੀਂ ਹੈ ਇਸ ਲਈ ਮੈਂ ਸਾਰਾ ਦਿਨ ਇੱਕ ਆਉਟਲੈੱਟ ਲੈਣ ਲਈ ਉਡੀਕ ਕਰਦੀ ਹਾਂ।"ਬੀਬੀਸੀ ਨਾਲ ਖ਼ਾਸ ਗੱਲਬਾਤ 'ਚ ਇਹ ਜਜ਼ਬਾਤ ਪ੍ਰਿਆ ਚੰਦਰਸੇਕਰਨ ਨੇ ਸਾਂਝੇ ਕੀਤੇ।ਡੌਨਲਡ ਟਰੰਪ ਪ੍ਰਸ਼ਾਸਨ ਦੇ ਅਮਰੀਕਾ ਵਿੱਚ 812 ਦੇ ਵੀਜ਼ਾ ਧਾਰਕਾਂ ਦੇ ਜੀਵਨਸਾਥੀਆਂ ਲਈ ਵਰਕ ਪਰਮਿਟ ਖ਼ਤਮ ਕਰਨ ਦੀ ਇੱਕ ਯੋਜਨਾ ਦਾ ਐਲਾਨ ਕਰਨ ਤੋਂ ਬਾਅਦ ਪ੍ਰਿਆ ਦਾ ਕਰੀਅਰ ਖ਼ਤਰੇ ਵਿੱਚ ਹੈ।

**ਅਮਰੀਕਾ ਰਹਿੰਦੀ ਦਿੱਲੀ ਦੀ ਪ੍ਰਿਆ ਦਾ ਦਰਦ**

ਦਿੱਲੀ ਦੀ ਪ੍ਰਿਆ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ 19 ਸਾਲ ਦੀ ਉਮਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ।

ਪਿਛਲੇ ਦੋ ਸਾਲਾਂ ਤੋਂ ਉਹ ਸਿਆਟਲ (ਵਾਸ਼ਿੰਗਟਨ) ਵਿੱਚ ਬਤੌਰ ਲੇਖਾਕਾਰ (ਸਰਟੀਫਾਈਡ ਪਬਲਿਕ ਅਕਾਊਂਟੈਂਟ - CPA) ਕੰਮ ਕਰ ਰਹੀ ਹੈ।

ਦਿੱਲੀ ਵਿੱਚ ਰਹਿੰਦਿਆਂ ਪਿਤਾ ਦੀ ਮੌਤ ਤੋਂ ਬਾਅਦ ਮਹਿਜ਼ 19 ਸਾਲ ਦੀ ਉਮਰ ਵਿੱਚ ਉਸ ਨੂੰ ਨਿਰਭਰਤਾ ਦਾ ਅਹਿਸਾਸ ਹੋਇਆ।ਉਹ ਉਦੋਂ ਟੁੱਟ ਗਈ ਸੀ, ਜਦੋਂ ਉਸ ਨੂੰ 2010 ਵਿੱਚ ਅਮਰੀਕਾ 'ਚ ਆਪਣੇ ਪਤੀ ਕੋਲ ਜਾਣ ਲਈ ਭਾਰਤ ਵਿੱਚ ਇੱਕ ਵਧੀਆ ਕਰੀਅਰ ਛੱਡਣਾ ਪਿਆ ਸੀ। ਪੰਜ ਸਾਲ ਤੱਕ ਆਪਣੇ ਬੱਚੇ ਨਾਲ ਘਰ ਰਹਿਣ ਤੋਂ ਬਾਅਦ 2015 ਵਿੱਚ ਪ੍ਰਿਆ ਨੂੰ ਬਰਾਕ ਓਬਾਮਾ ਪ੍ਰਸ਼ਾਸਨ ਸਮੇਂ ਨਵੀਂ ਪ੍ਰਣਾਲੀ ਤਹਿਤ ਕੰਮ ਕਰਨ ਦੀ ਇਜਾਜ਼ਤ ਮਿਲੀ ਸੀ। ਲੇਖਾਕਾਰ ਦੀ ਪੜ੍ਹਾਈ ਕਰਨ ਤੋਂ ਬਾਅਦ 2016 ਵਿੱਚ ਪ੍ਰਿਆ ਤੇ ਉਸਦਾ ਪਤੀ ਉਸੇ ਸਾਲ ਆਪਣਾ ਘਰ ਲੈਣ ਦੇ ਕਾਬਿਲ ਹੋ ਸਕੇ ਸਨ।ਅਗਲੇ ਸਾਲ 2017 ਵਿੱਚ ਪਤੀ-ਪਤਨੀ ਦੋਵਾਂ ਦੀ ਚੰਗੀ ਆਮਦਨੀ ਨੂੰ ਦੇਖਦੇ ਹੋਏ ਉਨ੍ਹਾਂ ਇੱਕ ਹੋਰ ਬੱਚੇ ਦਾ ਫ਼ੈਸਲਾ ਲਿਆ, ਪਰ ਉਨ੍ਹਾਂ ਦੀ ਯੋਜਨਾ ਤੇ ਆਮਦਨੀ ਹੁਣ ਦਾਅ 'ਤੇ ਲੱਗ ਗਈ ਹੈ। ਪ੍ਰਿਆ ਦੱਸਦੀ ਹੈ, "ਅਸੀਂ ਸੋਚਿਆ ਕਿ ਅਸੀਂ ਇੱਕ ਖ਼ੁਸ਼ਹਾਲ ਕਿਸ਼ਤੀ 'ਤੇ ਸਵਾਰ ਹਾਂ ਅਤੇ ਮਹਿਸੂਸ ਕੀਤਾ ਕੇ ਇਸ ਕਿਸ਼ਤੀ ਨੂੰ ਪਾਰ ਲੰਘਾਉਣਾ ਸੌਖਾ ਨਹੀਂ ਹੈ।"

(ਬਾਕੀ ਸਫਾ 18 'ਤੇ)

ਘੱਟ ਲਾਗਤ ਬੀਮਾ

× ਵਪਾਰ × ਦੇਣਦਾਰੀ × ਅਪਾਹਜਤਾ × ਵਰਕਰਜ਼ ਕੰਪ × E & O × ਆਟੋ × ਘਰ

Tel :917-612-3158

(See Full Page Advt. on Page 13)

# ਬਰਤਾਨੀਆ ਦੀਆਂ ਸਿੱਖ ਜਥੇਬੰਦੀਆਂ ਵਲੋਂ ਕੰਜ਼ਰਵੇਟਿਵ ਪਾਰਟੀ ਬੈਠਕ ਮੌਕੇ ਕੀਤਾ ਜਾਵੇਗਾ ਰੋਸ ਵਿਖਾਵਾ




ਲੰਡਨ: ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ, ਫਰੀ ਜੱਗੀ ਕੈਂਪੇਨ ਅਤੇ ਸਿੱਖ ਯੂਥ ਯੂ.ਕੇ ਵਲੋਂ ਬਰਤਾਨਵੀ ਸਰਕਾਰ ਚਲਾ ਰਹੀ ਕੰਜ਼ਰਵੇਟਿਵ(ਟੋਰੀ) ਪਾਰਟੀ ਦੀ ਬੈਠਕ ਮੌਕੇ ਭਾਰੀ ਰੋਸ ਵਿਖਾਵੇ ਦਾ ਐਲਾਨ ਕੀਤਾ ਗਿਆ ਹੈ। ਇਹ ਮੀਟਿੰਗ ਇੰਟਰਨੈਸ਼ਨਲ ਕਨਵੈਂਸ਼ਨ ਸੈਂਟਰ ਬਰਡ ਸਟਰੀਟ ਬ੍ਰਮਿੰਘਮ ਵਿਖੇ 30 ਸਤੰਬਰ ਐਤਵਾਰ ਨੂੰ ਹੋਣ ਜਾ ਰਹੀ ਹੈ, ਜਿੱਥੇ ਸਿੱਖਾਂ ਵਲੋਂ ਦੁਪਿਹਰ ਇੱਕ ਵਜੇ ਤੋਂ ਤਿੰਨ ਵਜੇ ਤੱਕ ਪੁਰਅਮਨ ਤਰੀਕੇ ਨਾਲ ਰੋਸ ਵਿਖਾਵਾ ਕੀਤਾ ਜਾਵੇਗਾ। ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਵਾਪਰੇ ਤੀਜੇ ਖੂਨੀ ਘੱਲੂਘਾਰੇ ਵਿੱਚ ਬਰਤਾਨਵੀ ਸਰਕਾਰ ਦੀ ਭੂਮਿਕਾ ਜਾਹਰ ਹੋ ਚੁੱਕੀ ਹੈ। ਇਸ ਬਾਰੇ ਸਿੱਖਾਂ ਦੀ ਮੰਗ ਹੈ ਕਿ ਇਹਨਾਂ ਨੇ ਭਾਰਤੀ ਫੌਜ ਵਲੋਂ ਸਿੱਖਾਂ 'ਤੇ ਢਾਹੇ ਗਏ ਕਹਿਰ ਵਿੱਚ ਕਿਸ ਕਦਰ ਸਾਥ ਦਿੱਤਾ ਸੀ, ਉਸ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਤਾਂ ਕਿ ਸੱਚਾਈ ਸਾਹਮਣੇ ਆ ਸਕੇ।

ਗੌਰਤਲਬ ਹੈ ਕਿ ਜੂਨ 1984 ਵਿੱਚ ਜਦੋਂ ਭਾਰਤੀ ਫੌਜ ਵਲੋਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਨਾਲ ਅਤੇ ਹਿੰਦੂਤਵੀ ਲਾਬੀ ਖਾਸ ਕਰ ਭਾਜਪਾ ਅਤੇ ਰਵਾਇਤੀ ਅਕਾਲੀ ਦਲ ਦੇ ਆਗੂਆਂ ਦੀ ਸਹਿਮਤੀ ਨਾਲ ਟੈਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ 'ਤੇ ਅੱਤ ਵਹਿਸ਼ੀ ਹਮਲਾ ਕੀਤਾ ਗਿਆ ਤਾਂ ਬਰਤਾਨੀਆ ਵਿੱਚ ਉਸ ਵਕਤ ਵੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਸੀ, ਇਸੇ ਤਰਾਂ ਹੁਣ ਪਿਛਲੇ ਸਾਲ ਜਦੋਂ ਪੰਜਾਬ ਵਿੱਚ ਵਿਆਹ ਕਰਵਾਉਣ ਗਏ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਕਰਕੇ ਅਣਮਨੁੱਖੀ ਤਸ਼ੱਦਦ ਕਰਨ ਮਗਰੋਂ ਝੂਠੇ ਕੇਸਾਂ ਵਿੱਚ ਫਸਾਇਆ ਗਿਆ ਤਾਂ ਵੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਸੀ ਅਤੇ ਬੀਤੇ ਦਿਨੀਂ ਜਦੋਂ ਬਰਤਾਨੀਆ ਵਿੱਚ ਸਿੱਖਾਂ ਦੇ ਘਰਾਂ 'ਤੇ ਪੁਲਿਸ ਦੇ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਛਾਪੇਮਾਰੀ ਕਰਕੇ ਪਰਿਵਾਰਾਂ ਨੂੰ ਭਾਰੀ ਤੰਗ ਪ੍ਰੇਸ਼ਾਨ ਕੀਤਾ ਗਿਆ ਤਾਂ ਵੀ ਇਹਨਾਂ ਭਾਵ ਕੰਜ਼ਰਵੇਟਿਵ ਪਾਰਟੀ ਦੀ ਹੀ ਸਰਕਾਰ ਹੈ। ਜਗਤਾਰ ਸਿੰਘ ਜੌਹਲ ਇਹਨਾਂ ਦਾ ਨਾਗਰਿਕ ਹੋਣ ਦੇ ਬਾਵਜੂਦ ਉਸਦੀ ਸਹੀ ਢੰਗ ਨਾਲ ਪੈਰਵਾਈ ਨਹੀ ਕੀਤੀ ਗਈ। ਇਹਨਾਂ ਤਿੰਨਾਂ ਹੀ ਮੁੱਦਿਆਂ ਨੂੰ ਮੁੱਖ ਰੱਖਦਿਆਂ ਕੰਜ਼ਰਵੇਟਿਵ ਪਾਰਟੀ ਦੀ ਮੌਜੂਦਾ ਸਰਕਾਰ ਖਿਲਾਫ ਸਿੱਖ ਕੌਮ ਦੇ ਰੋਸ ਅਤੇ ਰੋਹ ਦਾ ਪ੍ਰਗਟਾਵਾ ਕਰਨ ਲਈ ਇਹ ਰੋਸ ਵਿਖਾਵੇ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਤਾਂ ਕਿ ਇਹਨਾਂ ਲੋਕਾਂ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾ ਸਕੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਵਲੋਂ ਪੁਲਿਸ ਦੇ ਇਸ ਕਾਰੇ ਨੂੰ ਮਨੁੱਖੀ ਅਧਿਕਾਰਾਂ ਦਾ ਅਪਮਾਨ ਕਰਾਰ ਦਿੱਤਾ ਗਿਆ ਹੈ। ਇਸ ਪ੍ਰਤੀ ਸਿੱਖ ਕੌਮ ਵਿੱਚ ਭਾਰੀ ਰੋਸ ਹੈ। ਜਿਸ ਤਰੀਕੇ ਨਾਲ ਸਿੱਖਾਂ ਦੇ ਘਰਾਂ 'ਤੇ ਛਾਪੇਮਾਰੀ ਹੋਈ ਹੈ ਇਸ ਦਾ ਵਤੀਰਾ ਪੰਜਾਬ ਪੁਲਿਸ ਦੁਆਰਾ ਪੰਜਾਬ ਦੇ ਸਿੱਖ ਘਰਾਂ 'ਤੇ ਮਾਰੇ ਗਏ ਛਾਪਿਆਂ ਨਾਲ ਮਿਲਦਾ ਹੈ। ਜੋ ਕਿ ਬਰਤਾਨੀਆ ਵਰਗੇ ਲੋਕਤੰਤਰਿਕ ਮੁਲਕ ਦੀ ਆਪਣੇ ਹੀ ਦੇਸ਼ ਦੇ ਨਾਗਰਿਕਾਂ ਪ੍ਰਤੀ ਅਪਣਾਏ ਜਾ ਰਹੇ ਵਤੀਰੇ 'ਤੇ ਸਵਾਲੀਆ ਚਿੰਨ ਲਗਾਉਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਮਹਿਸੂਸ ਕਰਦੀਆਂ ਹਨ ਕਿ ਇਸ ਵਾਸਤੇ ਭਾਰਤ ਸਰਕਾਰ ਦਾ ਸਿੱਖ ਵਿਰੋਧੀ ਪ੍ਰਾਪੇਗੰਡਾ ਅਤੇ ਮੁਖਬਰੀਆਂ ਜਿੰਮੇਵਾਰ ਹਨ। ਜਦ ਦੁਨੀਆ ਭਰ ਦੇ ਇਨਸਾਫ ਪਸੰਦ ਲੋਕ ਜਾਣਦੇ ਹਨ ਅਤੇ ਇਤਿਹਾਸ ਅਤੇ ਸਿੱਖ ਸਿਧਾਂਤ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸਿੱਖ ਅੱਤਵਾਦੀ ਨਹੀਂ ਹੁੰਦੇ ਅਤੇ ਅੱਤਵਾਦੀ ਸਿੱਖ ਨਹੀਂ ਹੁੰਦੇ, ਪਰ ਹੱਕ ਜਰੂਰ ਲੈਂਦੇ ਹਨ। ਫਿਰ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਕੀਤੀ ਗਈ ਛਾਪੇਮਾਰੀ ਦੇ ਕੀ ਕਾਰਨ ਹਨ ?

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਲਹਿਰ ਆਏ ਦਿਨ ਜੋਰ ਫੜ ਰਹੀ ਹੈ ਅਤੇ ਸਿੱਖ ਨੌਜਵਾਨ ਸਮੇਂ ਦੇ ਹਾਣੀ ਬਣਦੇ ਹੋਏ ਕੌਮੀ ਅਜਾਦੀ ਦੇ ਇਸ ਪਾਕ ਪਵਿੱਤਰ ਕਾਜ ਦਾ ਵੱਡੀ ਪੱਧਰ ਤੇ ਪ੍ਰਚਾਰ ਕਰ ਰਹੇ ਹਨ ਜੋ ਕਿ ਦੁਨੀਆ ਭਰ ਦੇ ਹਰ ਇਨਸਾਨ ਦਾ ਮੁੱਢਲਾ ਹੱਕ ਹੈ। ਇਸ ਹੱਕ ਤੋਂ ਕਿਸੇ ਨੂੰ ਵਾਂਝਾ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਮੌਜੂਦਾ ਸਿੱਖ ਇਤਿਹਾਸ ਨੂੰ ਸਾਂਭਦਿਆਂ ਸਿੱਖ ਸ਼ਹੀਦਾਂ ਦੀਆਂ ਜੀਵਨੀਆਂ ਪੇਸ਼ ਕਰ ਰਹੀਆਂ ਦੋ ਵੈਬਸਾਈਟਾਂ ਨੂੰ ਵੀ ਬੰਦ ਕੀਤਾ ਗਿਆ ਹੈ। ਇਹ ਸਾਰਾ ਵਰਤਾਰਾ ਭਾਰਤ ਦੀ ਹਿੰਦੂਤਵੀ ਲਾਬੀ ਵਲੋਂ ਵਿਦੇਸ਼ੀ ਸਰਕਾਰ ਕੋਲ ਕੀਤੀਆਂ ਮੁਖਬਰੀਆਂ ਅਤੇ ਗਲਤ ਜਾਣਕਾਰੀ ਨਾਲ ਵਾਪਰ ਰਿਹਾ ਹੈ। ਪਰ ਭਾਰਤ ਸਰਕਾਰ ਅਜਿਹੇ ਕੋਝੇ ਯਤਨਾਂ ਨਾਲ ਖਾਲਿਸਤਾਨ ਦੇ ਸੰਘਰਸ਼ ਨੂੰ ਖਤਮ ਨਹੀਂ ਕਰ ਸਕੇਗੀ ਕਿਉਂਕਿ ਇਹ ਹੱਕ ਸੱਚ ਇਨਸਾਫ ਅਤੇ ਧਰਮ ਤੇ ਅਧਾਰਿਤ ਹੈ ਅਤੇ ਇਸਦੀ ਸਿਰਜਣਾ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਹੋਈ ਹੈ। ਜਿਕਰਯੋਗ ਹੈ ਕਿ ਬੀਤੇ ਦਿਨਾਂ ਤੋਂ ਮਿੱਡਲੈਂਡ ਅਤੇ ਲੰਡਨ ਦੇ ਇਲਾਕਿਆਂ ਵਿੱਚ ਸਿੱਖਾਂ ਦੇ ਘਰਾਂ 'ਤੇ ਪੁਲਿਸ ਵਲੋਂ ਛਾਪੇਮਾਰੀ ਕੀਤੀ ਗਈ ਹੈ। ਇਸ ਦੌਰਾਨ ਘਰਾਂ ਦੀ ਫੋਲਾ-ਫਲਾਈ ਕੀਤੀ ਗਈ ਹੈ। ਪਰਿਵਾਰਕ ਮੈਂਬਰਾਂ ਨੂੰ ਪੰਜਾਬ ਪੁਲਿਸ ਵਾਂਗ ਤੰਗ ਪ੍ਰੇਸ਼ਾਨ ਕੀਤਾ ਗਿਆ ਹੈ ।


## ਬਰਤਾਨੀਆ ਵਿਚ ਸਿੱਖਾਂ ਦੇ ਘਰਾਂ 'ਚ ਛਾਪੇਮਾਰੀਆਂ; ਦੋ ਸਿੱਖ ਵੈਬਸਾਈਟਾਂ ਹੋਈਆਂ ਬੰਦ

ਲੰਡਨ: ਅਖਬਾਰੀ ਖ਼ਬਰਾਂ ਤੋਂ ਹਾਸਿਲ ਜਾਣਕਾਰੀ ਮੁਤਾਬਕ ਬਰਤਾਨੀਆ ਦੀ ਵੈਸਟ ਮਿਡਲੈਂਡ ਪੁਲਿਸ ਨੇ ਕੁਝ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਇਹ ਛਾਪੇਮਾਰੀ ਭਾਰਤ ਵਿਚ ਵਾਪਰੀਆਂ ਕੁਝ ਘਟਨਾਵਾਂ ਦੀ ਜਾਂਚ ਨਾਲ ਸਬੰਧਿਤ ਦੱਸੀਆਂ ਜਾ ਰਹੀਆਂ ਹਨ। ਇਹ ਛਾਪੇਮਾਰੀ ਪੁਲਿਸ ਦੇ 'ਅੱਤਵਾਦ ਵਿਰੋਧੀ ਦਸਤੇਂ' ਵਲੋਂ ਕੀਤੀਆਂ ਗਈਆਂ ਹਨ। ਭਾਰਤੀ ਮੀਡੀਆ ਅਦਾਰਿਆਂ ਨੇ ਇਨ੍ਹਾਂ ਛਾਪੇਮਾਰੀਆਂ ਦੀ ਖਬਰ ਨੂੰ ਪ੍ਰਮੁੱਖਤਾ ਨਾਲ ਛਾਪਿਆ ਹੈ ਤੇ ਕੁਝ ਕੁ ਭਾਰਤੀ ਮੀਡੀਆ ਅਦਾਰਿਆਂ ਨੇ ਤਾਂ ਇਨ੍ਹਾਂ ਛਾਪੇਮਾਰੀਆਂ ਨੂੰ ਬੀਤੇ ਦਿਨੀਂ ਹੋਈ ਸਿੱਖ ਫੈਡਰੇਸ਼ਨ ਯੂਕੇ ਦੀ ਸਾਲਾਨਾ ਕਾਨਫਰੰਸ ਨਾਲ ਜੋੜ ਕੇ ਵੀ ਪੇਸ਼ ਕੀਤਾ ਹੈ। ਇਨ੍ਹਾਂ ਛਾਪੇਮਾਰੀਆਂ ਸਬੰਧੀ ਵੈਸਟ ਮਿਡਲੈਂਡ ਪੁਲਿਸ ਨੇ ਆਪਣੇ ਸੋਸ਼ਲ ਮੀਡੀਆਂ ਖਾਤਿਆਂ 'ਤੇ ਵੀ ਜਾਣਕਾਰੀ ਸਾਂਝੀ ਕੀਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਅੱਗੇ ਵੀ ਜਾਰੀ ਰਹੇਗੀ।

**ਦੋ ਸਿੱਖ ਵੈਬਸਾਈਟਾਂ ਹੋਈਆਂ ਬੰਦ** ਜਿੱਥੇ ਇਕ ਪਾਸੇ ਇਹ ਛਾਪੇਮਾਰੀਆਂ ਹੋਈਆਂ, ਉਸਦੇ ਨਾਲ ਹੀ ਦੋ ਸਿੱਖ ਵੈਬਸਾਈਟਾਂ-ਨੈਵਰਫੋਰਗੈਟ84.ਕਾਮ ਅਤੇ 1984 ਟ੍ਰਿਬਿਊਟ.ਕਾਮ ਵੀ ਬੰਦ ਹੋ ਗਈਆਂ ਹਨ। ਇਹਨਾਂ ਵੈਬਸਾਈਟਾਂ 'ਤੇ ਬੀਤੇ ਸਮੇਂ ਦੌਰਾਨ ਭਾਰਤੀ ਕਬਜ਼ੇ ਤੋਂ ਪੰਜਾਬ ਨੂੰ ਅਜ਼ਾਦ ਕਰਾਉਣ ਲਈ ਚੱਲੇ ਸਿੱਖ ਸੰਘਰਸ਼ ਨਾਲ ਸਬੰਧਿਤ ਜਾਣਕਾਰੀ ਪਾਈ ਗਈ ਸੀ। ਇਸ ਸਾਰੇ ਵਰਤਾਰੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬਰਤਾਨੀਆ ਵਿਚ ਸਿੱਖ ਮਸਲਿਆਂ 'ਚ ਸ਼ਾਮਿਲ ਰਹਿਣ ਵਾਲੇ ਅਵਤਾਰ ਸਿੰਘ ਖੰਡਾ ਅਜ਼ਾਦ ਨੇ ਆਪਣੇ ਫੇਸਬੁੱਕ 'ਤੇ ਪਾਈ ਪੋਸਟ ਵਿਚ ਕਿਹਾ ਕਿ ਇਹ ਛਾਪੇਮਾਰੀਆਂ ਹਿੰਦੁਸਤਾਨ ਦੀ ਸਰਕਾਰ ਦੇ ਕਹਿਣ 'ਤੇ ਕੀਤੀਆਂ ਗਈਆਂ ਹਨ ਤੇ ਦੋ ਸਿੱਖ ਵੈਬਸਾਈਟਾਂ ਨੂੰ ਬੰਦ ਕਰ ਦਿੱਤਾ ਹੈ।

## ਭਾਰਤ 'ਚ ਕਈ ਡਾਕਟਰ ਟੀਬੀ ਦੇ ਲੱਛਣਾਂ ਨੂੰ ਪਛਾਣ ਨਹੀਂ ਸਕਦੇ: ਅਧਿਐਨ

ਵਾਸ਼ਿੰਗਟਨ— ਇਕ ਨਵੇਂ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਭਾਰਤ 'ਚ ਨਿੱਜੀ ਖੇਤਰ ਦੇ ਕਈ ਡਾਕਟਰ ਟੀਬੀ ਦੇ ਲੱਛਣਾਂ ਨੂੰ ਪਛਾਣ ਨਹੀਂ ਸਕਦੇ, ਜਿਸ ਨਾਲ ਮਰੀਜ਼ਾਂ ਨੂੰ ਸਹੀ ਇਲਾਜ ਨਹੀਂ ਮਿਲਦਾ। ਤਪੇਦਿਕ ਤੇ ਟੀਬੀ ਹਵਾ ਦੇ ਰਾਹੀਂ ਫੈਲਣ ਵਾਲਾ ਇਨਫੈਕਸ਼ਨ ਹੈ ਜੋ ਭਾਰਤ ਦੇ ਇਲਾਵਾ ਚੀਨ ਤੇ ਇੰਡੋਨੇਸ਼ੀਆ ਸਣੇ ਕਈ ਦੇਸ਼ਾਂ 'ਚ ਜਨ ਸਿਹਤ ਦਾ ਮੁੱਖ ਮੁੱਦਾ ਬਣਿਆ ਹੋਇਆ ਹੈ। ਵਿਸ਼ਵ ਸਿਹਤ ਸੰਗਠਨ (ਡਬਲਿਊ.ਐੱਚ.ਓ.) ਮੁਤਾਬਕ 2017 'ਚ 17 ਲੱਖ ਲੋਕਾਂ ਨੇ ਟੀਬੀ ਤੇ ਤਪੇਦਿਕ ਨਾਲ ਜਾਨ ਗੁਆਈ ਸੀ ਤੇ ਤਪੇਦਿਕ ਸਮਾਪਤੀ ਦੇ ਲਈ ਧਨ ਜੁਟਾਉਣ ਦੇ ਵਾਸਤੇ ਸੰਯੁਕਤ ਰਾਸ਼ਟਰ 'ਚ ਬੁੱਧਵਾਰ ਨੂੰ ਵਿਸ਼ਵ ਸਿਹਤ ਸੰਮੇਲਨ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸਬੰਧ 'ਚ ਮੁੰਬਈ ਤੇ ਪੂਰਬੀ ਪਟਨਾ 'ਚ ਕੀਤੇ ਗਏ ਅਧਿਐਨ 'ਚ ਇਹ ਸਾਹਮਣੇ ਆਇਆ ਕਿ ਸ਼ੁਰੂਆਤੀ ਤੌਰ 'ਤੇ ਦੇਖਭਾਲ ਕਰਨ ਵਾਲੇ ਡਾਕਟਰ, ਜੋ ਕਿ ਮਰੀਜ਼ ਦੇ ਖਾਂਸੀ ਕਰਨ 'ਤੇ ਉਸ ਦਾ ਇਲਾਜ ਸ਼ੁਰੂ ਕਰਦੇ ਹਨ, ਇਸ ਇਨਫੈਕਸ਼ਨ ਨਾਲ ਲੜਾਈ 'ਚ ਸਭ ਤੋਂ ਕਮਜ਼ੋਰ ਕੜੀ ਹਨ। ਇਹ ਅਧਿਐਨ ਬਿਲ ਤੇ ਮਿਲਿੰਡਾ ਗੇਟਸ ਫਾਊਂਡੇਸ਼ਨ ਨੇ ਕਰਵਾਇਆ ਸੀ, ਜਿਸ ਨੂੰ ਮੈਕਗਿਲ ਯੂਨੀਵਰਸਿਟੀ, ਵਿਸ਼ਵ ਬੈਂਕ ਤੇ ਜਾਨ ਹਾਪਕਿੰਸ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਕੀਤਾ ਸੀ। ਇਹ ਅਧਿਐਨ ਪੀ.ਐੱਲ.ਓ.ਐੱਸ. ਮੋਡੀਸਿਨ 'ਚ ਪ੍ਰਕਾਸ਼ਿਤ ਹੋਇਆ ਸੀ। ਇਸ ਨੂੰ 2014 ਤੋਂ 2015 ਦੇ ਵਿਚਾਲੇ 10 ਮਹੀਨੇ ਦੇ ਸਮੇਂ 'ਚ ਕੀਤਾ ਗਿਆ ਸੀ। ਅਧਿਐਨ 'ਚ 1288 ਨਕਲੀ ਰੋਗੀਆਂ ਨੂੰ ਨਿੱਜੀ ਖੇਤਰ ਦੇ ਡਾਕਟਰਾਂ ਦੇ ਕੋਲ ਭੇਜਿਆ ਗਿਆ ਸੀ।

# The ONLY temple in the world outside India dedicated to Shri Shani Maharaj

## Shri SHANI DEV Mandir, New York
## Sarvamangala Shri SANEESWARA Temple, New York

***Regular Poojas' and Homas' are conducted on daily basis:***

***Special Poojas:***

*+ Sri Saneeswara homam*

*+ Sri Saneeswara - parikara pooja*

*+ Sri Saneeswara harati*

*+ Sri Navagraha Homa*

*+ Poornima: vrata Pooja*

*+ Pradosham Pooja*

*+ Sri Sankatahara chaturthi Pooja*

*+ Sri Satyanarayana Vratha*

*+ Birthdays / Weddings / Upanayanam & More... ....*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**

# ਪਾਕਿਸਤਾਨ ਵੱਲੋਂ ਕਸ਼ਮੀਰ ਵਿੱਚ ਭਾਰਤੀ ਜ਼ੁਲਮਾਂ ਬਾਰੇ ਜਾਰੀ ਕੀਤੀ 20 ਟਿਕਟਾਂ ਚਿੱਠੀਸਿੰਘਪੁਰਾ ਬਾਰੇ ਟਿਕਟ ਵੀ ਸ਼ਾਮਲ




ਅੰਮ੍ਰਿਤਸਰ (ਨਰਿੰਦਰਪਾਲ ਸਿੰਘ): ਪਾਕਿਸਤਾਨੀ ਡਾਕ ਤਾਰ ਵਿਭਾਗ ਵਲੋਂ ਭਾਰਤੀ ਕਬਜੇ ਹੇਠਲੇ ਕਸ਼ਮੀਰ ਵਿੱਚ ਸਰਕਾਰੀ ਤੰਤਰ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਬਾਰੇ 20 ਡਾਕ ਟਿਕਟਾਂ ਜਾਰੀ ਕੀਤੀਆਂ ਗਈਆਂ ਹਨ ਜਿਹਨਾਂ ਵਿੱਚ ਇਕ ਇਕ ਟਿਕਟ ਸਾਲ 2000 ਵਿੱਚ ਕਸ਼ਮੀਰ ਵਿੱਚ ਅੰਜ਼ਾਮ ਦਿਤੇ ਗਏ ਚਿੱਟੀ ਸਿੰਘਪੁਰਾ ਕਤਲੇਆਮ ਦੀ ਵੀ ਹੈ। ਪਾਕਿਸਤਾਨ ਵੱਲੋਂ ਜਾਰੀ ਕੀਤੀਆਂ ਗਈਆਂ ਹਾਲੀਆ ਡਾਕ ਟਿਕਟਾ ਜੋ ਅੱਜ-ਕੱਲ੍ਹ ਚਰਚਾ ਵਿੱਚ ਹਨ। ਹੇਠਲੀ ਕਤਾਰ ਵਿੱਚ ਖਬਿਓਂ ਦੂਜੀ ਟਿਕਟ ਚਿੱਠੀ ਸਿੰਘਪੁਰਾ ਕਲਤੇਆਮ ਦੇ ਪੀੜਤਾਂ ਨੂੰ ਸਮਰਪਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਾਕਿਸਤਾਨ ਦੇ ਡਾਕ ਤਾਰ ਵਿਭਾਗ ਵਲੋਂ ਜਾਰੀ ਇਨ੍ਹਾਂ ਟਿਕਟਾਂ ਨੂੰ ਭਾਰਤੀ ਕਬਜੇ ਹੇਠਲੇ ਕਸ਼ਮੀਰ ਵਿੱਚ ਭਾਰਤੀ ਫੌਜ ਤੇ ਹੋਰ ਸੁਰੱਖਿਆ ਏਜੰਸੀਆਂ ਵਲੋਂ ਕਸ਼ਮੀਰ ਦੀ ਅਜਾਦੀ ਲਈ ਲੜਨ ਵਾਲੇ ਅੱਤਵਾਦੀਆਂ ਖਿਲਾਫ ਕਾਰਵਾਈ ਦੀ ਲੜੀ ਤਹਿਤ ਵਰਤੇ ਗਏ ਸਾਧਨਾਂ, ਰਸਾਇਣ ਹਥਿਆਰ, ਬੱਚਿਆਂ ਤੇ ਔਰਤਾਂ ਤੇ ਅਤਿਆਚਾਰ, ਝੂਠੇ ਪੁਲਿਸ ਮੁਕਾਬਲੇ, ਸੰਘਰਸ਼ ਲੜਨ ਵਾਲਿਆਂ ਖਿਲਾਫ ਛੱਰਿਆਂ ਵਾਲੀਆਂ ਬੰਦੂਕਾਂ ਦੀ ਵਰਤੋਂ ਅਤੇ ਆਮ ਲੋਕਾਂ ਨੂੰ ਮਨੁੱਖੀ ਢਾਲ ਵਜੋਂ ਵਰਤਣ ਵਰਗੇ ਵਿਸ਼ਿਆਂ ਨੂੰ ਛੂਹਿਆ ਬਣਾਇਆ ਗਿਆ ਹੈ। ਇਨ੍ਹਾਂ ਵੀਹ ਟਿਕਟਾਂ ਵਿੱਚ ਇੱਕ ਟਿਕਟ ਕਸ਼ਮੀਰ ਦੇ ਚਿੱਟੀਸਿੰਘ ਪੁਰਾ ਵਿਖੇ ਸਾਲ 2000 ਵਿੱਚ ਅੰਜ਼ਾਮ ਦਿੱਤੇ ਗਏ 35 ਸਿੱਖਾਂ ਦੇ ਕਤਲੇਆਮ ਨੂੰ ਸਮਰਪਿਤ ਹੈ। ਬੇਘਰ ਬੱਚਿਆਂ ਦੇ ਸਿਰਲੇਖ ਹੇਠ ਛਾਪੀ ਤੇ ਜਾਰੀ ਕੀਤੀ ਟਿਕਟ ਉਪਰ ਚਿੱਟੀ ਸਿੰਘਪੁਰਾ ਦੇ ਉਨ੍ਹਾਂ ਰੌਂਦੇ ਵਿਲਕਦੇ ਸਿੱਖ ਬੱਚਿਆਂ ਦੀ ਤਸਵੀਰ ਹੈ। ਪਾਕਿਸਤਾਨ ਵਲੋਂ ਜਾਰੀ ਕੀਤੀਆਂ 8 ਰੁਪਏ ਪ੍ਰਤੀ ਟਿਕਟ ਦੀ ਲਾਗਤ ਵਾਲੀਆਂ ਇਨ੍ਹਾਂ ਡਾਕ ਟਿਕਟਾਂ ਨੂੰ ਭਾਰਤ ਸਰਕਾਰ ਤੇ ਇਸਦੀਆਂ ਏਜੰਸੀਆਂ ਜਿਸ ਤਰ੍ਹਾਂ ਮਰਜੀ ਪ੍ਰਭਾਸ਼ਿਤ ਕਰਨ ਪਰ ਇਹ ਜਰੂਰ ਹੈ ਕਿ ਇਨ੍ਹਾਂ ਟਿਕਟਾਂ ਰਾਹੀਂ ਪਾਕਿਸਤਾਨ ਸੰਸਾਰ ਸਾਹਮਣੇ ਇਹ ਸਿੱਧ ਜਰੂਰ ਕਰਦਾ ਨਜਰ ਆ ਰਿਹਾ ਹੈ ਕਿ ਕਸ਼ਮੀਰ ਦੀ ਅਜਾਦੀ ਦੀ ਮੁਸਲਮਾਨਾਂ ਵਲੋਂ ਲੜੀ ਜੰਗ ਵਿੱਚ ਸਰਕਾਰੀ ਤੰਤਰ ਸਿੱਖਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਹੈ। ਜ਼ਿਕਰਯੋਗ ਹੈ ਕਿ 20 ਮਾਰਚ 2000 ਨੂੰ ਤਤਕਾਲੀ ਅਮਰੀਕੀ ਪ੍ਰਧਾਨ ਮੰਤਰੀ ਬਿਲ ਕਲੰਟਿਨ ਦੀ ਭਾਰਤ ਫੇਰੀ ਮੌਕੇ ਭਾਰਤੀ ਫੌਜ ਦੀ ਵਰਦੀ ਵਿੱਚ ਆਏ ਲੋਕਾਂ ਨੇ ਚਿੱਠੀ ਸਿੰਘਪੁਰਾ ਵਿੱਚ 35 ਸਿੱਖਾਂ ਦਾ ਕਤਲੇਆਮ ਕੀਤਾ ਸੀ। ਭਾਰਤੀ ਦਸਤਿਆਂ ਨੇ ਇਸ ਮਾਮਲੇ ਦੇ ਦੋਸ਼ ਵਿੱਚ ਪਾਕਿਸਤਾਨੀ ਦੱਸਦਿਆਂ ਜਿਹਨਾਂ ਲੋਕਾਂ ਨੂੰ ਪਥਰੀਬਲ ਵਿਖੇ ਮਾਰ-ਮੁਕਾਇਆ ਸੀ ਬਾਅਦ ਵਿੱਚ ਉਹਨਾਂ ਬਾਰੇ ਇਹ ਗੱਲ ਸਥਾਪਤ ਹੋ ਗਈ ਸੀ ਕਿ ਉਹ ਅਸਲ ਵਿੱਚ ਕਸ਼ਮੀਰੀ ਨੌਜਵਾਨ ਸਨ ਜਿਹਨਾਂ ਨੂੰ ਭਾਰਤੀ ਦਸਤਿਆਂ ਨੇ ਝੂਠੇ ਮੁਕਾਬਲੇ ਵਿੱਚ ਮਾਰਿਆ ਸੀ। ਸਿੱਖ ਧਿਰਾਂ, ਸਮੇਤ ਸਥਾਨਕ ਸਿੱਖਾਂ ਦੇ, ਇਸ ਮਾਮਲੇ ਲਈ ਭਾਰਤੀ ਦਸਤਿਆਂ ਅਤੇ ਏਜੰਸੀਆਂ ਨੂੰ ਜਿੰਮੇਵਾਰ ਠਹਿਰਾਉਂਦੀਆਂ ਹਨ।

# ਅਟਾਰੀ ਬਾਰਡਰ 'ਤੇ ਬਣਾਈ ਨਵੀਂ ਵਿਜ਼ਟਰ ਗੈਲਰੀ ਲੋਕਾਂ ਲਈ ਖੋਲ੍ਹੀ ਜਾਵੇਗੀ

ਅੰਮ੍ਰਿਤਸਰ : ਭਾਰਤ-ਪਾਕਿਸਤਾਨ ਦੀ ਜੁਆਂਇੰਟ ਚੈੱਕ ਪੋਸਟ ਦੀ ਪਰੇਡ ਵਾਲੀ ਗੈਲਰੀ ਨੂੰ ਪਹਿਲਾਂ ਨਾਲੋਂ ਵੱਡਾ ਕਰ ਦਿੱਤਾ ਗਿਆ ਹੈ ਤਾਂ ਜੋ ਹੋਰ ਜਿਆਦਾ ਲੋਕ ਇਸ ਪਰੇਡ 'ਚ ਸ਼ਾਮਿਲ ਹੋ ਸਕਣ। ਇਸ ਤੋਂ ਬਿਨਾਂ ਗੈਲਰੀ 'ਚ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਵੀ ਦਿੱਤਆਂ ਜਾਣਗੀਆਂ। ਮਿਲੀ ਜਾਣਕਾਰੀ ਦੇ ਅਨੁਸਾਰ ਬਰਾਡਰ ਸੁਰੱਖਿਆ ਬਲ ਦੇ ਡਾਇਰੈਕਟਰ ਜਨਰਲ ਕੇਕੇ ਸ਼ਰਮਾ ਵੱਲੋਂ ਇਸ ਨੂੰ ਅੱਜ ਲੋਕਾਂ ਲਈ ਖੋਲ੍ਹਿਆ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਹੁਣ ਗੈਲਰੀ 'ਚ ਪੰਜ ਹਜਾਰ ਲੋਕ ਹੋਰ ਬੈਠ ਸਕਣਗੇ। ਪਹਿਲਾਂ ਗੈਲਰੀ 'ਚ 20,000 ਹਜਾਰ ਲੋਕ ਬੈਠ ਸਕਦੇ ਸਨ। ਇਸ ਗੈਲਰੀ ਦਾ ਨਿਰਮਾਣ 10 ਮਈ 2015 ਨੂੰ ਹੋਇਆ ਸੀ। ਇਸ 'ਤੇ ਕੁੱਲ 24 ਕਰੋੜ ਦੇ ਕਰੀਬ ਖਰਚ ਆਇਆ ਹੈ। ਇਸ ਦਾ ਨਿਰਮਾਣ 21 ਮਹੀਨਿਆ 'ਚ ਪੂਰਾ ਕੀਤਾ ਜਾਣਾ ਸੀ ਪਰ ਇਸ ਨੂੰ ਪੂਰਾ ਕਰਨ 'ਚ 41 ਮਹੀਨਿਆ ਤੋਂ ਜਿਆਦਾ ਸਮਾਂ ਲੱਗਿਆ। ਬਾਰਡਰ 'ਤੇ ਹੋਣ ਵਾਲੀ ਇਸ ਪਰੇਡ ਨੂੰ ਦੇਖਣ ਲਈ ਲੋਕ ਬੜੀ ਦੂਰ - ਦੁਰਾਡਿਓ ਆਉਂਦੇ ਹਨ। ਇਸ ਪਰੇਡ 'ਚ ਬੜੀ ਗਿਣਤੀ 'ਚ ਦੇਸ਼ ਦੇ ਲੋਕ ਅਤੇ ਇਸ ਤੋਂ ਬਿਨਾਂ ਵਿਦੇਸ਼ੀ ਲੋਕ ਵੀ ਸ਼ਾਮਿਲ ਹੁੰਦੇ ਹਨ। ਇਹ ਪਰੇਡ ਸ਼ਾਮ ਦੇ ਸਮੇਂ ਬਾਰਡਰ ਦੇ ਗੇਟ ਬੰਦ ਕਰਨ ਤੋਂ ਪਹਿਲਾਂ ਹੁੰਦੀ ਹੈ। ਇਸ ਤੋਂ ਬਿਨਾਂ ਇਸ ਗੈਲਰੀ 'ਚ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਦੇਣ ਦੀਆਂ ਵੀ ਤਿਆਰੀਆਂ ਕੀਤੀ ਜਾ ਰਹੀਆ ਹਨ। ਕੇਂਦਰੀ ਲੋਕ ਨਿਰਮਾਣ ਵਿਭਾਗ ਵੱਲੋਂ ਇੱਥੇ ਇੱਕ ਮਿਊਜੀਅਮ, ਪ੍ਰਦਰਸ਼ਨੀ ਦੀਆਂ ਕਿਤਾਬਾਂ ਦੀਆਂ ਦੁਕਾਨਾਂ, 20 ਬੈੱਡ ਦਾ ਹਸਪਤਾਲ ਵੀ ਤਿਆਰ ਕੀਤਾ ਗਿਆ ਹੈ। ਇਸ ਤੋਂ ਬਿਨਾਂ ਬੀ.ਐਸ.ਐਫ. ਲਈ ਇੱਕ ਕਾਨਫਰੰਸ ਹਾਲ ਦਾ ਵੀ ਨਿਰਮਾਣ ਕੀਤਾ ਗਿਆ ਹੈ। ਇਸ ਤੋਂ ਬਿਨਾਂ 11 ਕਮਰਿਆਂ ਤੋਂ ਬਿਨਾਂ ਗਾਰਡ ਰੂਮ ਵੀ ਬਣਾਇਆ ਗਿਆ ਹੈ। ਗੈਲਰੀ ਤਿਆਰ ਹੋਣ ਤੋਂ ਬਾਅਦ ਇੱਥੇ ਇਸ ਦੇ ਦੂਜੇ ਫੇਜ਼ 'ਚ ਇੱਕ ਕੈਫੇਟੀਰੀਆ, ਇੱਕ ਮਿਊਜੀਕਲ ਫਾਊਨਟੇਨ ਅਤੇ ਸੈਲਾਨੀਆਂ ਦੇ ਲਈ ਵਿਸਰਾਮ ਦੇ ਸਥਾਨ ਤੋਂ ਬਿਨਾਂ ਵਾਹਨਾਂ ਲਈ ਪਾਰਕਿੰਗ ਦਾ ਪ੍ਰਬੰਧ ਵੀ ਕੀਤਾ ਗਿਆ ਹੈ ਅਤੇ ਦਰਸ਼ਕਾਂ ਲਈ ਗੈਲਰੀ 'ਚ ਚਾਰ ਲਿਫਟ ਵੀ ਲਾਏ ਜਾਣਗੇ। ਤੁਹਾਨੂੰ ਦੱਸ ਦੇਈਏ ਕਿ ਪਹਿਲਾਂ ਜਗ੍ਹਾ ਘੱਟ ਹੋਣ ਕਾਰਨ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਹ ਹੀ ਨਹੀਂ ਪਰੇਡ ਵਾਲੀ ਥਾਂ 'ਤੇ ਨਾ ਤਾਂ ਕੋਈ ਮਾਰਕੀਟ ਹੈ ਅਤੇ ਨਾ ਹੀ ਕੋਈ ਰੇਸਤਰਾਂ ਹੈ। ਲੋਕਾਂ ਨੂੰ ਪਟਰੀ 'ਤੇ ਹੀ ਸਾਮਾਨ ਵੇਚਣ ਵਾਲਿਆਂ 'ਤੇ ਨਿਰਭਰ ਰਹਿਣਾ ਪੈਂਦਾ ਹੈ।

## ਸ਼ਿਵ ਸੈਨਾ ਹਿੰਦੁਸਤਾਨ ਦੇ ਆਗੂ ਨਿਸ਼ਾਂਤ ਸ਼ਰਮਾ ਨੂੰ ਰੋਪੜ ਜੇਲ੍ਹ ਵਿਚ ਕੁੱਟਿਆ; ਹਸਪਤਾਲ ਦਾਖਲ



ਰੂਪਨਗਰ: ਰੋਪੜ ਜੇਲ੍ਹ ਵਿਚ ਨਜ਼ਰਬੰਦ ਸ਼ਿਵ ਸੈਨਾ ਹਿੰਦੁਸਤਾਨ ਦੇ ਆਗੂ ਨਿਸ਼ਾਂਤ ਸ਼ਰਮਾ ਉੱਤੇ ਜੇਲ੍ਹ ਵਿਚ ਹਮਲਾ ਹੋਣ ਦੀ ਖ਼ਬਰ ਹੈ। ਪ੍ਰਾਪਤ ਜਾਣਕਾਰੀ ਮੁਤਾਬਿਕ ਜ਼ਖਮੀ ਹਾਲਤ ਵਿਚ ਉਸਨੂੰ ਰੋਪੜ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਰੋਪੜ ਅਦਾਲਤ ਨੇ ਨਿਸ਼ਾਂਤ ਸ਼ਰਮਾ ਨੂੰ ਇਕ ਠੱਗੀ ਦੇ ਮਾਮਲੇ ਵਿਚ ਚਾਰ ਸਾਲ ਦੀ ਸਜ਼ਾ ਸੁਣਾਈ ਸੀ। ਨਿਸ਼ਾਨ ਸ਼ਰਮਾ ਸਿੱਖਾਂ ਖਿਲਾਫ ਬਹੁਤ ਕੌੜਾ ਬੋਲਦਾ ਰਿਹਾ ਹੈ ਤੇ ਸਰਕਾਰੀ ਸੁਰੱਖਿਆ ਲੈ ਕੇ ਵਿਚਰਦਾ ਸੀ।

## ਹੁਣ ਨੌਜਵਾਨਾਂ ਨੂੰ ਲੱਗ ਰਿਹਾ ਆਈਸ ਡਰੱਗ ਦਾ ਚਸਕਾ

ਚੰਡੀਗੜ੍ਹ, : ਕਸੌਲੀ ਵਿੱਚ ਇਕ ਰਾਤ ਨੂੰ ਪਾਰਟੀ ਕਰਨ ਦੌਰਾਨ ਇੱਕ 23 ਸਾਲਾ ਲੜਕੇ ਨੂੰ ਖ਼ੂਨ ਦੇ ਤੇਜ਼ ਦਬਾਅ ਅਤੇ ਦਿਲ ਦੀ ਧੜਕਣ ਵਧਣ ਤੋਂ ਬਾਅਦ ਪੋਸਟ ਗਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ.ਜੀ.ਆਈ.ਐਮ.ਈ.ਆਰ.) ਦੇ ਐਮਰਜੈਂਸੀ ਵੌਰਡ ਵਿੱਚ ਲਿਆਂਦਾ ਗਿਆ ਅਤੇ ਜਦੋਂ ਡਾਕਟਰਾਂ ਨੇ ਉਸ ਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਸਨੂੰ ਕਿਸੇ ਨੇ ਨਸ਼ੀਲੇ ਪਦਾਰਥਾਂ ਸਮੇਤ ਆਈਸ ਡਰੱਗ ਦਿੱਤੀ ਗਈ ਸੀ। ਪੀਜੀਆਈ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਉਹ ਅਜਿਹੇ ਮਾਮਲਿਆਂ ਵਿਚ ਵਾਧਾ ਦੇਖ ਰਹੇ ਹਨ, ਜਿੱਥੇ ਨੌਜਵਾਨ ਮਹਿੰਗੇ ਐਮਫੈਟਾਮਾਈਨ-ਕਿਸਮ ਦੇ ਨਸ਼ੇ ਲੈ ਰਹੇ ਹਨ। ਪੰਜ ਤੋਂ ਛੇ ਗੈਰ ਕਾਨੂੰਨੀ ਦਵਾਈਆਂ ਦੀ ਸੂਚੀ ਜਿਸ ਵਿੱਚ ਕ੍ਰਿਸਟਲਿਨ ਮੈਥੰਫੈਟਾਮਾਈਨ ਸ਼ਾਮਲ ਹੈ।

**ਸਭ ਤੋਂ ਮਹਿੰਗਾ ਨਸ਼ਾ :** "ਇਹ ਮਹਿੰਗਾ ਨਸ਼ਾ ਹੈ.ਆਈਸ ਦੇ ਇੱਕ ਗ੍ਰਾਮ ਲਈ ਤੁਹਾਨੂੰ 10,000 ਅਤੇ 20,000 ਦੇ ਵਿਚਕਾਰ ਖ਼ਰਚ ਕਰਨਾ ਪਵੇਗਾ। ਜਦਕਿ ਇੱਕ ਗ੍ਰਾਮ ਦੀ ਹੈਰੋਇਨ ਦੀ ਲਾਗਤ ਚੰਡੀਗੜ ਵਿੱਚ 3500 ਰੁਪਏ ਹੈ।" ਹਾਲਾਂਕਿ ਇਸਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ, ਪਰ ਡਾਕਟਰਾਂ ਨੂੰ ਡਰ ਹੈ ਕਿ ਇਸ ਦੀ ਵਰਤੋਂ ਬਹੁਤ ਨੁਕਸਾਨ ਕਰੇਗੀ

# ਪੰਜਾਬ ਯੂਨੀਵਰਸਿਟੀ ਵਿਚ ਹਿੰਦੀ ਥੋਪਣ ਵਿਰੁੱਧ ਅਤੇ ਮਾਂ-ਬੋਲੀ ਪੰਜਾਬੀ ਲਈ ਖੜੇ ਹੋਏ ਵਿਦਿਆਰਥੀ

ਚੰਡੀਗੜ੍ਹ: ਭਾਰਤੀ ਉਪਮਹਾਂਦੀਪ ਵਿਚ ਸਿਆਸੀ ਗਲਬੇ ਰਾਹੀਂ ਬਾਕੀ ਮਾਂ-ਬੋਲੀਆਂ ਨੂੰ ਖਤਮ ਕਰਕੇ ਹਿੰਦੀ ਥੋਪਣ ਦੀ ਨੀਤੀ ਖਿਲਾਫ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਯੂਨੀਵਰਸਿਟੀ ਪ੍ਰਬੰਧ ਵਲੋਂ ਪੰਜਾਬੀ ਨੂੰ ਨਜ਼ਰਅੰਦਾਜ਼ ਕਰਕੇ ਹਿੰਦੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦਾ ਵਿਰੋਧ ਕਰਦਿਆਂ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਸੱਥ, ਐਸ.ਐਫ.ਐਸ, ਪੀ.ਐਸ.ਯੂ (ਲਲਕਾਰ), ਏ.ਆਈ.ਐਸ.ਏ ਅਤੇ ਐਸ.ਐਫ.ਆਈ ਵਲੋਂ ਇਕ ਸਾਂਝਾ ਮੋਰਚਾ ਬਣਾਇਆ ਗਿਆ ਹੈ, ਜੋ ਯੂਨੀਵਰਸਿਟੀ ਵਿਚ ਪੰਜਾਬੀ ਮਾਂ-ਬੋਲੀ ਨੂੰ ਪਹਿਲੀ ਭਾਸ਼ਾ ਵਜੋਂ ਉਤਸ਼ਾਹਿਤ ਕਰਨ ਦੀ ਮੰਗ ਕਰ ਰਿਹਾ ਹੈ। ਇਸ ਸਬੰਧੀ ਇਹਨਾਂ ਵਿਦਿਆਰਥੀ ਜਥੇਬੰਦੀਆਂ ਵਲੋਂ 27 ਸਤੰਬਰ ਨੂੰ ਸਾਂਝੇ ਤੌਰ 'ਤੇ ਇਕ ਮੰਗ ਪੱਤਰ ਯੂਨੀਵਰਸਿਟੀ ਦੇ ਉਪਕੁਲਪਤੀ ਨੂੰ ਦਿੱਤਾ ਜਾ ਰਿਹਾ ਹੈ। ਗੌਰਤਲਬ ਹੈ ਕਿ ਐਤਵਾਰ ਨੂੰ ਹੋਈ ਯੂਨੀਵਰਸਿਟੀ 'ਸਿੰਡੀਕੇਟ' ਦੀ ਬੈਠਕ ਵਿਚ ਫੈਂਸਲਾ ਕੀਤਾ ਗਿਆ ਸੀ ਕਿ ਯੂਨੀਵਰਸਿਟੀ ਦੇ ਦਫਤਰੀ ਕੰਮ ਕਾਜ ਵਿਚ ਹਿੰਦੀ ਭਾਸ਼ਾ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਇਸ ਨੀਤੀ ਨੂੰ ਸਿਰੇ ਚੜ੍ਹਾਉਣ ਲਈ ਇਕ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ ਹੈ। 20 ਜੁਲਾਈ ਨੂੰ ਬਣਾਈ ਗਈ ਇਸ ਕਮੇਟੀ ਨੂੰ ਸਿੰਡੀਕੇਟ ਬੈਠਕ ਵਿਚ ਪ੍ਰਵਾਨਗੀ ਦੇ ਦਿੱਤੀ ਗਈ ਸੀ। ਇਸ ਦੇ ਨਾਲ ਹੀ ਬੈਠਕ ਵਿਚ ਫੈਂਸਲਾ ਕੀਤਾ ਗਿਆ ਸੀ ਕਿ ਯੂਨੀਵਰਸਿਟੀ ਅੰਦਰ ਹਿੰਦੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਇਕ 'ਹਿੰਦੀ ਡਾਇਰੈਕਟੋਰੇਟ' ਵੀ ਬਣਾਇਆ ਜਾਵੇਗਾ ਜੋ ਹਿੰਦੀ ਭਾਸ਼ਾ ਦੀ ਪ੍ਰਸ਼ਾਸਨਿਕ ਅਤੇ ਦਫਤਰੀ ਕੰਮ ਕਾਜ ਦੀ ਭਾਸ਼ਾ ਵਜੋਂ ਵਰਤੋਂ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਨਾਲ ਨਜਿੱਠੇਗਾ। ਵਿਦਿਆਰਥੀ ਆਗੂਆਂ ਨੇ ਦੱਸਿਆ ਕਿ ਕਿਸੇ ਵੀ ਖਿੱਤੇ ਵਿਚ ਵਸਦੇ ਲੋਕਾਂ ਦੀ ਮਾਂ-ਬੋਲੀ ਨੇ ਉਸ ਖਿੱਤੇ ਦੇ ਅਦਾਰਿਆਂ ਰਾਹੀਂ ਹੀ ਪ੍ਰਫੁੱਲਿਤ ਹੋਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਵਿਦਿਆਰਥੀਆਂ ਵਲੋਂ ਮਾਂ-ਬੋਲੀ ਪੰਜਾਬੀ ਨੂੰ ਯੂਨੀਵਰਸਿਟੀ ਵਿਚ ਉਤਸ਼ਾਹਿਤ ਕਰਨ ਲਈ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਯੂਨੀਵਰਸਿਟੀ ਪ੍ਰਬੰਧਕ ਇਕ ਬਾਹਰੀ ਭਾਸ਼ਾ 'ਹਿੰਦੀ' ਨੂੰ ਆਪ-ਮੁਹਾਰੇ ਉਤਸ਼ਾਹਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਾਂ-ਬੋਲ਼ੀ ਦਾ ਮਰਨਾ, ਸਮਾਜ ਦਾ ਮਰਨਾ ਹੁੰਦਾ ਹੈ ਤੇ ਅਸੀਂ ਇਹ ਕਦੇ ਵੀ ਪ੍ਰਵਾਨ ਨਹੀਂ ਕਰਾਂਗੇ ਕਿ ਸਾਡੀ ਮਾਂ-ਬੋਲੀ ਨੂੰ ਮਾਰ ਕੇ ਕਿਸੇ ਬਾਹਰੀ ਭਾਸ਼ਾ ਨੂੰ ਸਾਡੇ ਉਤੇ ਥੋਪਿਆ ਜਾਵੇ। ਵਿਦਿਆਰਥੀ ਜਥੇਬੰਦੀਆਂ ਨੇ ਸਮੂਹ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਮਾਂ-ਬੋਲੀ ਪੰਜਾਬੀ ਨੂੰ ਬਣਦਾ ਦਰਜਾ ਦਵਾਉਣ ਲਈ ਉਹ ਇਸ ਇਕੱਠ ਦਾ ਹਿੱਸਾ ਬਣਨ ਅਤੇ ਮੰਗ ਪੱਤਰ ਦੇਣ ਮੌਕੇ ਸ਼ਾਮਿਲ ਹੋਣ। ਉਨ੍ਹਾਂ ਕਿਹਾ ਕਿ ਹੋਰ ਵਿਦਿਆਰਥੀ ਜਥੇਬੰਦੀਆਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ ਤੇ ਜੋ ਵੀ ਜਥੇਬੰਦੀ ਇਸ ਸਾਂਝੇ ਮੋਰਚੇ ਵਿਚ ਸ਼ਾਮਿਲ ਹੋਣਾ ਚਾਹੁੰਦੀ ਹੋਈ, ਉਨ੍ਹਾਂ ਨੂੰ ਸ਼ਾਮਿਲ ਕੀਤਾ ਜਾਵੇਗਾ।

# ਪੰਜਾਬੀਆਂ ਨੂੰ ਲਗਾਤਾਰ ਡਸ ਰਿਹਾ ਹੈ ਨਸ਼ੇ ਦਾ ਨਾਗ; ਮੌਤਾਂ ਦਾ ਸਿਲਸਿਲਾ ਜਾਰੀ

ਚੰਡੀਗੜ੍ਹ: ਪੰਜਾਬ ਵਿਚ ਨਸ਼ੇ ਨਾਲ ਮਰ ਰਹੇ ਨੌਜਵਾਨਾਂ ਦੀ ਲੜੀ ਟੁੱਟਣ ਦਾ ਨਾਂ ਨਹੀਂ ਲੈ ਰਹੀ। ਪਿਛਲੇ 40 ਦਿਨਾਂ ਦੌਰਾਨ ਸਿਹਤ ਵਿਭਾਗ ਨੇ ਵਿਸਰੇ ਦੇ 23 ਸੈਂਪਲ ਨਸ਼ੇ ਕਾਰਨ ਹੋਈ ਮੌਤ ਦੇ ਸ਼ੱਕ ਦੇ ਅਧਾਰ 'ਤੇ ਜਾਂਚ ਲਈ ਖਰੜ ਸਥਿਤ ਸੂਬੇ ਦੇ ਜਾਂਚ ਕੇਂਦਰ ਵਿਚ ਭੇਜੇ ਹਨ। ਇਸ ਸਾਲ ਦੌਰਾਨ ਇਸ ਜਾਂਚ ਕੇਂਦਰ ਵਲੋਂ ਇਸ ਤਰ੍ਹਾਂ ਦੇ 105 ਨਮੂਨਿਆਂ ਦੀ ਜਾਂਚ ਕੀਤੀ ਜਾ ਚੁੱਕੀ ਹੈ। ਅਖਬਾਰ ਵਲੋਂ ਛਾਪੇ ਗਏ ਅੰਕੜਿਆਂ ਮੁਤਾਬਕ 26 ਜੁਲਾਈ ਤੋਂ 4 ਸਤੰਬਰ ਦੇ ਸਮੇਂ ਦਰਮਿਆਨ ਵਿਸਰੇ ਦੇ 23 ਸੈਂਪਲ ਜਾਂਚ ਲਈ ਭੇਜੇ ਗਏ ਹਨ। ਇਹਨਾਂ ਵਿਚੋਂ 12 ਦੀ ਮੌਤ ਜੁਲਾਈ ਵਿਚ ਹੋਈ, ਚਾਰ ਦੀ ਅਗਸਤ ਵਿਚ ਜਦਕਿ ਬਾਕੀ ਮੌਤਾਂ ਸਤੰਬਰ ਮਹੀਨੇ ਵਿਚ ਹੋਈਆਂ ਹਨ। ਨਸ਼ੇ ਕਾਰਨ ਬੀਤੇ ਸਮੇਂ ਦੌਰਾਨ ਹੋਈਆਂ ਮੌਤਾਂ ਵਿਚ ਸਭ ਤੋਂ ਖਤਰਨਾਕ ਪਹਿਲੂ ਇਹ ਹੈ ਕਿ ਮਰਨ ਵਾਲਿਆਂ ਵਿਚ 85 ਫੀਸਦੀ 30 ਸਾਲ ਦੀ ਉਮਰ ਤੋਂ ਘੱਟ ਸਨ। ਇਹਨਾਂ ਵਿਚੋਂ ਕੁਝ ਤਾਂ 20 ਸਾਲ ਤੋਂ ਵੀ ਘੱਟ ਉਮਰ ਦੇ ਨੌਜਵਾਨ ਸਨ। ਜਾਂਚ ਤੋਂ ਸਾਹਮਣੇ ਆਇਆ ਹੈ ਕਿ ਮੌਤ ਦਾ ਕਾਰਨ ਬਣਨ ਵਾਲੇ ਨਸ਼ੀਲੇ ਪਦਾਰਥਾਂ ਵਿਚ ਮੋਰਫਿਨ, ਬੇਂਜ਼ੋਡਾਇਜ਼ੇਪਾਈਨ, ਟਰੈਮਾਡੋਲ ਅਤੇ ਕੋਕੀਨ ਸ਼ਾਮਿਲ ਹਨ। ਗੌਰਤਲਬ ਹੈ ਕਿ ਬੇਂਜ਼ੋਡਾਇਜ਼ੇਪਾਈਨ ਨੂੰ ਨਸ਼ਾ ਛੁਡਾਉਣ



ਲਈ ਵੀ ਵਰਤਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਨਸ਼ੇ ਦਾ ਸੰਤਾਪ ਭੋਗ ਰਹੇ ਪੰਜਾਬ ਵਿਚ ਜੁਲਾਈ ਮਹੀਨੇ ਅੰਦਰ ਨਸ਼ੇ ਦਾ ਕਹਿਰ ਸਾਰੀ ਦੁਨੀਆ ਨੇ ਦੇਖਿਆ ਸੀ ਜਦੋਂ ਇਕ ਮਹੀਨੇ ਵਿਚ ਨਸ਼ੇ ਕਾਰਨ 25 ਮੌਤਾਂ ਦਾ ਮਾਮਲਾ ਸਾਹਮਣੇ ਆਇਆ ਸੀ। ਭਾਵੇਂ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਨਸ਼ੇ ਨੂੰ ਖਤਮ ਕਰਨ ਦਾ ਦਾਅਵਾ ਸਾਰੀਆਂ ਹੀ ਪਾਰਟੀਆਂ ਕਰਦੀਆਂ ਰਹੀਆਂ, ਪਰ ਵੋਟਾਂ ਦਾ ਮੌਸਮ ਲੰਘਣ ਤੋਂ ਬਾਅਦ ਨਸ਼ਾ ਭਾਵੇਂ ਨਹੀਂ ਖਤਮ ਹੋਇਆ, ਪਰ ਪੰਜਾਬ ਦਾ ਨੌਜਵਾਨ ਲਗਾਤਾਰ ਖਤਮ ਹੋ ਰਿਹਾ ਹੈ ਤੇ ਸਰਕਾਰਾਂ ਬੇਸ਼ਰਮੀ ਦੀ ਨੀਂਦ ਸੁੱਤੀਆਂ ਪਈਆਂ ਹਨ।

## ਬੀਫ ਨਾਲ ਸਾਬਕਾ ਹਿੰਦੂ ਬੁਆਏਫਰੈਂਡ ਨੂੰ ਤੰਗ ਪ੍ਰੇਸ਼ਾਨ ਕਾਰਨ ਵਾਲੀ ਬਰਤਾਨਵੀ ਸਿੱਖ ਔਰਤ ਨੂੰ ਜੇਲ

ਲੰਡਨ, -ਇਕ ਬਰਤਾਨਵੀ ਸਿੱਖ ਔਰਤ ਨੂੰ ਇਕ ਅਦਾਲਤ ਨੇ ਦੋ ਸਾਲ ਦੀ ਮੁਅੱਤਲ ਸਜ਼ਾ ਦਿੱਤੀ ਹੈ। ਔਰਤ 'ਤੇ ਦੋਸ਼ ਹੈ ਕਿ ਉਸ ਨੇ ਆਪਣੇ ਇਕ ਸਾਬਕਾ ਹਿੰਦੂ ਬੁਆਏਫ੍ਰੈਂਡ ਅਤੇ ਉਸ ਦੇ ਪਰਿਵਾਰ ਨੂੰ ਪ੍ਰੇਸ਼ਾਨ ਕਰਨ ਲਈ ਨਾ ਸਿਰਫ ਨਸਲੀ ਟਿੱਪਣੀਆਂ ਕੀਤੀਆਂ, ਸਗੋਂ ਇਕ ਪੈਕੇਟ ਵਿਚ ਬੀਫ (ਗਊ ਮਾਸ) ਪੈਕ ਕਰ ਕੇ ਉਸ ਦੇ ਘਰ ਦੇ ਦਰਵਾਜ਼ੇ ਦੇ ਬਾਹਰ ਰੱਖ ਦਿੱਤਾ, ਜਿਸ ਕਾਰਨ ਪੀੜਤ ਪਰਿਵਾਰ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ। ਦੱਖਣੀ-ਪੱਛਮੀ ਇੰਗਲੈਂਡ ਦੇ ਸਵਿਨਡਾਨ ਕਰਾਊਨ ਸ਼ਹਿਰ ਦੀ ਅਦਾਲਤ ਨੇ ਸੁਣਵਾਈ ਦੌਰਾਨ ਔਰਤ ਅਮਨਦੀਪ ਵਿਰੁੱਧ ਲਾਏ ਗਏ ਦੋਸ਼ ਠੀਕ ਪਾਏ ਜਾਣ 'ਤੇ 2 ਸਾਲ ਦੀ ਸਜ਼ਾ ਦਿੱਤੀ। ਅਦਾਲਤ ਨੂੰ ਦੱਸਿਆ ਗਿਆ ਕਿ ਅਮਨਦੀਪ ਨੇ ਆਪਣੇ ਸਾਬਕਾ ਬੁਆਏਫ੍ਰੈਂਡ ਦੇ ਪਰਿਵਾਰ 'ਤੇ ਲਗਾਤਾਰ ਹਮਲੇ ਕੀਤੇ, ਅਪਸ਼ਬਦ ਕਹੇ ਅਤੇ ਫੋਨ ਰਾਹੀਂ ਧਮਕੀਆਂ ਦਿੱਤੀਆਂ। ਉਸ ਨੇ ਆਪਣੇ ਇਕ ਦੋਸਤ ਸੰਦੀਪ ਦੀ ਮਦਦ ਨਾਲ ਉਸ ਦੇ ਪਰਿਵਾਰ ਦੀ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਸਿੱਧੇ ਹਮਲੇ ਕੀਤੇ।

# ਜੇਲ੍ਹ 'ਚ ਬੰਦ ਨਿਸ਼ਾਂਤ ਸ਼ਰਮਾ 'ਤੇ ਹੋਏ ਹਮਲੇ 'ਚ 3 ਜੇਲ੍ਹ ਕਰਮਚਾਰੀ ਸਸਪੈਂਡ

ਰੋਪੜ : ਪੰਜਾਬ ਦੀ ਰੋਪੜ ਜੇਲ੍ਹ ਵਿੱਚ ਠੱਗੀ ਦੇ ਮਾਮਲੇ ਵਿੱਚ ਬੰਦ ਇੱਕ ਸ਼ਖਸ ਉੱਤੇ ਬੈਰਕ ਵਿੱਚ ਤਿੰਨ ਕੈਦੀਆਂ ਨੇ ਜਾਨਲੇਵਾ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਉਹ ਸ਼ਖਸ ਬੁਰੀ ਤਰ੍ਹਾਂ ਜਖ਼ਮੀ ਹੋ ਗਿਆ। ਹਮਲਾ ਉਸ ਸਮੇਂ ਕੀਤਾ ਗਿਆ ਜਦੋਂ ਉਹ ਕੈਦੀ ਆਪਣੀ ਬੈਰਕ ਵਿੱਚ ਸੋ ਰਿਹਾ ਸੀ। ਜਾਂਚ ਵਿੱਚ ਪਤਾ ਚੱਲਿਆ ਕਿ ਮੁੱਖ ਆਰੋਪੀ ਹੱਤਿਆ ਦੇ ਮਾਮਲੇ ਵਿੱਚ ਸਜ਼ਾ ਕੱਟ ਰਿਹਾ ਹੈ। ਜਾਣਕਾਰੀ ਦੇ ਮੁਤਾਬਕ ਸ਼ਿਵਸੈਨਾ ਹਿੰਦ ਦੇ ਨੇਤਾ ਨਿਸ਼ਾਂਤ ਸ਼ਰਮਾ ਨੂੰ ਠੱਗੀ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਜਿਸਦੇ ਚਲਦੇ ਇੱਕ ਦਿਨ ਪਹਿਲਾਂ ਹੀ ਉਸਨੂੰ ਰੋਪੜ ਜੇਲ੍ਹ ਵਿੱਚ ਲਿਆਇਆ ਗਿਆ ਹੈ। ਦੂਜੇ ਦਿਨ ਯਾਨੀ ਮੰਗਲਵਾਰ ਦੀ ਸਵੇਰੇ ਕਰੀਬ 9 ਵਜੇ ਉਹ ਆਪਣੀ ਬੈਰਕ ਵਿੱਚ ਹੀ ਸੋ ਰਿਹਾ ਸੀ। ਉਦੋਂ ਰਮਨਦੀਪ ਸਿੰਘ ਬੱਗਾ ਨਾਮ ਦੇ ਕੈਦੀ ਨੇ ਹੋਰ ਦੋ ਕੈਦੀਆਂ ਦੇ ਨਾਲ ਮਿਲਕੇ ਉਸ ਉੱਤੇ ਹਮਲਾ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਨੀਂਦ ਤੋਂ ਉੱਠ ਕੇ ਨਿਸ਼ਾਂਤ ਕੁੱਝ ਸਮਝ ਸਕਦਾ। ਹਮਲਾਵਰਾਂ ਨੇ ਉਸ ਉੱਤੇ ਇੱਟ - ਪੱਥਰ ਨਾਲ ਕਈ ਵਾਰ ਕਰ ਦਿੱਤੇ। ਜਿਸਦੀ ਵਜ੍ਹਾ ਨਾਲ ਉਹ ਗੰਭੀਰ ਰੂਪ ਨਾਲ ਜਖ਼ਮੀ ਹੋ ਗਿਆ। ਹਮਲੇ ਦੇ ਬਾਅਦ ਜਖ਼ਮੀ ਨਿਸ਼ਾਂਤ ਸ਼ਰਮਾ ਨੂੰ ਪੁਲਿਸ ਕਸਟਡੀ ਦੇ ਵਿੱਚ ਜਿਲ੍ਹਾ ਹਸਪਤਾਲ ਲੈ ਜਾਇਆ ਗਿਆ। ਰਿਪੋਰਟ ਦੇ ਮੁਤਾਬਕ ਬੈਰਕ ਦਾ ਇੱਕ ਤਾਲਾ ਜੇਲ੍ਹ ਦੇ ਚੌਕੀਦਾਰ ਨੇ ਖੋਲ੍ਹਿਆ ਸੀ। ਜਦੋਂ ਕਿ ਦੂਜਾ ਤਾਲਾ ਬੱਗਾ ਅਤੇ ਉਸਦੇ ਸਾਥੀਆਂ ਨੇ ਤੋੜ ਦਿੱਤਾ ਸੀ। ਰਮਨਦੀਪ ਸਿੰਘ ਬੱਗਾ, ਹਿੰਦੂ ਨੇਤਾ ਗੁਸਾਈ ਦੀ ਹੱਤਿਆ ਦੇ ਮਾਮਲੇ ਵਿੱਚ ਸਜ਼ਾ ਕੱਟ ਰਿਹਾ ਹੈ। ਪੀੜਤ ਨਿਸ਼ਾਂਤ ਨੂੰ ਠੱਗੀ ਦੇ ਮਾਮਲੇ ਵਿੱਚ ਅਦਾਲਤ ਨੇ 4 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਬੈਰਕ ਵਿੱਚ ਹਮਲੇ ਦੀ ਇਸ ਘਟਨਾ ਦੇ ਬਾਅਦ ਲਾਪਰਵਾਹੀ ਵਰਤਣ ਦੇ ਇਲਜ਼ਾਮ ਵਿੱਚ ਜੇਲ੍ਹ ਦੇ ਹੈਡ ਵਾਰਡਨ ਮਲਕੀਤ ਸਿੰਘ, ਵਾਰਡਨ ਸੋਢੀ ਰਾਮ



ਅਤੇ ਵਾਰਡਨ ਕਸ਼ਮੀਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

# ਮਨਮਰਜ਼ੀਆਂ ਫਿਲਮ ਵਿਵਾਦ: ਅਨੁਰਾਗ ਕਸ਼ਿਅਪ ਦੀ ਮੁਆਫੀ; ਸਿੱਖਾਂ ਨਾਲ ਇਕ ਹੋਰ ਸ਼ਰਾਰਤ

ਚੰਡੀਗੜ੍ਹ: ਵਿਵਾਦਿਤ ਫਿਲਮ ਮਨਮਰਜ਼ੀਆਂ ਵਿਚ ਸਿੱਖ ਭਾਵਨਾਵਾਂ ਨੂੰ ਮਾਰੀ ਗਈ ਸੱਟ ਖਿਲਾਫ ਉੱਠੇ ਸਿੱਖ ਰੋਹ ਦਰਮਿਆਨ ਫਿਲਮ ਦੇ ਨਿਰਦੇਸ਼ਕ ਅਨੁਰਾਗ ਕਸ਼ਿਅਪ ਦਾ ਸ਼ਰਾਰਤ ਭਰਿਆ ਬਿਆਨ ਸਾਹਮਣੇ ਆਇਆ ਹੈ। ਇਸ ਬਿਆਨ ਵਿਚ ਉਸ ਨੇ ਸਿੱਖ ਭਾਵਨਾਵਾਂ ਖਿਲਾਫ ਦਿਖਾਏ ਦ੍ਰਿਸ਼ਾਂ ਨੂੰ ਜਾਇਜ਼ ਦੱਸਣ ਦੀ ਕੋਸ਼ਿਸ਼ ਕੀਤੀ ਹੈ।

ਅਨੁਰਾਗ ਕਸ਼ਿਅਪ ਨੇ ਟਵੀਟ ਕਰਦਿਆਂ ਬੜੇ ਸ਼ਰਾਰਤੀ ਢੰਗ ਨਾਲ ਮੁਆਫੀ ਮੰਗਦਿਆਂ ਨਾਲ ਹੀ ਉਨ੍ਹਾਂ ਸਿੱਖਾਂ ਦਾ ਮਜ਼ਾਕ ਵੀ ਉਡਾਇਆ ਜੋ ਸਿੱਖ ਸਿਧਾਂਤਾਂ ਦਾ ਘਾਣ ਕਰ ਰਹੀ ਅਤੇ ਸਿੱਖ ਕਿਰਦਾਰ ਦੀ ਕਿਰਦਾਰਕੁਸ਼ੀ ਕਰ ਰਹੀ ਇਸ ਫਿਲਮ ਦਾ ਵਿਰੋਧ ਕਰ ਰਹੇ ਹਨ। ਅਨੁਰਾਗ ਕਸ਼ਿਅਪ ਨੇ ਆਪਣੇ ਬਿਆਨ ਵਿਚ ਕਿਹਾ ਕਿ ਜੋ ਲੋਕ ਸਿਰਫ ਮਸ਼ਹੂਰੀ ਲਈ ਇਸ ਫਿਲਮ ਦਾ ਵਿਰੋਧ ਕਰੇ ਹਨ ਉਨ੍ਹਾਂ ਨੂੰ ਉਹ ਮੁਬਾਰਕ ਦਿੰਦਾ ਹੈ ਕਿ ਉਨ੍ਹਾਂ ਨੂੰ ਮਸ਼ਹੂਰੀ ਮਿਲ ਗਈ। ਜਦਕਿ ਅਨੁਰਾਗ ਕਸ਼ਿਅਪ ਇਸ ਤੋਂ ਪਹਿਲਾਂ ਵੀ ਲੋਕਾਂ ਦੀਆਂ ਭਾਵਨਾਵਾਂ ਨਾਲ ਸਬੰਧਿਤ ਮਸਲਿਆਂ ਨਾਲ ਆਪਣੀਆਂ ਫਿਲਮਾਂ ਵਿਚ ਛੇੜਛਾੜ ਕਰਕੇ ਮਸ਼ਹੂਰੀ ਖੱਟਣ ਲਈ ਜਾਣਿਆ ਜਾਂਦਾ ਹੈ। ਅਨੁਰਾਗ ਕਸ਼ਿਅਪ ਨੇ ਆਪਣੇ ਬਿਆਨ ਵਿਚ ਕਿਹਾ ਕਿ ਤਕਨੀਕ ਉਸਨੂੰ ਫਿਲਮ ਵਿਚ ਤਬਦੀਲੀਆਂ ਕਰਨ ਦੀ ਥਾਂ ਨਹੀਂ ਦਿੰਦੀ ਅਤੇ ਤਬਦੀਲੀਆਂ ਨਾਲ ਫਿਲਮ ਦੀ ਕਹਾਣੀ ਖਰਾਬ ਹੋ ਜਾਂਦੀ ਹੈ। ਇਸ ਲਈ ਉਹ ਤਬਦੀਲੀਆਂ ਨਹੀਂ ਕਰ ਸਕਦਾ। ਪਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਆਪਣੇ ਫੇਸਬੁੱਕ ਖਾਤੇ 'ਤੇ ਦਾਅਵਾ ਕੀਤਾ ਹੈ ਕਿ ਭਾਰਤੀ ਫਿਲਮ ਸੈਂਸਰ ਬੋਰਡ ਨੇ ਇਸ ਵਿਵਾਦਿਤ ਫਿਲਮ ਵਿਚੋਂ ਇਤਰਾਜਯੋਗ ਦ੍ਰਿਸ਼ ਕੱਟਣ ਦਾ ਹੁਕਮ ਕੀਤਾ ਹੈ। ਇਸ ਦੌਰਾਨ ਸਿੱਖ ਰਿਚਰਚ ਇੰਸਟੀਚਿਊਟ ਨਾਲ ਸਬੰਧਿਤ ਰਹੇ ਹਰਿੰਦਰ ਸਿੰਘ ਨੇ ਅਨੁਰਾਗ ਕਸ਼ਿਅਪ ਨੂੰ ਟਵੀਟ ਕਰਕੇ ਸਵਾਲ ਪੁੱਛਿਆ ਹੈ ਕਿ ਜਦੋਂ ਉਹ ਕਹਿ ਰਿਹਾ ਹੈ ਕਿ ਤਕਨੀਕੀ ਕਾਰਨਾਂ ਕਰਕੇ ਫਿਲਮ ਵਿਚ ਤਬਦੀਲੀ ਨਹੀਂ ਕੀਤੀ ਜਾ ਸਕਦੀ ਤਾਂ ਹੁਣ ਇਹ ਤਬਦੀਲੀ ਕਿਵੇਂ ਹੋ ਰਹੀ ਹੈ। ਫਿਲਹਾਲ ਇਸ ਸਵਾਲ ਦਾ ਉਸਨੇ ਕੋਈ ਜਵਾਬ ਨਹੀਂ ਦਿੱਤਾ ਸੀ। ਫਿਲਮ ਵਿਚ




ਸਿੱਖ ਕਿਰਦਾਰ ਦੀ ਕਿਰਦਾਰਕੁਸ਼ੀ ਕਰਦੇ ਦ੍ਰਿਸ਼ਾਂ ਨੂੰ ਜਾਇਜ਼ ਠਹਿਰਾਉਣ ਲਈ ਬੜੇ ਸ਼ਰਾਰਤੀ ਢੰਗ ਨਾਲ ਅਨੁਰਾਗ ਕਸ਼ਿਅਪ ਨੇ ਆਪਣੇ ਬਿਆਨ ਵਿਚ ਕਿਹਾ ਕਿ ਫਿਲਮ ਦੀ ਕਹਾਣੀ ਕੁਝ ਲੋਕਾਂ ਦੀ ਹੈ ਨਾ ਕਿ ਇਹ ਸਿੱਖ ਧਰਮ ਦੀ ਕਹਾਣੀ ਹੈ। ▲ਅਨੁਰਾਗ ਕਸ਼ਿਅਪ ਵਲੋਂ ਦਿੱਤਾ ਇਹ ਤਰਕ ਕੋਈ ਨਵਾਂ ਨਹੀਂ ਹੈ। ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਅਸਿਸਟੈਂਟ ਪ੍ਰੋਫੈਸਰ ਡਾ. ਸਿਕੰਦਰ ਸਿੰਘ ਦਾ ਕਹਿਣਾ ਹੈ, ਨਿੱਜੀ ਰੂਪ ਵਿਚ ਇਨ੍ਹਾਂ ਗੱਲਾਂ ਦਾ ਕੋਈ ਵੀ ਪਰਸੰਗ ਹੋ ਸਕਦਾ ਹੈ ਪਰ ਇਥੇ ਮਸਲਾ ਨਿੱਜ ਤੱਕ ਮਹਿਦੂਦ ਨਹੀਂ, ਸਗੋਂ ਵਰਤਮਾਨ ਸਮੇਂ ਦੇ ਜੋਰਦਾਰ ਰੂਪਾਕਾਰ ▼ਫਿਲਮ▼ ਦਾ ਹੈ, ਜਿਸ ਦਾ ਅਸਰ ਸਾਰੇ ਸਮਾਜ ਤੱਕ ਪਹੁੰਚਦਾ ਹੈ। ਫਿਲਮ ਵਿਚ ਕਹਾਣੀ ਬੇਸ਼ਕ ਕਿਸੇ ਪਾਤਰ ਦੇ ਨਿੱਜ ਦੀ ਹੋਵੇ ਪਰ ਉਸ ਨੂੰ ਆਮ ਸਮਾਜ ਵਿਚ ਵਾਪਰਨ ਵਾਲੀਆਂ ਨਿੱਜੀ ਘਟਨਾਵਾਂ ਵਾਂਗ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਜਦੋਂ ਕੋਈ ਘਟਨਾ ਫਿਲਮ ਰਾਹੀਂ ਸਾਹਮਣੇ ਆਉਂਦੀ ਹੈ ਤਾਂ ਉਦੋਂ ਉਹ ਨਿੱਜੀ ਨਹੀਂ, ਸਗੋਂ ਬਹੁਤ ਸਾਰੇ ਨਿੱਜਾਂ ਦੀ ਪ੍ਰਤੀਨਿਧ ਹੁੰਦੀ ਹੈ। ਇਹ ਵਪਾਰਕ ਚਲਾਕੀ ਹੈ ਕਿ ਜਦੋਂ ਆਪਣੀ ਗੱਲ ਦਾ ਪੱਖ ਪੂਰਨਾ ਹੈ ਜਾਂ ਕਿਸੇ ਘਟਨਾ/ ਦ੍ਰਿਸ਼ ਨੂੰ ਇਤਰਾਜ ਤੋਂ ਬਚਾਉਣਾ ਹੈ ਤਾਂ ਉਸ ਨੂੰ ਵਿਅਕਤੀਗਤ ਪੱਧਰ ਤੱਕ ਘਟਾ ਲਿਆ ਜਾਂਦਾ ਹੈ, ਜਦੋਂ ਉਸ ਤੋਂ ਮੁਨਾਫਾ ਕਮਾਉਣ ਦੀ ਗੱਲ ਹੈ ਤਾਂ ਉਸ ਨੂੰ ਤਮਾਮ ਸਮਾਜ-ਸਭਿਆਚਾਰ ਤੱਕ ਵਧਾ ਲਿਆ ਜਾਂਦਾ ਹੈ।

## ਹਿੰਦੀ ਫਿਲਮ 'ਮਨਮਰਜ਼ੀਆਂ' 'ਚ ਸਿੱਖਾਂ ਦੀ ਕਿਰਦਾਰਕੁਸ਼ੀ

ਚੰਡੀਗੜ੍ਹ: ਹਿੰਦੀ ਫਿਲਮਾਂ ਵਿਚ ਸਿੱਖ ਪ੍ਰੰਪਰਾਵਾਂ ਦਾ ਮਜ਼ਾਕ ਪਹਿਲਾਂ ਵੀ ਕਈ ਵਾਰ ਉਡਾਇਆ ਜਾ ਚੁੱਕਾ ਹੈ ਤੇ ਸਿੱਖਾਂ ਵੱਲੋਂ ਹਰ ਵਾਰ ਵਿਰੋਧ ਵੀ ਕੀਤਾ ਜਾ ਚੁੱਕਾ ਹੈ ਪਰ ਕੁਝ ਸ਼ਰਾਰਤੀ ਕਿਸਮ ਦੇ ਲੋਕ ਤੇ ਕੁਝ ਪੈਸੇ ਦੇ ਲਾਲਚੀ ਅਜਿਹੀਆਂ ਹਰਕਤਾਂ ਕਰਨ ਤੋਂ ਹਟਦੇ ਨਹੀਂ ਹਨ। ਸਿੱਖ ਧਰਮ ਦਾ ਮਜ਼ਾਕ ਬਣਾਉਂਦੀ ਇਕ ਹੋਰ ਹਿੰਦੀ ਫਿਲਮ 'ਮਨਮਰਜ਼ੀਆਂ' ਰਿਲੀਜ਼ ਹੋਈ ਹੈ। ਸਿੱਖ ਇਸ ਫਿਲਮ ਦਾ ਵਿਰੋਧ ਕਰ ਰਹੇ ਹਨ। ਜਾਣਕਾਰੀ ਮੁਤਾਬਕ ਇਸ ਫਿਲਮ ਵਿਚ ਸਿੱਖ ਧਰਮ ਦਾ ਮਜ਼ਾਕ ਉਡਾਉਣ ਵਾਲੀਆਂ ਇੱਕ ਤੋਂ ਵੱਧ ਹਰਕਤਾਂ ਕੀਤੀਆਂ ਗਈਆਂ ਹਨ। ਫਿਲਮ 'ਚ ਅਭਿਸ਼ੇਕ ਬਚਨ ਨੂੰ ਸਿੱਖ ਪਹਿਰਾਵੇ 'ਚ ਦਿਖਾਇਆ ਗਿਆ ਹੈ। ਦਸਤਾਰ ਉਤਾਰਨ ਤੋਂ ਬਾਅਦ ਉਸ ਦਾ ਸਿਗਰਟ ਪੀਣਾ ਅਤੇ ਅਨੰਦ ਕਾਰਜ ਸਿੱਖ ਰਹਿਤ ਮਰਿਯਾਦਾ ਨਾਲ ਨਾ ਕਰਨ 'ਤੇ ਸਿੱਖਾਂ ਵੱਲੋਂ ਇਸ ਫਿਲਮ ਦਾ ਵਿਰੋਧ ਕੀਤਾ ਜਾ ਰਿਹਾ ਹੈ। ਵਿਸ਼ਾ ਸੱਚਮੁੱਚ ਬਹੁਤ ਗੰਭੀਰ ਹੈ। ਦਲ ਖਾਲਸਾ ਦੇ ਭਾਈ ਗਜਿੰਦਰ ਸਿੰਘ ਨੇ ਕਿਹਾ ਹੈ ਕਿ ਇਹੋ ਜਿਹੀਆਂ ਫਿਲਮਾਂ ਦਾ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ ਤੇ ਇਸ ਰੁਝਾਨ ਨੂੰ ਠੱਲ੍ਹ ਪੈਣੀ ਚਾਹੀਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫਿਲਮ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ. ਨੇ ਇਸ ਬਾਰੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਤੇ ਸੈਂਸਰ ਬੋਰਡ ਦੇ ਮੁੱਖੀ ਨੂੰ ਚਿੱਠੀ ਲਿਖਦੇ ਹੋਏ ਸੈਂਸਰ ਬੋਰਡ 'ਚ ਇਕ ਸਿੱਖ ਮੈਂਬਰ ਦੀ ਨਿਯੁਕਤੀ ਪੱਕੇ ਤੌਰ 'ਤੇ ਕਰਨ ਦੀ ਮੰਗ ਕੀਤੀ ਹੈ। ਸਿੱਖ ਜਥੇਬੰਦੀਆਂ ਵਲੋਂ ਇਸ ਫ਼ਿਲਮ ਵਿਰੁੱਧ ਭਾਰੀ ਰੋਸ ਪ੍ਰਗਟਾਇਆ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਕਿਰਦਾਰਾਂ ਨੇ ਸਿੱਖ ਹੋਣ ਦੇ ਬਾਵਜੂਦ ਸਿਗਰਟਾਂ ਦੇ ਸੂਟੇ ਖਿੱਚੇ ਹਨ। ਸਿੱਖ ਫ਼ਲਸਫ਼ੇ ਵਿਚ ਸਿਗਰਟ ਪੀਣ ਦੀ ਸਖ਼ਤ ਮਨਾਹੀ ਹੈ। ਸਿਗਰਟ ਪੀਣਾ ਸਿੱਖ ਧਰਮ ਵਿਚ ਬੱਜਰ ਕੁਰਹਿਤ ਹੈ। ਤਕਲੀਫ਼ ਹੁੰਦੀ ਹੈ ਜਦੋਂ ਵੱਡੇ ਪਰਦੇ ਉਤੇ ਸਿੱਖਾਂ ਨੂੰ ਸਿਗਰਟ ਪੀਂਦੇ ਵਿਖਾਇਆ ਜਾਂਦਾ ਹੈ। ਸੈਂਸਰ ਬੋਰਡ ਕਈ ਸਾਲਾਂ



ਤੋਂ ਸਿੱਖ ਵਿਚਾਰਧਾਰਾ ਵਿਰੋਧੀ ਫਿਲਮਾਂ ਨੂੰ ਪ੍ਰਦਰਸ਼ਨ ਕਰਨ ਦੀ ਮਨਜ਼ੂਰੀ ਦੇ ਰਿਹਾ ਹੈ, ਜਿਸ 'ਚ ਮਨਮਰਜ਼ੀਆਂ, ਡਿਸ਼ੂਮ, ਸੰਤਾ-ਬੰਤਾ ਅਤੇ ਨਾਨਕਸ਼ਾਹ ਫਕੀਰ ਵਰਗੀਆਂ ਵਿਵਾਦਿਤ ਫਿਲਮਾਂ ਨੂੰ ਸੈਂਸਰ ਬੋਰਡ ਵੱਲੋਂ ਪਾਸ ਕਰਨਾ ਸਿਨੇਮਾਟੋਗ੍ਰਾਫ ਐਕਟ ਅਤੇ ਉਸ ਦੇ ਨਿਯਮਾਂ ਦੀ ਉਲੰਘਣਾ ਹੈ। ਸੈਂਸਰ ਬੋਰਡ ਲਈ ਫਿਲਮ ਨੂੰ ਪਾਸ ਕਰਨ ਵੇਲੇ ਇਸ ਗੱਲ ਨੂੰ ਜ਼ਰੂਰੀ ਤੌਰ 'ਤੇ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਫਿਲਮ ਸਮਾਜ ਦੇ ਪ੍ਰਤੀ ਜਵਾਬਦੇਹ ਅਤੇ ਸਮਾਜ ਦੀਆਂ ਭਾਵਨਾਵਾਂ ਨੂੰ ਬੌਧਿਕ ਪੱਧਰ 'ਤੇ ਕਾਇਮ ਰੱਖਣ 'ਚ ਸਮਰਥ ਹੋਵੇ।

# ਕਰਤਾਪੁਰ ਲਾਂਘੇ ਤੇ ਭਾਰਤ-ਪਾਕ ਰਿਸ਼ਤਿਆਂ ਬਾਰੇ ਨੌਜਵਾਨ ਇਹ ਸੋਚਦੇ ਹਨ



GURPREET CHAWLA/BBC

ਸਨਪ੍ਰੀਤ ਕੌਰ ਦਾ ਕਹਿਣਾ ਹੈ ਦੂਰਬੀਨ ਨਾਲ ਤਾਂ ਦਰਸ਼ਨ ਵੀ ਸਹੀ ਨਹੀਂ ਹੋ ਰਹੇ, ਇਸ ਲਈ ਲਾਂਘਾ ਖੁੱਲ੍ਹਣਾ ਚਾਹੀਦਾ ਹੈ ਗੁਆਂਢੀ ਦੇਸ ਪਾਕਿਸਤਾਨ ਨਾਲ ਭਾਰਤ ਦੇ ਸਬੰਧਾਂ ਬਾਰੇ ਅੱਜ ਦੇ ਹਾਲਾਤ ਚੰਗੇ ਨਹੀਂ ਦਿੱਖ ਰਹੇ ਹਨ। ਬੀਤੇ ਦਿਨੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਲੋਂ ਭਾਰਤ ਨਾਲ ਦੋਵਾਂ ਦੇਸਾਂ ਦੇ ਸੰਬੰਧਾਂ ਬਾਰੇ ਗੱਲਬਾਤ ਕਰਨ ਦਾ ਮਤਾ ਦਿੱਤਾ ਗਿਆ ਸੀ।

ਜਿਸ ਦੇ ਤਹਿਤ ਭਾਰਤ ਨੇ ਪਹਿਲਾਂ ਤਾਂ ਹਾਂ ਪੱਖੀ ਰਵੱਈਆ ਦਿਖਾਇਆ ਪਰ ਜੰਮੂ ਕਸ਼ਮੀਰ ਵਿੱਚ ਸੁਰੱਖਿਆ ਮੁਲਾਜ਼ਮਾਂ ਨੂੰ ਅਗਵਾ ਕਰਕੇ ਕਤਲ ਕੀਤੇ ਜਾਣ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਪਾਕਿਸਤਾਨ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਉਥੇ ਹੀ ਭਾਰਤ -ਪਾਕਿਸਤਾਨ ਦੀ ਹੋਣ ਵਾਲੀ ਮੁਲਾਕਾਤ 'ਚ ਨਾਨਕ ਨਾਮ ਲੇਵਾ ਸੰਗਤਾਂ ਨੂੰ ਉਮੀਦ ਸੀ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮੰਗ ਨੂੰ ਲੈ ਕੇ ਕੁਝ ਨਤੀਜੇ ਸਾਹਮਣੇ ਆਉਣਗੇ ਅਤੇ ਉਨ੍ਹਾਂ ਦੀਆਂ ਅਰਦਾਸਾਂ ਪੂਰੀਆਂ ਹੋਣਗੀਆਂ।

ਉੱਥੇ ਹੀ ਇਹਨਾਂ ਸੰਗਤਾਂ 'ਚ ਨੌਜਵਾਨ ਪੀੜੀ ਹਰ ਦਿਨ ਬਦਲ ਰਹੇ ਹਾਲਾਤਾਂ 'ਤੇ ਦੋਵਾਂ ਦੇਸਾਂ ਦੇ ਹੁਕਮਰਾਨਾਂ ਦੀ ਬਿਆਨਬਾਜ਼ੀ 'ਤੇ ਵੱਖ-ਵੱਖ ਰਾਇ ਰੱਖਦੀ ਹੈ।

**ਨੌਜਵਾਨਾਂ ਦੀ ਪ੍ਰਤੀਕਿਰਿਆ**

ਇਤਿਹਾਸ ਵੱਲ ਝਾਤ ਮਾਰੀਏ ਤਾਂ 22 ਸਤੰਬਰ 1539 'ਚ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਵਿਖੇ ਜੋਤੀ ਜੋਤ ਸਮਾਏ ਸਨ ਪਰ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਸ ਵਾਰ 4 ਅਕਤੂਬਰ ਨੂੰ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ ਦੱਸਿਆ ਜਾ ਰਿਹਾ ਹੈ।

ਉਨ੍ਹਾਂ ਮੁਤਾਬਕ ਉਥੇ ਹੀ ਅੱਜ ਵੱਡੀ ਗਿਣਤੀ 'ਚ ਨਾਨਕ ਨਾਮ ਲੇਵਾ ਸੰਗਤ ਦੂਰ ਦੁਰਾਢਿਓਂ ਭਾਰਤ -ਪਾਕਿਸਤਾਨ ਸਰਹੱਦ 'ਤੇ ਭਾਰਤ ਵੱਲ ਲੱਗੀ ਕੰਡਿਆਲੀ ਤਾਰ ਦੇ ਨੇੜੇ ਬੀਐਸਐਫ ਵਲੋਂ ਬਣਾਏ ਗਏ ਸ੍ਰੀ ਕਰਤਾਰਪੁਰ ਸਥਲ ਵਿਖੇ ਸੰਗਤਾਂ ਦਰਸ਼ਨਾਂ ਲਈ ਪਹੁੰਚੀਆਂ ਸਨ।

ਜਲੰਧਰ ਨੇੜੇ ਪੈਂਦੇ ਕਰਤਾਰਪੁਰ ਤੋਂ ਆਈ ਰਾਜਿੰਦਰ ਕੌਰ ਮੁਤਾਬਕ ਭਾਰਤ -ਪਾਕਿਸਤਾਨ ਦੇ ਰਿਸ਼ਤੇ ਤਾਂ ਹੀ ਸੁਧਰ ਸਕਦੇ ਹਨ ਜੇ ਦੋਵਾਂ ਦੇਸ਼ਾ ਦੀਆਂ ਸਰਕਾਰਾਂ ਆਪਸ 'ਚ ਗੱਲਬਾਤ ਕਰਨ।

ਉਨ੍ਹਾਂ ਕਿਹਾ, "ਜੇ ਭਾਰਤ ਗੱਲਬਾਤ ਨਹੀਂ ਕਰਨਾ ਚਾਉਂਦਾ ਤਾਂ ਫਿਰ ਆਪਣੇ ਜਵਾਨ ਸ਼ਹੀਦ ਹੋਣ ਦੇ ਇੰਤਜ਼ਾਰ 'ਚ ਕਿਉਂ ਰਹਿੰਦਾ ਹੈ ਭਾਰਤ ਸਰਕਾਰ ਵੀ ਤਾਂ ਕੋਈ ਠੋਸ ਜਵਾਬ ਪਾਕਿਸਤਾਨ ਨੂੰ ਨਹੀਂ ਦੇ ਰਹੀ ਉਲਟਾ ਰੋਜ਼ਾਨਾ ਸਰਹੱਦ 'ਤੇ ਜਵਾਨ ਮਰ ਰਹੇ ਹਨ।''

ਰਾਜਿੰਦਰ ਨੇ ਆਖਿਆ, "ਦੋਵੇਂ ਦੇਸ ਦੇ ਨੇਤਾ ਮਹਿਜ਼ ਰਾਜਨੀਤੀ ਕਰਨ ਤੋਂ ਇਲਾਵਾ ਕੁਝ ਨਹੀਂ ਕਰ ਰਹੇ ਤੇ ਅਵਾਮ ਨੂੰ ਗੁੰਮਰਾਹ ਕਰ ਰਹੇ ਹਨ।"

ਸਨਪ੍ਰੀਤ ਕੌਰ ਨੇ ਆਖਿਆ ਕਿ ਉਹ ਪਹਿਲੀ ਵਾਰ ਇੱਥੇ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਪਹੁੰਚੇ ਹਨ ਅਤੇ ਦੂਰਬੀਨ ਨਾਲ ਤਾਂ ਦਰਸ਼ਨ ਵੀ ਸਹੀ ਨਹੀਂ ਹੋ ਰਹੇ।

ਉਨ੍ਹਾਂ ਦਾ ਕਹਿਣਾ ਹੈ, "ਖੁੱਲ੍ਹਾ ਲਾਂਘਾ ਮਿਲਣਾ ਚਾਹੀਦਾ ਹੈ ਪਰ ਉਹ ਸੰਭਵ ਨਹੀਂ ਲੱਗ ਰਿਹਾ ਕਿਉਂਕਿ ਪਾਕਿਸਤਾਨ ਤੇ ਭਾਰਤ ਆਪਸ 'ਚ ਸਮਝੌਤਾ ਨਹੀਂ ਕਰਨਾ ਚਾਹੁੰਦੇ ਅਤੇ ਬਿਆਨਬਾਜ਼ੀ ਹੀ ਹੋ ਰਹੀ ਹੈ।"


ਲੁਧਿਆਣਾ ਤੋਂ ਆਈ ਹਰਪ੍ਰੀਤ ਕੌਰ ਨੇ ਆਖਿਆ ਕਿ ਦੋਵਾਂ ਦੇਸ਼ਾ ਚ ਸ਼ਾਂਤੀ ਹੋ ਸਕਦੀ ਹੈ ਜੇਕਰ ਭਾਰਤ ਪਾਕਿਸਤਾਨ ਦੇ ਰਾਜਨੇਤਾ ਚਾਹੁਣ ਲੇਕਿਨ ਹੋ ਨਹੀਂ ਰਿਹਾ ਅਤੇ ਅੰਦਰ ਦੀ ਸਚਾਈ ਵੀ ਜਨਤਾ ਸਾਹਮਣੇ ਨਹੀਂ ਹੈ।

ਜੇਕਰ ਭਾਰਤ ਪਾਕਿਸਤਾਨ ਦੇ ਰਾਜਨੇਤਾ ਚਾਹੁਣ ਲੇਕਿਨ ਹੋ ਨਹੀਂ ਰਿਹਾ ਅਤੇ ਅੰਦਰ ਦੀ ਸਚਾਈ ਵੀ ਜਨਤਾ ਸਾਹਮਣੇ ਨਹੀਂ ਹੈ। ਪਾਕਿਸਤਾਨ 'ਚ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦੂਰਬੀਨ ਨਾਲ ਦਰਸ਼ਨ ਕਰਨ ਪਹੁੰਚੇ ਜਲੰਧਰ ਦੇ ਨੌਜਵਾਨ ਜਗਦੀਪ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਰਾਇ ਹੈ ਕਿ ਇਹ ਰਸਤਾ ਨਹੀਂ ਖੁੱਲਣਾ ਚਾਹੀਦਾ ਜੇਕਰ ਇਹ ਰਸਤਾ ਖੁੱਲ੍ਹਦਾ ਹੈ ਤਾਂ ਭਾਰਤ 'ਚ



ਘੁਸਪੈਠ ਦਾ ਖ਼ਤਰਾ ਹਮੇਸ਼ਾ ਬਣਿਆ ਰਹੇਗਾ।

ਜਗਦੀਪ ਸਿੰਘ ਮੁਤਾਬਕ ਭਾਰਤ ਸਰਕਾਰ ਨੇ ਗੱਲਬਾਤ ਤੋਂ ਇਨਕਾਰ ਕਰਕੇ ਬਹੁਤ ਵਧੀਆ ਕੀਤਾ ਹੈ ਜਗਦੀਪ ਸਿੰਘ ਨੇ ਮੁਤਾਬਕ "ਇਹ ਬਿਲਕੁਲ ਠੀਕ ਹੈ ਕਿ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਨਾਲ ਗੱਲਬਾਤ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਗਈ ਹੈ ਕਿਉਂਕਿ ਇਕ ਪਾਸੇ ਰੋਜ਼ ਪਾਕਿਸਤਾਨ ਸਰਹੱਦ 'ਤੇ ਭਾਰਤੀ ਜਵਾਨ ਮਾਰੇ ਜਾ ਰਹੇ ਹਨ ਅਤੇ ਦੂਜੇ ਪਾਸੇ ਉਹ ਸ਼ਾਂਤੀ ਦੀ ਗੱਲ ਆਖ ਰਹੇ ਹਨ।" ਗੁਰਦਸਪੁਰ ਤੋਂ ਆਏ ਨੌਜਵਾਨ ਸੰਜੂ ਕੁਮਾਰ ਮੁਤਾਬਕ, "ਜੇਕਰ ਪਾਕਿਸਤਾਨ ਇੱਕ ਗੋਲੀ ਚਲਾਵੇ ਤਾਂ ਭਾਰਤ ਨੂੰ ਦੋ 'ਚ ਜਵਾਬ ਦੇਣਾ ਚਾਹੀਦਾ ਹੈ ਅਤੇ ਜੇ ਪਿਆਰ ਦਾ ਇੱਕ ਕਦਮ ਅਗੇ ਵਧਾਵੇ ਤਾਂ ਭਾਰਤ ਨੂੰ ਵੀ ਚਾਰ ਕਦਮ ਅੱਗੇ ਹੋਣਾ ਚਾਹੀਦਾ ਹੈ।" ਕਰਤਾਰਪੁਰ ਦਰਸ਼ਨ ਸਥਲ 'ਤੇ ਕਈ ਸਾਲਾਂ ਤੋਂ ਬਜ਼ੁਰਗ ਕਰਤਾਰ ਸਿੰਘ ਰੋਜ਼ਾਨਾ ਉਥੇ ਸ਼ਬਦ ਗਾਇਨ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਲਾਂਘਾ ਜੋ ਸੰਗਤ ਮੰਗਦੀ ਹੈ ਉਹ ਡੇਰਾ ਬਾਬਾ ਨਾਨਕ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ 'ਚ ਨਤਮਸਤਕ ਹੋਣ ਉਥੇ ਵੀ ਬਾਬਾ ਨਾਨਕ ਹੈ। ਇਹ ਮੰਗ ਆਉਣ ਵਾਲੇ ਸਮੇਂ 'ਚ ਇਕ ਕਲ੍ਹ (ਕਲੇਸ਼) ਵੀ ਸਾਬਿਤ ਹੋ ਸਕਦੀ ਹੈ।



# ਚੀਨ ਅਮਰੀਕਾ ਵਪਾਰ ਜੰਗ ਅਤੇ ਸੰਸਾਰ ਸ਼ਕਤੀਆਂ

ਚੀਨ ਅਮਰੀਕਾ ਵਪਾਰਕ ਜੰਗ ਨੇ ਪਹਿਲਾਂ ਹੀ ਸੰਕਟ ਵਿਚ ਫਸੀ ਸੰਸਾਰ ਪੂੰਜੀਵਾਦੀ ਅਰਥਚਾਰੇ ਨੂੰ ਕੰਬਣੀ ਛੇੜੀ ਹੋਈ ਹੈ।ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਅਤੇ ਹੋਰ ਮੁਲਕਾਂ ਨੂੰ ਝੁਕਾਉਣ ਲਈ ਅਮਰੀਕਾ ਅੰਦਰ ਸਟੀਲ ਦੀਆਂ ਦਰਾਮਦਾਂ 'ਤੇ 25 ਫ਼ੀਸਦੀ ਅਤੇ ਐਲਮੀਨੀਅਮ ਦੀਆਂ ਦਰਾਮਦਾਂ 'ਤੇ 10 ਫ਼ੀਸਦੀ ਕਸਟਮ ਡਿਊਟੀਆਂ ਲਾਈਆਂ।

ਚੀਨ ਨੇ ਵੀ ਮੋੜਵੇਂ ਰੂਪ ਵਿਚ ਅਮਰੀਕਾ ਦੀਆਂ ਆਪਣੇ ਮੁਲਕ ਅੰਦਰ ਦਰਾਮਦਾਂ ਉਪਰ ਓਨੀਆਂ ਹੀ ਕਸਟਮ ਡਿਊਟੀਆਂ ਲਾ ਕੇ ਜਵਾਬੀ ਕਾਰਵਾਈ ਕੀਤੀ।ਟਰੰਪ ਨੇ ਹੋਰ ਦਬਾਅ ਵਧਾਉਣ ਲਈ ਚੀਨ ਦੀਆਂ ਅਮਰੀਕਾ ਅੰਦਰ ਇਕ ਸਾਲ ਦੀਆਂ ਤਕਰੀਬਨ 500 ਅਰਬ ਡਾਲਰ ਤੋਂ ਵੱਧ ਹੋ ਰਹੀਆਂ ਸਾਰੀਆਂ ਦਰਾਮਦਾਂ ਉਪਰ ਵੀ ਕਸਟਮ ਡਿਊਟੀਆਂ ਲਾਉਣ ਦੀ ਧਮਕੀ ਦਿੱਤੀ ਅਤੇ 233 ਅਰਬ ਦੀਆਂ ਦਰਾਮਦਾਂ ਉਪਰ ਕਸਟਮ ਡਿਊਟੀਆਂ ਲਾਉਣ ਦਾ ਐਲਾਨ ਵੀ ਕਰ ਦਿੱਤਾ।

ਅਮਰੀਕਾ ਨਾਲ ਵੱਡੇ ਵਪਾਰਕ ਵਾਧੇ ਵਾਲੇ ਮੁਲਕ ਚੀਨ, ਜਰਮਨੀ, ਰੂਸ, ਦੱਖਣੀ ਕੋਰੀਆ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਨੈਦਰਲੈਂਸਡ, ਬਰਾਜ਼ੀਲ, ਤਾਇਵਾਨ ਅਤੇ ਇਟਲੀ ਹਨ।ਚੀਨ ਦਾ ਅਮਰੀਕਾ ਨਾਲ 2017 'ਚ ਸਭ ਤੋਂ ਵੱਧ ਵਪਾਰਕ ਵਾਧਾ 421.44 ਅਰਬ ਡਾਲਰ ਸੀ। ਇਸ ਵਪਾਰਕ ਘਾਟੇ ਕਾਰਨ ਅਮਰੀਕਾ 193 ਖਰਬ ਡਾਲਰ ਦੇ ਵਿਦੇਸ਼ੀ ਕਰਜ਼ੇ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਕਰਜ਼ਈ ਮੁਲਕ ਬਣ ਗਿਆ ਹੈ। ਅਮਰੀਕਾ ਦੂਜੇ ਮੁਲਕਾਂ ਨੂੰ ਆਪਣੀਆਂ ਬਰਾਮਦਾਂ ਦੇ ਦਰਵਾਜੇ ਖੋਲ੍ਹਣ ਲਈ ਮਜਬੂਰ ਕਰ ਰਿਹਾ ਹੈ। ਜਿਥੇ ਅਮਰੀਕਾ ਪਹਿਲਾਂ 'ਖੁੱਲ੍ਹੇ ਵਪਾਰ' ਦੇ ਨਾਂ ਹੇਠ ਹੋਰ ਮੁਲਕਾਂ ਉਪਰ ਸੰਸਾਰੀਕਰਨ ਦੀਆਂ ਨੀਤੀਆਂ ਠੋਸ ਰਿਹਾ ਸੀ, ਉਥੇ ਉਹੀ ਅਮਰੀਕਾ ਅੱਜ ਸੁਰੱਖਿਆਵਾਦੀ ਨੀਤੀਆਂ ਅਪਨਾ ਕੇ ਬਹੁਪੱਖੀ ਸਬੰਧਾਂ ਦੇ ਉਲਟ ਦੁਵੱਲੇ ਸਬੰਧ ਬਣਾਉਣ ਉਪਰ ਚੱਲ ਰਿਹਾ ਹੈ।

ਇਰਾਨ ਨਾਲ 2015 ਵਿੱਚ ਹੋਇਆ ਪਰਮਾਣੂ ਸਮਝੌਤਾ ਰੱਦ ਕਰਕੇ ਅਮਰੀਕਾ ਉਸ ਦੀ ਬਾਂਹ ਮਰੋੜ ਕੇ ਉਸ ਦੇ ਤੇਲ ਭੰਡਾਰਾਂ ਉਪਰ ਏਕਾਧਿਕਾਰ ਕਾਇਮ ਕਰਨਾ ਲੋਚਦਾ ਹੈ।ਅਜਿਹਾ ਕਰਨ ਲਈ ਉਹ ਇਰਾਨ ਦਾ ਤੇਲ ਨਾ ਖਰੀਦਣ ਲਈ ਹੋਰ ਮੁਲਕਾਂ ਦੀ ਬਾਂਹ ਵੀ ਮਰੋੜ ਰਿਹਾ ਹੈ। ਟਰੰਪ ਯੂਐਨਓ ਸਿਸਟਮ ਨੂੰ ਪਹਿਲਾਂ ਹੀ ਵੇਲਾ ਵਿਹਾ ਚੁੱਕਾ ਕਹਿ ਰਿਹਾ ਹੈ ਅਤੇ ਯੂਰੋਪੀਅਨ ਯੂਨੀਅਨ ਮੁਲਕਾਂ ਨੂੰ ਫੌਜੀ ਬਜਟ ਵਧਾਉਣ ਲਈ ਨਾਟੋ ਵਿੱਚੋਂ ਬਾਹਰ ਆਉਣ ਦੀਆਂ ਧਮਕੀਆਂ ਦੇ ਰਿਹਾ ਹੈ।ਉਹ ਪੈਰਿਸ ਜਲਵਾਯੂ ਸਮਝੌਤੇ 2015 ਵਿਚੋਂ ਇਸੇ ਕਰਕੇ ਬਾਹਰ ਹੋ ਗਿਆ ਅਤੇ ਪਹਿਲਾਂ ਹੀ ਸਾਹ ਵਰੋਲਦੀ ਸੰਸਾਰ ਵਪਾਰ ਸੰਸਥਾ ਵਿਚੋਂ ਵੀ ਬਾਹਰ ਆਉਣ ਦੀਆਂ ਧਮਕੀਆਂ ਦੇ ਰਿਹਾ ਹੈ।

ਹੁਣ ਉਹ ਚੀਨ ਨੂੰ ਇਸ ਵਿਚ ਸ਼ਾਮਿਲ ਕਰਨ ਨੂੰ ਗਲਤ ਕਰਾਰ ਦੇ ਰਿਹਾ ਹੈ।ਯੂਐਨਓ ਨੂੰ ਅਮਰੀਕਾ ਦੇ ਉਲਟ ਭੁਗਤਣ ਦੇ ਫਤਵੇ ਦੇ ਰਿਹਾ ਹੈ। ਉਸ ਨੇ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇ ਦਿੱਤੀ ਹੈ। ਅਮਰੀਕਾ ਅੰਦਰ ਫ਼ਲਸਤੀਨੀ ਸਫਾਰਤਖਾਨਾ ਬੰਦ ਕਰਨ ਦੇ ਹੁਕਮ ਦੇ ਕੇ ਉਸ ਉਪਰ ਇਜ਼ਰਾਈਲ ਨਾਲ ਬੇਮੇਚੇ ਸਮਝੌਤੇ ਲਈ ਦਬਾਅ ਪਾ ਰਿਹਾ ਹੈ।ਅਮਰੀਕਾ ਕੌਮਾਂਤਰੀ ਨਿਆਂ ਟ੍ਰਿਬਿਊਨਲ ਦੇ ਜੱਜਾਂ ਨੂੰ ਅਮਰੀਕਾ ਜਾਂ ਇਜ਼ਰਾਈਲ ਵਰਗੇ ਆਪਣੇ ਭਾਈਵਾਲ ਮੁਲਕਾਂ ਦੇ ਸੈਨਿਕਾਂ ਅਤੇ ਸ਼ਹਿਰੀਆਂ ਨੂੰ ਅਪਰਾਧਿਕ ਮਾਮਲਿਆਂ ਵਿਚ ਸਜ਼ਾ ਦੇਣ ਵਿਰੁੱਧ ਸਿੱਟੇ ਭੁਗਤਣ ਦੀਆਂ ਚਿਤਾਵਨੀ ਦੇ ਰਿਹਾ ਹੈ। ਗੱਲ ਕੀ, ਬਹੁਪੱਖੀ ਸੰਸਾਰ ਸੰਸਥਾਵਾਂ ਅੱਜ ਉਸ ਨੂੰ ਚਿੱਟਾ ਹਾਥੀ ਲੱਗ ਰਹੀਆਂ ਹਨ।

ਇਸ ਵੇਲੇ ਅਮਰੀਕਾ ਵਿੱਚ ਬੇਰੁਜ਼ਗਾਰੀ 23 ਫ਼ੀਸਦੀ ਹੋਣ, ਮਜ਼ਦੂਰਾਂ ਦੀਆਂ ਉਜਰਤਾਂ 'ਚ ਕਟੌਤੀ, ਆਰਥਿਕ ਨਾ-ਬਰਾਬਰੀ ਵਿੱਚ ਬੇਓੜਕ ਵਾਧਾ ਹੋਣ, ਸਿਹਤ ਤੇ ਸਿੱਖਿਆ ਸੇਵਾਵਾਂ ਮਹਿੰਗੀਆਂ ਹੋਣ, ਅਮਰੀਕਾ ਦਾ ਬੁਨਿਆਦੀ ਢਾਂਚਾ ਪਛੜਨ, ਦੂਜੇ ਸਾਮਰਾਜੀ ਮੁਲਕਾਂ ਨਾਲ ਮੰਡੀ 'ਚ ਮੁਕਾਬਲਾ ਘਟਣ, ਟੈਕਸਾਂ 'ਚ ਵਾਧੇ ਨਾਲ ਲੋਕ ਤੰਗ ਹੋਣ, ਵਾਤਾਵਰਨ ਬਜਟ 'ਚ ਕਟੌਤੀ ਕਰਨ ਅਤੇ ਅਤਿਵਾਦ ਨੂੰ ਕੁਚਲਣ ਦੇ ਬਹਾਨੇ ਵੱਡੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਣ ਨਾਲ ਬੇਚੈਨੀ ਵਧ ਰਹੀ ਹੈ।

ਇਸ ਹਾਲਤ ਵਿਚ ਅਮਰੀਕਨ ਹਾਕਮ ਜਮਾਤਾਂ ਕੋਲ ਆਰਥਿਕ ਸੰਕਟ ਦਾ ਕੋਈ ਹੱਲ ਨਾ ਹੋਣ ਕਾਰਨ ਵੱਖ ਵੱਖ ਧਰਮਾਂ ਅਤੇ ਨਸਲਾਂ 'ਚ ਪਾਟਕ ਪਾਉਣ ਲਈ ਭਟਕਾਊ ਨੀਤੀਆਂ ਤੇ ਹੱਥ ਕੰਡੇ ਵਰਤਣ ਤੋਂ ਬਿਨਾਂ ਕੋਈ ਰਸਤਾ ਨਹੀਂ ਸੀ। ਇਹੀ ਰਸਤਾ ਟਰੰਪ ਨੇ ਅਖਤਿਆਰ ਕੀਤਾ ਹੈ।ਬੇਰੁਜ਼ਗਾਰੀ ਦਾ ਭਾਂਡਾ ਗੈਰ-ਗੋਰੇ ਪਰਵਾਸੀਆਂ ਸਿਰ ਭੰਨ ਕੇ ਨਸਲੀ ਭੇਦਭਾਵ ਵਧਾਉਣ ਲਈ ਮੈਕਸੀਕੋ-ਅਮਰੀਕਾ ਸਰਹੱਦ 'ਤੇ ਕੰਧ ਬਣਾਉਣ, ਮੁਸਲਮਾਨਾਂ 'ਤੇ ਅਮਰੀਕਾ ਅੰਦਰ ਪਰਵਾਸ ਕਰਨ 'ਤੇ ਪਾਬੰਦੀਆਂ ਲਾਉਣ, ਡੇਢ ਕਰੋੜ ਗੈਰ-ਕਾਨੂੰਨੀ ਪਰਵਾਸੀਆਂ ਨੂੰ ਮੁਲਕ ਵਿੱਚੋਂ ਕੱਢਣ, ਖ਼ਰਚਾ ਘਟਾਉਣ ਲਈ ਦੂਜੇ ਨਾਟੋ ਮੁਲਕਾਂ ਉਪਰ ਫੌਜੀ ਬਜਟ ਵਧਾਉਣ ਲਈ ਦਬਾਅ ਪਾਉਣ, ਰੂਸ ਤੇ ਓਪੇਕ ਨਾਲ ਮਿਲ ਕੇ ਤੇਲ ਮੰਡੀ 'ਤੇ ਏਕਾਧਿਕਾਰ ਕਾਇਮ ਕਰਕੇ ਵੱਧ ਤੋਂ ਵੱਧ ਮੁਨਾਫ਼ੇ ਕਮਾਉਣ, 'ਪਹਿਲ ਅਮਰੀਕਾ ਨੂੰ' ਦੇਣ ਆਦਿ ਦੇ ਪ੍ਰੋਗਰਾਮ ਤੇ ਨਾਅਰੇ ਪੇਸ਼ ਕੀਤੇ ਗਏ। ਚੋਣਾਂ ਤੋਂ ਬਾਅਦ ਟਰੰਪ ਇਕੱਲੇ ਅਮਰੀਕਾ ਦੇ ਹਿੱਤਾਂ ਨੂੰ ਅੱਗੇ ਰੱਖਣ ਦੀਆਂ ਨੀਤੀਆਂ ਉਪਰ ਚੱਲ ਰਿਹਾ ਹੈ।

ਯੂਰੋਪੀਅਨ ਯੂਨੀਅਨ ਬਣਨ ਵੇਲੇ ਇਸ ਦੇ ਇਕ ਹੋਰ ਮਹਾਂਸ਼ਕਤੀ ਵਜੋਂ ਉਭਰਨ ਦੇ ਕਿਆਫੇ ਸਨ ਅਤੇ ਯੂਰੋ ਕਰੰਸੀ ਨੂੰ ਡਾਲਰ ਦੇ ਬਦਲ ਦੇ ਤੌਰ 'ਤੇ ਚਿਤਵਿਆ ਜਾਂਦਾ ਸੀ ਪਰ ਇਸ ਦੇ ਸੰਕਟ ਵਿਚ ਫਸਣ ਅਤੇ ਬਰਤਾਨੀਆ ਦੇ ਇਸ ਵਿਚੋਂ ਬਾਹਰ ਨਿਕਲ ਜਾਣ ਨਾਲ ਇਹ ਬੱਝਵੀਂ ਆਰਥਿਕ ਤੇ ਵੱਡੀ ਫੌਜੀ ਸ਼ਕਤੀ ਵਜੋਂ ਨਹੀਂ ਉਭਰ ਸਕੀ।ਉਧਰ, ਰੂਸ ਦੇ ਖਿੰਡਣ ਅਤੇ ਚੀਨ ਦੇ ਪੂੰਜੀਵਾਦੀ ਮੁਲਕ ਬਣਨ ਨਾਲ ਅਮਰੀਕਾ ਨੂੰ ਇਨ੍ਹਾਂ ਮੁਲਕਾਂ ਦੀਆਂ ਵੱਡੀਆਂ ਮੰਡੀਆਂ ਖੁੱਲ੍ਹਣ ਨਾਲ ਵੱਡੇ ਪੂੰਜੀ ਨਿਵੇਸ਼ ਦੇ ਮੌਕੇ ਪੈਦਾ ਹੋਣ ਦੀ ਆਸ ਸੀ ਪਰ 21ਵੀਂ ਸਦੀ 'ਚ ਪ੍ਰਵੇਸ਼ ਕਰਨ 'ਤੇ ਰੂਸ ਮੁੜ ਆਪਣੇ ਪੈਰੀਂ ਖੜ੍ਹਾ ਹੋ ਗਿਆ ਅਤੇ ਇਸ ਨੇ ਅਮਰੀਕਾ ਨੂੰ ਫੌਜੀ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ। ਯੂਕਰੇਨ 'ਤੇ ਹਮਲਾ ਕਰਕੇ ਕਰੀਮੀਆ ਨੂੰ ਰੂਸੀ ਫੈਡਰੇਸ਼ਨ ਵਿਚ ਮਿਲਾ ਕੇ ਮੱਧ ਪੂਰਬ ਏਸ਼ੀਆ ਵਿਚ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਨੂੰ ਪਿਛਾਂਹ ਧੱਕਣ ਲਈ ਦਖਲਅੰਦਾਜ਼ੀ ਸ਼ੁਰੂ ਕਰ ਦਿੱਤੀ।

ਇਹੀ ਨਹੀਂ, ਰੂਸ ਅਮਰੀਕਾ ਵਿਰੋਧੀ ਸੀਰੀਆ ਦੇ ਰਾਸ਼ਟਰਪਤੀ ਬਸਰ ਅਲ-ਅਸਦ ਦੀ ਮਦਦ ਅਤੇ ਅਸਦ ਵਿਰੋਧੀ ਤਾਕਤਾਂ ਨੂੰ ਕੁਚਲਣ ਲਈ ਉਨ੍ਹਾਂ ਉਪਰ ਬੰਬਾਰੀ ਕਰਨ ਲੱਗ ਪਿਆ।ਚੀਨ ਨੇ ਦੱਖਣੀ ਚੀਨ ਸਾਗਰ 'ਤੇ ਅਧਿਕਾਰ ਜਮਾ ਕੇ ਆਪਣੀ ਫ਼ੌਜ ਤਾਇਨਾਤ ਕਰ ਲਈ ਅਤੇ ਕੌਮਾਂਤਰੀ ਟ੍ਰਿਬਿਊਨਲ ਵੱਲੋਂ ਚੀਨ ਵਿਰੁੱਧ ਫਤਵੇ ਨੂੰ ਚੀਨ ਨੇ ਦਰਕਿਨਾਰ ਦਿੱਤਾ। ਚੀਨ ਕੌਮਾਂਤਰੀ ਤੌਰ 'ਤੇ ਪ੍ਰਚਲਤ ਤੈਰਵੀਂ ਮੁਦਰਾ ਰੇਟ ਅਨੁਸਾਰ, ਅਮਰੀਕਾ ਤੋਂ ਬਾਅਦ ਦੂਸਰੀ ਵੱਡੀ ਆਰਥਿਕਤਾ ਵਜੋਂ ਉਭਰਿਆ ਹੈ ਅਤੇ ਮੁਦਰਾ ਦੀ ਖਰੀਦ ਸ਼ਕਤੀ (ਪੀਪੀਪੀ) ਅਨੁਸਾਰ ਚੀਨ ਦੁਨੀਆਂ ਦੀ ਪਹਿਲੀ ਵੱਡੀ ਆਰਥਿਕ ਸ਼ਕਤੀ ਬਣ ਗਿਆ ਹੈ। ਤਕਨੀਕੀ ਮਾਹਰਾਂ ਅਨੁਸਾਰ, ਚੀਨ ਆਧੁਨਿਕ ਤਕਨੀਕ ਵਿਚ ਅਮਰੀਕਾ ਨਾਲ ਮੁਕਾਬਲੇ ਵਿਚ ਸਿਰਫ਼ ਇਕ ਸਾਲ ਪਿਛੇ ਹੈ। ਚੀਨ ਵੱਲੋਂ ਸੰਸਾਰ ਬੈਂਕ ਦੇ ਮੁਕਾਬਲੇ ਬਣਾਈ ਏਸ਼ੀਆ ਵਿਕਾਸ ਬੈਂਕ ਵਿਚ ਅਮਰੀਕਾ ਤੇ ਜਾਪਾਨ ਨੂੰ ਛੱਡ ਕੇ ਸਾਰੇ ਸਾਮਰਾਜੀ ਮੁਲਕ ਸ਼ਾਮਿਲ ਹੋਏ ਹਨ।

ਚੀਨ ਆਪਣੇ ਵਪਾਰਕ ਅਤੇ ਰਣਨੀਤਕ ਹਿੱਤਾਂ ਦਾ ਪਸਾਰਾ ਕਰਨ ਲਈ ਏਸ਼ੀਆ, ਯੂਰੋਪੀਅਨ ਯੂਨੀਅਨ ਅਤੇ ਅਫਰੀਕਨ ਮੁਲਕਾਂ ਤੱਕ ਰੇਲਵੇ ਵਿਸਤਾਰ ਕਰ ਰਿਹਾ ਹੈ। ਇਸ ਪ੍ਰਾਜੈਕਟ ਨੂੰ ਅਫਰੀਕੀ ਲੋਕ ਚੀਨ ਦਾ ਨਵਬਸਤੀਵਾਦ ਕਹਿ ਕੇ ਵਿਰੋਧ ਕਰ ਰਹੇ ਹਨ। ਚੀਨ ਨੇ ਵੱਡੇ ਪੱਧਰ 'ਤੇ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਨਿਰਭਰ ਅਤੇ ਪਛੜੇ ਮੁਲਕਾਂ ਅਤੇ ਭਾਰਤ ਦੇ ਗੁਆਂਢੀ ਮੁਲਕਾਂ ਨੇਪਾਲ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਮਾਲਦੀਵ ਨੂੰ ਕਰਜ਼ੇ ਦੇ ਜਾਲ ਵਿਚ ਫਸਾ ਲਿਆ ਹੈ।ਚੀਨ ਕੋਲ ਵਿਦੇਸ਼ੀ ਮੁਦਰਾ 3.23 ਟ੍ਰਿਲੀਅਨ (32.3 ਅਰਬ) ਡਾਲਰ ਦੇ ਭੰਡਾਰ ਹਨ। ਚੀਨ ਕੋਲ ਆਹਲਾ ਤਕਨੀਕ ਅਤੇ ਸਸਤੀ ਮਜ਼ਦੂਰੀ ਹੋਣ ਕਰਕੇ ਇਸ ਦਾ ਵਿਦੇਸ਼ੀ ਵਪਾਰ ਬਹੁਤ ਵਾਧੂ ਰਹਿੰਦਾ ਹੈ। ਚੀਨ ਦੇ ਵਧਦੇ ਪ੍ਰਭਾਵ ਕਾਰਨ ਏਸ਼ੀਆ 'ਚ ਅਮਰੀਕਾ ਦੀ ਪਕੜ ਢਿੱਲੀ ਪੈ ਗਈ ਹੈ।ਅਮਰੀਕਾ ਨੇ 1990ਵਿਆਂ ਵਿਚ ਸੋਵੀਅਤ ਯੂਨੀਅਨ ਦੇ ਖਿੰਡਣ ਅਤੇ ਚੀਨ ਵਿਚ ਪੂੰਜੀਵਾਦੀ ਦੀ ਬਹਾਲੀ ਹੋ ਜਾਣ ਨਾਲ ਕਿਆਫ਼ੇ ਲਾਏ ਸਨ ਕਿ ਇਹ ਮੁਲਕ ਅਮਰੀਕਾ 'ਤੇ ਨਿਰਭਰ ਹੋ ਜਾਣਗੇ ਅਤੇ ਸੰਸਾਰ ਵਪਾਰ ਸੰਸਥਾ ਬਣਨ ਨਾਲ ਸਾਰੇ ਮੁਲਕਾਂ ਦੀਆਂ ਮੰਡੀਆਂ ਅਮਰੀਕਾ ਲਈ ਖੁੱਲ੍ਹ ਜਾਣਗੀਆਂ ਪਰ ਹੁਣ ਹਾਲਤ ਉਲਟ ਗਈ ਹੈ ਕਿਉਂਕਿ ਠੰਢੀ ਜੰਗ ਵੇਲੇ ਅਮਰੀਕਾ ਨੂੰ ਸੋਵੀਅਤ ਯੂਨੀਅਨ ਨਾਲ ਕੇਵਲ ਫੌਜੀ ਖੇਤਰ ਅੰਦਰ ਲੜਾਈ ਲੜਨੀ ਪੈ ਰਹੀ ਸੀ ਪਰ ਚੀਨ ਦੇ ਆਰਥਿਕ ਸ਼ਕਤੀ ਵਜੋਂ ਉਭਰਨ ਨਾਲ ਅਮਰੀਕਾ ਨੂੰ ਆਰਥਿਕ ਅਤੇ ਫੌਜੀ, ਦੋਵਾਂ ਖੇਤਰਾਂ ਅੰਦਰ ਲੜਨਾ ਪੈ ਰਿਹਾ ਹੈ।ਅਮਰੀਕਾ ਸਿਰ ਵੱਡੀ ਪੱਧਰ 'ਤੇ ਕਰਜ਼ਾ ਚੜ੍ਹਨ ਅਤੇ ਲਗਾਤਾਰ ਵਪਾਰਕ ਘਾਟਾ ਪੈਣ ਕਾਰਨ, ਉਸ ਵੱਲੋਂ ਸੰਸਾਰ ਭਰ ਅੰਦਰ ਉਸਾਰੀ ਹੋਈ ਵੱਡੀ ਸਲਤਨਤ ਸੰਭਾਲਣੀ ਮੁਸ਼ਕਿਲ ਹੋ ਰਹੀ ਹੈ। ਉਸ ਦੇ ਦੁਨੀਆਂ ਭਰ ਵਿਚ ਬਣਾਏ ਫੌਜੀ ਅੱਡਿਆਂ ਦੀ ਸੰਭਾਲ ਦਾ ਖਰਚਾ ਭਾਰਤ ਦੇ ਕੁਲ ਮਿਲਟਰੀ ਨਾਲੋਂ ਤਿੰਨ ਗੁਣਾਂ ਨਾਲੋਂ ਵੀ ਵੱਡਾ ਹੈ ਪਰ ਹੁਣ ਆਪਣੀ ਚੌਧਰ ਨੂੰ ਖੋਰਾ ਲਗਦਾ ਦੇਖ ਕੇ ਅਮਰੀਕਾ ਹੋਰ ਨਵੇਂ ਸੂਖ਼ਮ ਪਰਮਾਣੂ ਬੰਬ ਧਮਾਕੇ ਕਰਨ ਅਤੇ ਸਟਾਰ ਜੰਗ ਦੀ ਤਿਆਰੀ ਕਰਕੇ ਸੰਸਾਰ ਨੂੰ ਹਥਿਆਰਾਂ ਦੀ ਨਵੀਂ ਦੌੜ 'ਚ ਪਾ ਰਿਹਾ ਹੈ।

ਹੁਣ ਅਮਰੀਕਾ ਨੂੰ ਇਕ ਪਾਸੇ ਰੂਸ ਨਾਲ ਸੰਸਾਰ ਵਿਚ ਫੌਜੀ ਚੁਣੌਤੀ ਦਾ ਸਾਹਮਣਾ ਹੈ, ਦੂਜੇ ਪਾਸੇ ਚੀਨ ਨਾਲ ਫੌਜੀ ਤੇ ਆਰਥਿਕ ਦੋਵਾਂ ਖੇਤਰਾਂ ਵਿਚ ਲੜਾਈ ਲੜਨੀ ਪੈ ਰਹੀ ਹੈ। ਦਰਅਸਲ ਪੂੰਜੀਵਾਦ ਦਾ ਵਿਕਾਸ ਹਮੇਸ਼ਾਂ ਅਣਸਾਵਾਂ ਹੁੰਦਾ ਹੈ ਜਿਸ ਅੰਦਰ ਅਮਰੀਕਾ ਉਤਰਾਈ ਵਿਚ ਜਾ ਰਿਹਾ ਹੈ, ਰੂਸ ਦਾ ਮੁੜ ਫੌਜੀ ਉਭਾਰ ਹੋ ਰਿਹਾ ਹੈ ਅਤੇ ਚੀਨ ਉਭਰ ਰਹੀ ਆਰਥਿਕ ਸ਼ਕਤੀ ਹੈ। ਇਉਂ ਅਮਰੀਕਾ-ਚੀਨ ਦੀ ਦਿਖਾਈ ਦੇ ਰਹੀ ਵਪਾਰਕ ਜੰਗ ਪਿੱਛੇ ਅਸਲੀ ਕਾਰਨ ਸੰਸਾਰ ਸ਼ਕਤੀਆਂ ਦਾ ਬਦਲ ਰਿਹਾ ਸਮਤੋਲ ਹੈ।

# ਮੋਦੀ ਸਰਕਾਰ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਿਹੈ ਰਾਫੇਲ ਦਾ ਜਿੰਨ੍ਹ

ਕੀ ਰਾਫ਼ੇਲ ਸੌਦਾ ਭਾਰਤ ਦੀ ਸਿਆਸਤ 'ਚ ਇੱਕ ਅਜਿਹਾ ਜਿੰਨ ਬਣ ਗਿਆ ਹੈ ਜੋ ਕੇਂਦਰ ਸਰਕਾਰ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਅਦ ਵੀ ਬੋਤਲ 'ਚ ਬੰਦ ਨਹੀਂ ਹੋ ਪਾ ਰਿਹਾ ?

ਇਸ ਨਾਲ ਜੁੜੀਆਂ ਕੁਝ ਨਵੀਆਂ ਜਾਣਕਾਰੀਆਂ ਸਾਹਮਣੇ ਆ ਰਹੀਆਂ ਹਨ ਜਿਨ੍ਹਾਂ ਨੂੰ ਲੈ ਕੇ ਕੇਂਦਰ ਸਰਕਾਰ ਸਾਹਮਣੇ ਲਗਾਤਾਰ ਮੁਸ਼ਕਿਲ ਸਵਾਲ ਖੜ੍ਹੇ ਹੋ ਰਹੇ ਹਨ। ਰਾਫ਼ੇਲ ਸੌਦੇ 'ਚ ਕੀਮਤ ਵਧਣ ਦਾ ਮੁੱਦਾ ਤਾਂ ਵਿਰੋਧੀ ਧਿਰ ਪਿਛਲੇ ਕਈ ਮਹੀਨਿਆਂ ਤੋਂ ਉਠਾ ਹੀ ਰਿਹਾ ਸੀ ਪਰ ਸ਼ੁੱਕਰਵਾਰ ਨੂੰ ਫਰਾਂਸ ਦੀ ਮੀਡੀਆ 'ਚ ਆਏ ਸਾਬਕਾ ਰਾਸ਼ਟਰਪਤੀ ਫ੍ਰਾਂਸਵਾ ਔਲਾਂਦ ਦੇ ਇੱਕ ਬਿਆਨ ਨੇ ਇਸ ਪੂਰੇ ਮਾਮਲੇ 'ਚ ਨਵੇਂ 'ਸਵਾਲ ਅਤੇ ਸ਼ੱਕ' ਪੈਦਾ ਕਰ ਦਿੱਤੇ।

ਫਰਾਂਸ ਦੀ ਮੀਡੀਆ 'ਚ ਦੇਸ਼ ਦੇ ਸਾਬਕਾ ਰਾਸ਼ਟਰਪਤੀ ਔਲਾਂਦ ਦਾ ਬਿਆਨ ਆਇਆ ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਰਾਫ਼ੇਲ ਜਹਾਜ਼ ਬਣਾਉਣ ਦੇ ਸਮਝੌਤੇ ਦੇ ਲਈ 'ਭਾਰਤ ਸਰਕਾਰ ਨੇ ਹੀ ਰਿਲਾਇੰਸ ਡਿਫ਼ੈਂਸ ਦੇ ਨਾਂ ਦਾ ਸੁਝਾਅ ਦਿੱਤਾ ਸੀ ਅਤੇ ਫਰਾਂਸ ਕੋਲ ਇਸ ਸਬੰਧ 'ਚ ਕੋਈ ਬਦਲ ਨਹੀਂ ਸੀ।' ਇਸ ਨੂੰ ਲੈ ਕੇ ਭਾਰਤ 'ਚ ਸਿਆਸੀ ਗਹਿਮਾ-ਗਹਿਮੀ ਸ਼ੁਰੂ ਹੋ ਗਈ। ਜਿੱਥੇ ਇੱਕ ਪਾਸੇ ਵਿਰੋਧੀ ਧਿਰ ਮੋਦੀ ਸਰਕਾਕ 'ਤੇ ਹਮਲਾਵਰ ਹੋ ਗਿਆ ਤਾਂ ਉੱਧਰ ਰੱਖਿਆ ਮੰਤਰਾਲੇ ਵੱਲੋਂ ਵੀ ਸਫ਼ਾਈ ਪੇਸ਼ ਕੀਤੀ ਗਈ। ਇਸ ਸਫ਼ਾਈ 'ਚ ਕਿਹਾ ਗਿਆ ਕਿ 'ਔਲਾਂਦ ਦੇ ਬਿਆਨ ਦੀ ਜਾਂਚ ਕੀਤੀ ਜਾਵੇਗੀ।'

ਇਸ ਵਿਚਾਲੇ ਫਰਾਂਸ ਦੀ ਮੌਜੂਦਾ ਸਰਕਾਰ ਵੱਲੋਂ ਇਸ ਪੂਰੇ ਮਸਲੇ 'ਤੇ ਇੱਕ ਬਿਆਨ ਦਿੱਤਾ ਗਿਆ। ਇਸ 'ਚ ਕਿਹਾ ਗਿਆ ਕਿ ਇਸ ਸੌਦੇ 'ਚ ਕਿਸ ਕੰਪਨੀ ਦੀ ਚੋਣ ਕੀਤੀ ਜਾਣੀ ਸੀ, ਇਸ 'ਚ 'ਫਰਾਂਸ ਸਰਕਾਰ ਦੀ ਕੋਈ ਭੂਮਿਕਾ ਨਹੀਂ ਰਹੀ।' ਫਰਾਂਸ ਦੇ ਸਾਬਕਾ ਰਾਸ਼ਟਰਪਤੀ ਔਲਾਂਦ ਦੇ ਬਿਆਨ ਨੂੰ ਲੈ ਕੇ ਜੋ ਹਲਚਲ ਹੋਈ, ਉਹ ਬਿਨਾਂ ਕਾਰਨ ਨਹੀਂ ਹੈ। ਜਿਸ ਸਮੇਂ ਰਾਫ਼ੇਲ ਸੌਦਾ ਹੋਇਆ ਉਸ ਸਮੇਂ ਔਲਾਂਦ ਹੀ ਫਰਾਂਸ ਦੇ ਰਾਸ਼ਟਰਪਤੀ ਸਨ। ਸੀਨੀਅਰ ਪੱਤਰਕਾਰ ਰਾਧਿਕਾ ਰਾਮਾਸ਼ੇਸ਼ਨ ਦੀ ਮੰਨੀਏ ਤਾਂ ਔਲਾਂਦ ਦੇ ਬਿਆਨ ਨੂੰ ਨਕਾਰਨਾ ਭਾਰਤ ਸਰਕਾਰ ਲਈ ਇੰਨਾ ਸੌਖਾ ਨਹੀਂ ਹੋਵੇਗਾ। ਰਾਧਿਕਾ ਕਹਿੰਦੇ ਹਨ, "ਇਹ ਸੌਦਾ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਵਿਚਾਲੇ ਹੋਇਆ ਸੀ, ਉਸ ਸਮੇਂ ਔਲਾਂਦ ਹੀ ਫਰਾਂਸ ਦੇ ਰਾਸ਼ਟਰਪਤੀ ਸਨ ਤਾਂ ਉਨ੍ਹਾਂ ਦੇ ਕਿਸੇ ਬਿਆਨ ਨੂੰ ਨਕਾਰੇ ਜਾਣ ਦਾ ਸਿੱਧਾ ਮਤਲਬ ਹੈ ਕਿ ਤੁਸੀਂ ਕਹਿ ਰਹੇ ਹੋ ਕਿ ਉਸ ਸਮੇਂ ਫਰਾਂਸ ਦੇ ਰਾਸ਼ਟਰਪਤੀ ਡੀਲ ਦੇ ਬਾਰੇ ਸੱਚ ਨਹੀਂ ਬੋਲ ਰਹੇ ਹਨ।"

ਰਾਧਿਕਾ ਅੱਗੇ ਕਹਿੰਦੇ ਹਨ ਕਿ ਕਿਸੇ (ਸਾਬਕਾ) ਰਾਸ਼ਟਰਪਤੀ ਦੇ ਬਿਆਨ ਨੂੰ ਆਸਾਨੀ ਨਾਲ ਦਰਕਿਨਾਰ ਨਹੀਂ ਕੀਤਾ ਜਾ ਸਕਦਾ, ਜੇ ਮਹਿਜ਼ ਕਿਸੇ ਮੀਡੀਆ ਹਾਊਸ ਨੇ ਆਪਣੀ ਜਾਂਚ ਦੇ ਆਧਾਰ 'ਤੇ ਇਹ ਦੋਸ਼ ਲਗਾਇਆ ਹੁੰਦਾ ਤਾਂ ਸ਼ਾਇਦ ਇੱਕ ਵਾਰ ਦੇ ਲਈ ਉਸਨੂੰ ਪਰੇ ਰੱਖ ਵੀ ਦਿੰਦੇ ਪਰ ਇਹ ਗੱਲ ਰਾਸ਼ਟਰਪਤੀ ਅਹੁਦੇ 'ਤੇ ਰਹਿ ਚੁੱਕਿਆ ਉਹ ਵਿਅਕਤੀ ਬੋਲ ਰਿਹਾ ਹੈ ਜੋ ਖ਼ੁਦ ਉਸ ਸਮਝੌਤੇ 'ਚ ਇੱਕ ਪਾਰਟੀ ਸੀ।

ਰੱਖਿਆ ਮਾਮਲਿਆਂ ਦੇ ਮਾਹਿਰ ਅਤੇ ਪਾਲਿਸੀ ਸਟੱਡੀਜ਼ ਦੇ ਡਾਇਰੈਕਟਰ ਉਦੈ ਭਾਸਕਰ ਵੀ ਕਹਿੰਦੇ ਹਨ ਕਿ ਔਲਾਂਦ ਦੇ ਬਿਆਨ ਨੂੰ ਬੇਹੱਦ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਉਹ ਕਹਿੰਦੇ ਹਨ, ਔਲਾਂਦ ਦੇ ਬਿਆਨ ਨੇ ਇਸ ਪੂਰੇ ਮਾਮਲੇ 'ਤੇ ਹੋਰ ਜ਼ਿਆਦਾ ਸ਼ੱਕ ਕਰਨ ਦੀ ਵਜ੍ਹਾ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਭਾਰਤ ਸਰਕਾਰ ਕਹਿ ਰਹੀ ਸੀ ਫਰਾਂਸ ਦੀ ਕੰਪਨੀ ਦਸੋ ਨੇ ਖ਼ੁਦ ਰਿਲਾਇੰਸ ਦੀ ਚੋਣ ਕੀਤੀ ਸੀ ਜਦ ਕਿ ਔਲਾਂਦ ਉਸਦੇ ਉਲਟ ਬੋਲ ਰਹੇ ਹਨ। ਅਜੇ ਲੱਗਦਾ ਹੈ ਕਿ ਇਸ ਮਾਮਲੇ 'ਚ ਹੋਰ ਵੀ ਕਈ ਲੁਕੀਆਂ ਹੋਈਆਂ ਗੱਲਾਂ ਸਾਹਮਣੇ ਆ ਸਕਦੀਆਂ ਹਨ।"

ਕੇਂਦਰ ਦੀ ਨਰੇਂਦਰ ਮੋਦੀ ਸਰਕਾਰ ਦੇ ਕਾਰਜਕਾਲ 'ਚ ਹੋਏ ਰਾਫ਼ੇਲ ਸੌਦੇ 'ਤੇ ਕਾਂਗਰਸ ਪਾਰਟੀ ਸ਼ੁਰੂ ਤੋਂ ਸਵਾਲ ਚੁੱਕਦੀ ਰਹੀ ਹੈ। ਔਲਾਂਦ ਦੇ ਬਿਆਨ ਤੋਂ ਬਾਅਦ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਤੋਂ ਤਿੱਖੇ ਸਵਾਲ ਪੁੱਛੇ ਹਨ।

ਰਾਧਿਕਾ ਰਾਮਾਸ਼ੇਸ਼ਨ ਦਾ ਕਹਿਣਾ ਹੈ ਕਿ ਕਾਂਗਰਸ ਲਈ ਪਿਛਲੇ ਪੰਜ ਸਾਲ 'ਚ ਇਹ ਸਭ ਤੋਂ ਵੱਡਾ ਮੌਕਾ ਹੈ ਜਿਸ ਜ਼ਰੀਏ ਉਹ ਮੋਦੀ ਸਰਕਾਰ 'ਤੇ ਖੁੱਲ੍ਹ ਕੇ ਹਮਲਾ ਕਰ ਸਕਦੀ ਹੈ। ਉਹ ਕਹਿੰਦੇ ਹਨ, "ਅਜੇ ਤੱਕ ਮੋਦੀ ਸਰਕਾਰ ਦੀ ਇਹ ਖ਼ਾਸੀਅਤ ਰਹੀ ਸੀ ਕਿ ਉਨ੍ਹਾਂ ਦੇ ਕਾਰਜਕਾਲ 'ਤੇ ਕਿਸੇ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੇ ਦੋਸ਼ ਨਹੀਂ ਲੱਗੇ ਸੀ, ਪਰ ਹੁਣ ਕਾਂਗਰਸ ਪਾਰਟੀ ਦੇ ਹੱਥ ਰਾਫ਼ੇਲ ਸੌਦੇ ਵਰਗਾ ਮੁੱਦਾ ਲੱਗ ਗਿਆ ਹੈ। ਦੇਖਣਾ ਇਹ ਹੋਵੇਗਾ ਕਿ ਜਿਸ ਤਰ੍ਹਾਂ ਭਾਜਪਾ ਨੇ ਕਾਂਗਰਸ ਦੇ ਖ਼ਿਲਾਫ਼ ਪ੍ਰਚਾਰ ਕੀਤਾ ਸੀ ਅਤੇ ਲੋਕਾਂ ਸਾਹਮਣੇ ਭ੍ਰਿਸ਼ਟਾਚਾਰ ਦੇ ਮੁੱਦੇ ਰੱਖੇ ਸੀ, ਕੀ ਉਸ ਤਰ੍ਹਾਂ ਹੀ ਕਾਂਗਰਸ ਪਾਰਟੀ ਇਸ ਮੁੱਦੇ ਨੂੰ ਕੈਸ਼ ਕਰ ਪਾਉਂਦੀ ਹੈ ਜਾਂ ਨਹੀਂ।" ਦੂਜੇ ਪਾਸੇ ਉਦੈ ਭਾਸਕਰ ਕਹਿੰਦੇ ਹਨ, "ਸਿਆਸਤ 'ਚ ਧਾਰਨਾਵਾਂ ਦਾ ਖੇਡ ਚੱਲਦਾ ਹੈ, ਪਿਛਲੇ ਲੰਬੇ ਸਮੇਂ ਤੋਂ ਰਾਫ਼ੇਲ ਸੌਦੇ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ।ਹੁਣ ਖ਼ੁਦ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਦਾ ਇਹ ਬਿਆਨ ਆਇਆ ਹੈ। ਇਹ ਧਾਰਨਾਵਾਂ ਮੋਦੀ ਸਰਕਾਰ ਦੇ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਹੀਆਂ ਹਨ। ਭਾਵੇਂ ਅੱਗੇ ਚੱਲ ਕੇ ਸੱਚ ਜੋ ਵੀ ਨਿਕਲੇ ਪਰ ਇਸ ਪੂਰੇ ਮਾਮਲੇ ਨੇ ਮੋਦੀ ਸਰਕਾਰ ਪ੍ਰਤੀ ਇੱਕ ਤਰ੍ਹਾਂ ਦੀ ਧਾਰਨਾ ਤਾਂ ਬਣਾ ਹੀ ਦਿੱਤੀ ਹੈ।"

**ਬੋਫ਼ੋਰਸ ਬਨਾਮ ਰਾਫ਼ੇਲ**

ਕਾਂਗਰਸ ਪਾਰਟੀ ਜਦੋਂ ਵੀ ਮੋਦੀ ਸਰਕਾਰ ਤੋਂ ਰਾਫ਼ੇਲ ਸੌਦੇ ਨਾਲ ਜੁੜੇ ਸਵਾਲ ਕਰਦੀ ਹੈ ਤਾਂ ਜਵਾਬ 'ਚ ਉਸਦੇ ਸਾਹਮਣੇ ਵੀ ਬੋਫ਼ੋਰਸ ਘੁਟਾਲੇ ਨਾਲ ਜੁੜੇ ਸਵਾਲ ਚੁੱਕੇ ਜਾਂਦੇ ਹਨ। ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਰਹਿੰਦੇ ਹੋਏ ਸਾਲ 1986 'ਚ ਭਾਰਤ ਨੇ ਸਵੀਡਨ ਤੋਂ ਲਗਭਗ 400 ਬੋਫ਼ੋਰਸ ਤੋਪ ਖਰੀਦਣ ਦਾ ਸੌਦਾ ਕੀਤਾ ਸੀ ਜਿਸ ਦੀ ਕੀਮਤ ਲਗਭਗ ਇੱਕ ਅਰਬ ਤੀਹ ਕਰੋੜ ਡਾਲਰ ਸੀ। ਬਾਅਦ 'ਚ ਇਸ ਸੌਦੇ 'ਚ ਧਾਂਦਲੀ ਅਤੇ ਰਿਸ਼ਵਤ ਲਏ ਜਾਣ ਦੇ ਦੋਸ਼ ਲੱਗੇ। ਇਸ ਮਾਮਲੇ ਨੇ ਇੰਨਾ ਤੂਲ ਫੜਿਆ ਕਿ ਸਾਲ 1989 'ਚ ਰਾਜੀਵ ਗਾਂਧੀ ਦੀ ਅਗਵਾਈ 'ਚ ਕਾਂਗਰਸ ਪਾਰਟੀ ਲੋਕ ਸਭਾ ਚੋਣ ਹਾਰ ਗਈ। ਰਾਧਿਕਾ ਰਾਮਾਸ਼ੇਸ਼ਨ ਕਹਿੰਦੇ ਹਨ, "ਉਸ ਦੌਰਾਨ ਵੀ ਸਵੀਡੀਸ਼ ਰੇਡੀਓ ਦੀ ਇੱਕ ਰਿਪੋਰਟ ਨੇ ਰਾਜੀਵ ਗਾਂਧੀ 'ਤੇ ਸਵਾਲ ਚੁੱਕੇ ਸਨ ਅਤੇ ਹੁਣ ਫਰਾਂਸ ਦੇ ਮੀਡੀਆ 'ਚ ਤਾਂ ਖ਼ੁਦ ਸਾਬਕਾ ਰਾਸ਼ਟਰਪਤੀ ਦਾ ਬਿਆਨ ਛਪਿਆ ਹੈ, ਅਜਿਹੇ 'ਚ ਇਹ ਮਾਮਲਾ ਵੀ ਭਾਜਪਾ ਲਈ ਬੋਫ਼ੋਰਸ ਵਰਗਾ ਹੀ ਸਿਰਦਰਦ ਬਣਕੇ ਉੱਭਰੇਗਾ।" ਉਦੈ ਭਾਸਕਰ ਵੀ ਇਸ ਗੱਲ ਦੀ ਤਸਦੀਕ ਕਰਦੇ ਹਨ ਅਤੇ ਕਹਿੰਦੇ ਹਨ ਕਿ ਬੋਫ਼ੋਰਸ ਘੁਟਾਲੇ ਦੇ ਦੋਸ਼ ਵੀ ਕਦੇ ਸਾਬਤ ਨਹੀਂ ਹੋ ਸਕੇ ਪਰ ਉਨ੍ਹਾਂ ਦੇ ਕਾਰਨ ਰਾਜੀਵ ਗਾਂਧੀ ਨੂੰ ਆਪਣੀ ਕੁਰਸੀ ਗੁਆਉਣੀ ਪਈ।

ਪੰਜਾਬੀ ਦੁਨੀਆ

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ

ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ

ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ

ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ

ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ

ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ

ਸ਼ਪੈਸ਼ਲ ਕੋਰੇਸਪੌਂਡੈਂਸ :

ਫੋਟੋਗ੍ਰਾਫਰ : ਹਮਾਦ

ਗਗਨਦੀਪ ਸਿੰਘ (ਇੰਡੀਆ)

ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ

ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

Published by Punjabi Duniya.com LLC

(A Division of Media Partners Capital , Inc.)

Address :

P.O Box 7005 Hicksville New York 11801

Phone: 917 612 3158 TelFax : 516 342 1076

punjabiduniya@gmail.com, thesouthasianinsider@gmail.com

www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

## ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਬਿਲਡਰ ਖ਼ਿਲਾਫ਼ ਕਾਰਵਾਈ ਦੀ ਮੰਗ

ਨਥਾਨਾ : ਮਹਾਰਾਸ਼ਟਰ ਦੇ ਜ਼ਿਲ੍ਹਾ ਥਾਨਾ ਵਿੱਚ ਬਿਲਡਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤਿਆਰ ਕਰਕੇ ਮੂਰਤੀਆਂ ਲਾਉਣ ਤੇ ਜੁੱਤੇ ਪਾ ਕੇ ਫੋਟੋ ਖਿਚਾਉਣ ਦਾ ਮਾਮਲਾ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੁੱਜ ਗਿਆ ਹੈ। ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਕਰਵਾਈ ਕਰਕੇ ਬਿਲਡਰ ਖਿਲਾਫ ਸਖਤ ਕਰਵਾਈ ਕਰਵਾਉਣ ਦਾ ਆਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੁੰਬਈ ਦੇ ਉਲਾਸ ਨਗਰ ਇਲਾਕੇ ਵਿੱਚ ਬਿਲਡਰ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤਿਆਰ ਕਰਕੇ ਉਸ ਵਿੱਚ ਮੂਰਤੀਆਂ ਲਾਈਆਂ ਹਨ, ਜਿੱਥੇ ਲੋਕ ਜੁੱਤੀਆਂ ਪਾ ਕੇ ਫੋਟੋ ਖਿਚਵਾ ਰਹੇ ਹਨ। ਇਹ ਸਿੱਖ ਧਰਮ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰਕੇ ਬਿਲਡਰ ਖਿਲਾਫ ਸਖਤ ਕਰਵਾਈ ਕਰਵਾਉਣ ਲਈ ਕਿਹਾ ਗਿਆ ਹੈ।

# ਅਕਾਲੀ ਦਲ ਨੇ ਸਿੱਧੂ ਦੇ ਜਾਖੜ ਦੀਆਂ ਡੇਰਾ ਮੁੱਖੀ ਨਾਲ ਤਸਵੀਰਾਂ ਕੀਤੀਆਂ ਜਾਰੀ

## ਕਾਂਗਰਸੀ ਆਗੂਆਂ ਸਬੰਧੀ ਬਰਗਾੜੀ ਵਿਖੇ ਬੈਠੀਆਂ ਕਠਪੁਤਲੀਆਂ ਆਪਣੀ ਚੁੱਪੀ ਤੋੜਨ : ਸਿਰਸਾ





ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਨਵਜੋਤ ਸਿੰਘ ਸਿੱਧੂ ਦੀ ਡੇਰਾ ਸਿਰਸਾ ਮੁਖੀ ਨਾਲ ਦੂਜੀ ਤਸਵੀਰ ਜਾਰੀ ਕੀਤੀ ਜਿਸ ਵਿਚ ਉਹ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਪੈਰੀਂ ਹੱਥ ਲਾ ਕ ਆਸ਼ੀਰਵਾਦ ਪ੍ਰਾਪਤ ਕਰਦੇ ਦਿਸ ਰਹੇ ਹਨ। ਪਾਰਟੀ ਨੇ ਪੰਜਾਬ ਕਾਂਗਰਸ ਦੇ ਮੁਖੀ ਸ੍ਰੀ ਸੁਨੀਲ ਜਾਖੜ ਦੀ ਤਸਵੀਰ ਵੀ ਜਾਰੀ ਕੀਤੀ ਹੈ ਜਿਸ ਵਿਚ ਉਹ ਡੇਰਾ ਮੁਖੀ ਅੱਗੇ ਹੱਥ ਜੋੜ ਕੇ ਖੜ੍ਹੇ ਹਨ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਪਾਰਟੀ ਦੇ ਕੌਮੀ ਬੁਲਾਰੇ ਸ੍ਰੀ ਮਨਜਿੰਦਰ ਸਿੰਘ ਸਿਰਸਾ ਨੇ ਆਖਿਆ ਕਿ ਹੁਣ ਇਹ ਵਾਰੀ ਸ੍ਰੀ ਸਿੱਧੂ, ਸ੍ਰੀ ਜਾਖੜ, ਉਹਨਾਂ ਦੇ ਕਟੱੜ ਸਮਰਥਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਤੇ ਸਰਕਾਰ ਦੀ ਸ਼ਹਿਰ 'ਤੇ ਬਰਗਾੜੀ ਵਿਖੇ ਬੈਠਣ ਵਾਲੀਆਂ ਕਠਪੁਤਲੀਆਂ ਦੀ ਵਾਰੀ ਹੈ ਕਿ ਉਹ ਇਸ ਮਾਮਲੇ 'ਤੇ ਆਪਣੀ ਚੁੱਪੀ ਤੋੜਨ। ਸ੍ਰੀ ਸਿਰਸਾ ਨੇ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਦੇ ਆਗੂਆਂ ਤੋਂ ਜਾਨਣਾ ਚਾਹੁੰਦੇ ਹਨ ਕਿ ਕੀ ਇਹ ਤਸਵੀਰਾਂ ਅਸਲੀ ਹਨ ਜਾਂ ਨਹੀਂ ? ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਉਹਨਾਂ ਨੂੰ ਜਵਾਬ ਦੇਣ ਤੇ ਸੂਬੇ ਦੇ ਲੋਕਾਂ ਨੂੰ ਸੱਚਾਈ ਦੱਸਣ ਲਈ ਢੁਕਵਾਂ ਸਮਾਂ ਦੇਵੇਗਾ ਅਤੇ ਜੇਕਰ ਉਹ ਨਾ ਬੋਲੇ ਤਾਂ ਫਿਰ ਖੁਦ ਪਾਰਟੀ ਢੁਕਵੇਂ ਸਮੇਂ 'ਤੇ ਇਸਦੀ ਅਸਲੀਅਤ ਲੋਕਾਂ ਨੂੰ ਦੱਸੇਗੀ। ਉਹਨਾਂ ਕਿਹਾ ਕਿ ਇਹ ਕਾਂਗਰਸ ਦੇ ਆਗੂਆਂ ਲਈ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਉਹਨਾਂ ਨੇ ਡੇਰਾ ਸਿਰਸਾ ਮੁਖੀ ਦੇ ਮਾਮਲੇ 'ਤੇ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਬਹੁਤ ਹੀ ਅਸਭਿਅਕ ਭਾਸ਼ਾ ਦੀ ਵਰਤੋਂ ਕੀਤੀ ਅਤੇ ਉਹਨਾਂ ਦੀ ਵਾਰੀ ਆ ਗਈ ਹੈ ਕਿ ਉਹ ਇਹਨਾਂ ਤਸਵੀਰਾਂ ਦੀ ਅਸਲੀਅਤ ਤੇ ਡੇਰਾ ਸਿਰਸਾ ਮੁਖੀ ਨਾਲ ਇਹਨਾਂ ਦ ਸੰਬੰਧਾਂ ਬਾਰੇ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਨੇ ਹੋਰ ਆਖਿਆ ਕਿ ਸਿਰਫ ਸ੍ਰੀ ਸਿੱਧੂ ਹੀ ਨਹੀਂ ਬਲਕਿ ਸੁਖਜਿੰਦਰ ਰੰਧਾਵਾ ਤੇ ਬਰਗਾੜੀ ਵਿਖੇ ਬੈਠੇ ਲੋਕਾਂ ਖਾਸ ਤੌਰ 'ਤੇ ਬਲਜੀਤ ਸਿੰਘ ਦਾਦੂਵਾਲ ਤੇ ਧਿਆਨ ਸਿੰਘ ਮੰਡ ਦੀ ਇਸ ਮਾਮਲੇ ਵਿਚ ਚੁੱਪੀ ਹੀ ਲੋਕਾਂ ਨੂੰ ਦੱਸ ਰਹੀ ਹੈ ਕਿ ਤਸਵੀਰਾਂ ਪਿੱਛੇ ਸੱਚਾਈ ਕੀ ਹੈ। ਉਹਨਾਂ ਕਿਹਾ ਕਿ ਬਰਗਾੜੀ ਵਿਖੇ ਬੈਠੇ ਤਾਂ ਕਾਂਗਰਸ ਪਾਰਟੀ ਦੀਆਂ ਸ਼ਰਮਨਾਕ ਕਠਪੁਤਲੀਆਂ ਹਨ ਜਿਹਨਾਂ ਨੇ ਆਪਣੀ ਅੰਤਰ ਆਤਮਾ ਗੁਆ ਲਈ ਹੈ ਤੇ ਉਹ ਕਾਂਗਰਸ ਦੇ ਹੁਕਮਾਂ ਅਨੁਸਾਰ ਕੰਮ ਕਰਦੇ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸ੍ਰੀ ਜਾਖੜ, ਸ੍ਰੀ ਸਿੱਧੂ ਤੇ ਉਹਨਾਂ ਦੇ ਸ਼ੁਭਚਿੰਤਕਾਂ ਨੂੰ ਮੌਕਾ ਦੇ ਰਿਹਾ ਹੈ ਕਿ ਉਹ ਖੁਦ ਲੋਕਾਂ ਅੱਗੇ ਸੱਚਾਈ ਦੱਸ ਦੇਣ ਨਹੀਂ ਤਾਂ ਅਕਾਲੀ ਦਲ ਅਜਿਹਾ ਕਰ ਕੇ ਲੋਕਾਂ ਸਾਹਮਣੇ ਉਹਨਾਂ ਦੇ ਅਸਲ ਚੇਹਰੇ ਬੇਨਕਾਬ ਕਰੇਗਾ।

*ਕੁਦਰਤ ਦਾ ਕਹਿਰ*

# ਹਾਲੇ ਵੀ ਨਹੀਂ ਜੁੜਿਆ ਦੇਸ਼ ਦਾ ਮਨਾਲੀ ਨਾਲ ਸੰਪਰਕ

## *ਪਹਾੜਾਂ ਤੋਂ ਡਿੱਗ ਰਹੀਆਂ ਢਿਗਾਂ ਕਾਰਨ ਠੱਪ ਹੋਈ ਹਿਮਾਚਲ ਦੀ ਇੱਕ ਸੜਕ*



ਸ਼ਿਮਲਾ, : ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ ਕਾਰਨ ਬਹੁਤ ਸਾਰੀਆ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ। ਕੁੱਲੂ ਤੋਂ ਮਨਾਲੀ ਜਾਣ ਵਾਲਾ ਨੈਸ਼ਨਲ ਹਾਈਵੇ ਇੱਕ ਪੁਲ ਦੇ ਟੁੱਟਣ ਕਾਰਨ ਬੰਦ ਹੈ। 'ਏਬੀਪੀ ਸਾਂਝਾ' ਨੇ ਗ੍ਰਾਊਂਡ ਜ਼ੀਰੋ ਤਕ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਲਾਂ ਜਾਣੀਆਂ ਤੇ ਲੋਕਾਂ ਨੂੰ ਪ੍ਰੇਸ਼ਾਨੀ 'ਚੋਂ ਕੱਢਣ ਲਈ ਪ੍ਰਸ਼ਾਸਨ ਵੱਲੋਂ ਦਿੱਤੇ ਗਏ ਹੱਲ ਵੀ ਜਾਣੇ। ਹਿਮਾਚਲ ਵਿੱਚ ਮੀਂਹ ਤਾਂ ਪੈਣਾ ਬੰਦ ਹੋ ਗਿਆ, ਪਰ ਭਾਰੀ ਬਰਸਾਤ ਤੋਂ ਬਾਅਦ ਪੈ ਰਹੀ ਧੁਪ ਕਾਰਨ ਪਹਾੜਾਂ ਤੋਂ ਡਿੱਗਾਂ ਡਿਗ ਕੇ ਕਈ ਸੜਕਾਂ ਜਾਮ ਹੋ ਚੁੱਕੀਆਂ ਹਨ। ਉੱਧਰੋਂ, ਪੁਲ ਟੁੱਟਣ ਕਰਕੇ ਨੈਸ਼ਨਲ ਹਾਈਵੇ ਦੀ ਆਵਾਜਾਈ ਠੱਪ ਹੈ, ਜਿਸ ਕਾਰਨ ਯਾਤਰੀਆਂ ਨੂੰ ਬਹੁਤ ਪ੍ਰੇਸ਼ਾਨੀ ਹੋ ਰਹੀ ਹੈ। ਹੁਣ ਪ੍ਰਸ਼ਾਸਨ ਨੇ ਮਨਾਲੀ ਜਾਣ ਲਈ ਲਿੰਕ ਰੋਡ ਰਾਹੀਂ ਬਦਲਵਾਂ ਰੂਟ ਤਿਆਰ ਕੀਤਾ ਹੈ। ਕੁੱਲੂ ਤੋਂ ਤਕਰੀਬਨ 20 ਕਿਲੋਮੀਟਰ ਦੂਰ ਪਤਲੀਖੁਲ ਨੇੜੇ ਇਹ ਪੁਲ ਭਾਰੀ ਮੀਂਹ ਕਰਕੇ ਹੇਠਾਂ ਧੱਸ ਗਿਆ ਸੀ। ਹਾਲਾਂਕਿ ਨੈਸ਼ਨਲ ਹਾਈਵੇ ਅਥਾਰਟੀ ਮੰਡੀ ਤੋਂ ਮਨਾਲੀ ਤਕ ਫੋਰ ਲੇਨ ਸੜਕ ਬਣਾ ਰਹੀ ਸੀ, ਪਰ ਇੱਥੇ ਕੰਮ ਪੂਰਾ ਨਾ ਹੋਣ ਕਰਕੇ ਨੈਸ਼ਨਲ ਹਾਈਵੇ 'ਤੇ ਹੀ ਭੀੜ ਜ਼ਿਆਦਾ ਰਹਿੰਦੀ ਸੀ। ਇਸ ਪੁਲ ਤੋਂ ਮਨਾਲੀ ਤਕਰੀਬਨ 22 ਕਿਲੋਮੀਟਰ ਦੂਰੀ 'ਤੇ ਹੈ। ਮੀਂਹ ਸ਼ੁਰੂ ਹੋਣ ਤੋਂ ਲੋਕ ਖਾਣ-ਪੀਣ ਦੀਆਂ ਚੀਜ਼ਾਂ ਤੋਂ ਬਗ਼ੈਰ ਹੀ ਗੁਜ਼ਾਰਾ ਕਰ ਰਹੇ ਸਨ। ਹੁਣ ਪੁਲ ਦੇ ਨੇੜੇ-ਤੇੜੇ ਵੱਸਦੇ ਲੋਕਾਂ ਨੇ ਆਪਣੇ ਸਕੂਟਰ ਤੇ ਮੋਟਰਸਾਈਕਲ ਲੰਘਾਉਣ ਲਈ ਪੁਲ 'ਤੇ ਫੱਟੀਆਂ ਲਾ ਕੇ ਆਰਜ਼ੀ ਰਸਤਾ ਬਣਾਇਆ ਹੈ। ਇਸ ਤਰ੍ਹਾਂ ਪੁਲ ਤੋਂ ਅਗਲੇ ਪਾਸੇ ਰਹਿਣ ਵਾਲੇ ਲੋਕ ਆਪਣੀਆਂ ਜ਼ਰੂਰਤ ਦੀਆਂ ਚੀਜ਼ਾਂ ਲੈ ਜਾਂਦੇ ਹਨ।

# ਭਗੌੜੇ ਐਨ.ਆਰ.ਆਈ. ਲਾੜਿਆਂ ਦੇ ਮਾਮਲੇ 'ਚ ਦਿੱਲੀ ਹਾਈਕੋਰਟ ਵੱਲੋਂ ਕੇਂਦਰ ਅਤੇ ਮੰਤਰਾਲਿਆਂ ਨੂੰ ਨੋਟਿਸ ਜਾਰੀ




ਨਵੀਂ ਦਿੱਲੀ : ਬੀਤੇ ਕੁੱਝ ਸਮੇਂ ਤੋਂ ਧੋਖਿਆਂ ਦੇ ਮਾਮਲੇ ਬਹੁਤ ਵੱਧ ਚੁੱਕੇ ਹਨ। ਜਿਸ ਤਰਾਂ ਲੋਕਾਂ ਵਿਚ ਵਿਦੇਸ਼ ਜਾਣ ਦੀ ਹੋੜ ਹੈ, ਉਸਤੋਂ ਸਾਫ ਜਾਹਿਰ ਹੁੰਦਾ ਹੈ ਕੇ ਲੋਕ ਕੋਈ ਵੀ ਤਰੀਕਾ ਅਪਨਾ ਰਹੇ ਹਨ। ਪਰਿਵਾਰ ਆਪਣੀਆਂ ਕੁੜੀਆਂ ਨੂੰ ਐਨ.ਆਰ.ਆਈ. ਨਾਲ ਵਿਆਹੁਣਾ ਉਹਨਾਂ ਵਿਚੋਂ ਇੱਕ ਤਰੀਕਾ ਹੈ। ਅਜਿਹੇ 'ਚ ਆਪ ਹੀ ਧੋਖਿਆਂ ਦਾ ਸ਼ਿਕਾਰ ਬਣ ਰਹੀਆਂ ਹਨ। ਲਾੜਿਆਂ ਵੱਲੋਂ ਛੱਡ ਦਿੱਤੀਆਂ ਗਈਆਂ ਲਾੜੀਆਂ ਲਈ ਦਰ-ਦਰ ਤੇ ਠੋਕਰਾਂ ਤੋਂ ਬਿਨ੍ਹਾਂ ਕੁੱਝ ਨਹੀਂ ਰਹਿ ਜਾਂਦਾ। ਕੁੜੀਆਂ ਨੂੰ ਨਿਆਂ ਦੇ ਲਈ ਦਿੱਲੀ ਹਾਈਕੋਰਟ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐੱਸ.ਜੀ.ਐੱਮ.ਸੀ) ਵੱਲੋਂ ਪਟੀਸ਼ਨ ਦਰਜ ਕੀਤੀ ਗਈ ਸੀ ਜਿਸ ਤੋਂ ਬਾਅਦ ਮਾਮਲੇ ਦੀ ਸੁਣਵਾਈ ਕਰਦੇ ਹੋਏ ਹਾਈਕੋਰਟ ਨੇ ਸਰਕਾਰ ਨੂੰ ਗੰਭੀਰਤਾ ਨਾਲ ਪੇਸ਼ ਆਉਣ ਨੂੰ ਕਿਹਾ ਹੈ। ਇਸ ਦੇ ਨਾਲ ਹੀ ਕੇਂਦਰ ਅਤੇ ਸੰਬੰਧਿਤ ਮੰਤਰਾਲਿਆਂ ਨੂੰ ਇਸ ਮਾਮਲੇ 'ਚ 9 ਨਵੰਬਰ ਨੂੰ ਸੁਣਵਾਈ ਨਿਰਧਾਰਿਤ ਕਰਦੇ ਹੋਏ ਜਵਾਬ ਦਾਖ਼ਲ ਕਰਨ ਦਾ ਆਦੇਸ਼ ਦਿੱਤੇ ਹਨ।

ਜਿਕਰਯੋਗ ਹੈ ਕੇ ਸੁਣਵਾਈ ਦੌਰਾਨ ਡੀ.ਐੱਸ.ਜੀ.ਐੱਮ.ਸੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਜਾਣਕਾਰੀ ਦਿਤੀ ਕਿ 9 ਮਈ 2018 ਨੂੰ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਪ੍ਰਧਾਨ ਜਸਵਿੰਦਰ ਸਿੰਘ ਜੌਲੀ ਨੂੰ ਐੱਨ.ਆਰ.ਆਈ. ਸੈੱਲ ਦੀ ਸਥਾਪਨਾ ਦਾ ਆਦੇਸ਼ ਦਿੱਤਾ ਸੀ। ਦਿੱਲੀ ਕਮੇਟੀ ਦੀ ਸ਼ਿਕਾਇਤ 'ਤੇ ਵਿਦੇਸ਼ ਮੰਤਰਾਲੇ ਨੇ 26 ਅਗਸਤ ਨੂੰ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੇ ਅਧੀਨ ਸਾਰਿਆਂ ਮਾਮਲਿਆਂ ਦੀ ਜਾਂਚ ਲਈ ਉਪ-ਸਕੱਤਰ ਸ਼ਿਪਰਾ ਰਾਏ ਦੀ ਪ੍ਰਧਾਨਤਾ 'ਚ ਇੰਟਗ੍ਰੇਟੇਡ ਨੋਡਲ ਏਜੰਸੀ ਬਣਾ ਦਿੱਤੀ ਹੈ। ਭਗੌੜੇ ਲਾੜਿਆਂ ਖਿਲਾਫ ਲੁਕਆਊਟ ਨੋਟਿਸ ਜਾਰੀ ਕਰਨ ਦਾ ਵੀ ਅਧਿਕਾਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਅਹਿਮ ਫੈਸਲਾ ਲੈਂਦਿਆਂ ਜਾਂਚ ਤੋਂ ਬਾਅਦ 50 ਭਗੌੜੇ ਲਾੜਿਆਂ ਦੇ ਪਾਸਪੋਰਟ ਵੀ ਰੱਦ ਕਰ ਦਿੱਤੇ ਹਨ।



# ਅ਼ਫੀਮ ਦੀ ਖੇਤੀ ਲਈ ਕਿਸਾਨ ਸਰਕਾਰ 'ਤੇ ਬਣਾਉਣ ਲੱਗੇ ਦਬਾਅ



ਚੰਡੀਗੜ੍ਹ : ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤੀ ਦਿਵਾਉਣ ਅਤੇ ਕਿਸਾਨਾਂ ਦੀ ਆਰਥਿਕ ਹਾਲਤ ਮਜ਼ਬੂਤ ਬਣਾਉਣ ਲਈ ਪੰਜਾਬ ਦੇ ਵੱਖਰੇ ਕਿਸਾਨ ਸੰਗਠਨਾਂ ਨੇ ਹੋਰ ਰਾਜਾਂ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਅ਼ਫੀਮ ਦੀ ਖੇਤੀ ਦੀ ਇਜਾਜ਼ਤ ਦੇਣ ਦੀ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਇਹ ਮੰਗ ਕਈ ਵਾਰ ਚੁੱਕੀ ਹੈ। ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਨੇਤਾਵਾਂ ਨੇ ਕਈ ਇਲਾਕਿਆਂ 'ਚ ਪ੍ਰਚਾਰ ਦੇ ਦੌਰਾਨ ਇਹ ਐਲਾਨ ਵੀ ਕੀਤਾ ਸੀ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਨਣ ਤੋਂ ਬਾਅਦ ਰਾਜ ਦੇ ਕਿਸਾਨਾਂ ਨੂੰ ਅ਼ਫੀਮ ਦੀ ਖੇਤੀ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਨਾਲ ਆਰਥਿਕ ਹਾਲਤ ਮਜ਼ਬੂਤ ਹੋਵੇਗੀ। ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਮਿਲ ਸਕੇਗੀ। ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਤਾਂ ਇਸ ਮੁੱਦੇ ਨੂੰ ਲੈ ਕੇ ਬਹੁਤ ਜ਼ਿਆਦਾ ਗੰਭੀਰ ਹਨ ਅਤੇ ਵਾਰ-ਵਾਰ ਪੰਜਾਬ ਵਿੱਚ ਅਫੀਮ ਦੀ ਖੇਤੀ ਦੀ ਵਕਾਲਤ ਕਰ ਚੁੱਕੇ ਹਨ। ਇਸ ਕਾਰਨ ਕਈ ਕਿਸਾਨ ਯੂਨੀਅਨਾਂ ਵੀ ਡਾ. ਗਾਂਧੀ ਦੀ ਮੰਗ ਦਾ ਸਮਰਥਨ ਕਰ ਰਹੀਆਂ ਹਨ। ਡਾ. ਗਾਂਧੀ ਦਾ ਮੰਨਣਾ ਹੈ ਕਿ ਰਵਾਇਤੀ ਨਸ਼ੇ ਲੋਕਾਂ ਨੂੰ ਓਨਾ ਬਰਬਾਦ ਨਹੀਂ ਕਰਦੇ ਜਿੰਨਾ ਕਿ ਸਿੰਥੈਟਿਕ ਨਸ਼ੇ ਕਰਦੇ ਹਨ। ਇਹ ਹਕੀਕਤ ਵਿੱਚ ਵੀ ਠੀਕ ਹੈ। ਪਿਛਲੇ ਸਮਿਆਂ ਵਿੱਚ ਖੇਤਾਂ ਵਿੱਚ ਕੰਮ ਕਰਦੇ ਲੋਕਾਂ ਵਿੱਚੋਂ ਲੋਕ ਅਫੀਮ ਜਾਂ ਭੁਕੀ ਦਾ ਇਸਤੇਮਾਲ ਕਰਦੇ ਸਨ। ਉਹ ਇਨ੍ਹਾਂ ਨਸ਼ਿਆਂ ਨਾਲ ਕੰਮ ਵੀ ਚੋਖਾ ਕਰਦੇ ਸਨ ਅਤੇ ਜਿਸਮਾਨੀ ਤੌਰ 'ਤੇ ਵੀ ਠੀਕ ਰਹਿੰਦੇ ਸਨ। ਇਹ ਸੱਚ ਹੈ ਕਿ ਇਹ ਲੋਕ ਚੋਰੀਆਂ ਜਾਂ ਲੁੱਟ-ਖੋਹ ਦੀਆਂ ਵਾਰਦਾਤਾਂ ਨਹੀਂ ਕਰਦੇ ਸਨ। ਹੁਣ ਸਿੰਥੈਟਿਕ ਨਸ਼ਿਆਂ ਕਾਰਨ ਨੌਜਵਾਨ ਨਸ਼ਿਆਂ ਦੀ ਪੂਰਤੀ ਲਈ ਕੋਈ ਵੀ ਜੁਰਮ ਕਰਨ ਲਈ ਤਿਆਰ ਰਹਿੰਦੇ ਹਨ। ਉਹ ਕੋਈ ਕੰਮ ਵੀ ਨਹੀਂ ਕਰਦੇ। ਜਿਹੜੇ ਕੰਮਕਾਰ ਕਰਨ ਵਾਲੇ ਜਾਂ ਪੜ੍ਹਨ ਵਾਲੇ ਨੌਜਵਾਨ ਸਿੰਥੈਟਿਕ ਨਸ਼ਾ ਕਰਨ ਲੱਗ ਜਾਂਦੇ ਹਨ ਉਹ ਕੰਮਕਾਰ ਤੋਂ ਵੀ ਜਾਂਦੇ ਹਨ ਅਤੇ ਪੜ੍ਹਾਈ ਤੋਂ ਵੀ। ਰਾਜਸਥਾਨ ਅਤੇ ਕੁੱਝ ਹੋਰ ਰਾਜਾਂ ਵਿੱਚ ਅ਼ਫੀਮ ਦੀ ਖੇਤੀ ਨੂੰ ਗ਼ੈਰਕਨੂੰਨੀ ਨਹੀਂ ਮੰਨਿਆ ਜਾਂਦਾ ਹੈ। ਉੱਥੇ ਅ਼ਫੀਮ ਦੀ ਖੇਤੀ ਨੂੰ ਸਰਕਾਰ ਤੋਂ ਮਨਜ਼ੂਰੀ ਮਿਲੀ ਹੋਈ ਹੈ। ਇਸ ਤੋਂ ਉੱਥੇ ਦੇ ਜੋ ਕਿਸਾਨ ਅ਼ਫੀਮ ਦੀ ਖੇਤੀ ਕਰਦੇ ਹਨ, ਉਨ੍ਹਾਂ ਦੀ ਆਰਥਿਕ ਹਾਲਤ ਕਾਫ਼ੀ ਮਜ਼ਬੂਤ ਹੈ ਅਤੇ ਉਨ੍ਹਾਂ 'ਤੇ ਕਰਜ਼ੇ ਵੀ ਕਾਫ਼ੀ ਘੱਟ ਹਨ। ਉੱਥੇ ਤੋਂ ਅ਼ਫੀਮ ਦੂਜੇ ਰਾਜਾਂ ਵਿੱਚ ਵੀ ਭੇਜੀ ਜਾਂਦੀ ਹੈ, ਜਿਸ ਨਾਲ ਕਿਸਾਨ ਕਾਫ਼ੀ ਪੈਸਾ ਕਮਾਉਂਦੇ ਹਨ।

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣ ਦੇ ਦੌਰਾਨ ਕਾਂਗਰਸ ਨੇ ਕਿਸਾਨਾਂ ਨਾਲ ਕਈ ਵਾਅਦੇ ਕੀਤੇ ਸਨ। ਇਹਨਾਂ ਵਿੱਚ ਕਰਜ਼ੇ ਮੁਆਫ਼ ਕਰਨਾ ਫਸਲੀ ਵਿਭਿੰਨਤਾ ਦੇ ਤਹਿਤ ਹੋਰ ਫਸਲਾਂ ਲਈ ਕਿਸਾਨਾਂ ਨੂੰ ਮਦਦ ਕਰਨਾ ਸ਼ਾਮਿਲ ਸਨ,ਪਰ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਇਹਨਾਂ 'ਚੋਂ ਕੋਈ ਵਾਅਦਾ ਪੂਰਾ ਨਹੀਂ ਕੀਤਾ ਗਿਆ।

ਕਿਸਾਨ ਨੇਤਾਵਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਅ਼ਫੀਮ ਦੀ ਖੇਤੀ ਨੂੰ ਮਨਜ਼ੂਰੀ ਮਿਲਣ ਨਾਲ ਨੌਜਵਾਨ ਕੈਮੀਕਲ ਨਸ਼ਾ ਦੀ ਪਕੜ ਤੋਂ ਅਜ਼ਾਦ ਹੋ ਜਾਣਗੇ। ਮੌਜੂਦਾ ਸਮੇਂ 'ਚ ਪੰਜਾਬ ਦੇ ਅੱਧੇ ਤੋਂ ਜ਼ਿਆਦਾ ਨੌਜਵਾਨ ਕੈਮੀਕਲ ਨਸ਼ਾ ਕਰਦਾ ਹੈ ਜਿਸ ਦੀ ਚਪੇਟ ਵਿੱਚ ਆਕੇ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹਨ। ਇਸ ਨਾਲ ਕੈਮੀਕਲ ਨਸ਼ੇ ਦੀ ਜਕੜ ਵਿੱਚ ਫਸੇ ਨੌਜਵਾਨ ਆਜ਼ਾਦ ਹੋਣਗੇ।

# ਆਮ ਲੋਕਾਂ ਨਾਲੋਂ 22 ਗੁਣਾ ਜ਼ਿਆਦਾ ਕਮਾਉਂਦੇ ਨੇ ਵਿਧਾਇਕ



ਨਵੀਂ ਦਿੱਲੀ : ਦੇਸ਼ ਦਾ ਹਰ ਵਿਧਾਇਕ ਔਸਤਨ 24.59 ਲੱਖ ਰੁਪਏ ਸਾਲਾਨਾ ਕਮਾਉਂਦਾ ਹੈ। ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮ ਦੀ ਸੋਮਵਾਰ ਨੂੰ ਜਾਰੀ ਰਿਪੋਰਟ ਮੁਤਾਬਕ ਵਿਧਾਇਕਾਂ ਦੀ ਤਨਖਾਹ ਅਤੇ ਆਮ ਸ੍ਰੋਤਾਂ ਤੋਂ ਕਮਾਈ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਤੋਂ 22 ਗੁਣਾ ਜ਼ਿਆਦਾ ਹੈ। ਇਹ ਰਿਪੋਰਟ ਦੇਸ਼ ਦੇ ਕੁਲ 4086 'ਚੋਂ 3145 ਵਿਧਾਇਕਾਂ ਦੇ ਹਲਫਨਾਮੇ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ।

ਕਿਸ ਸੂਬੇ ਦੇ ਵਿਧਾਇਕ ਦੀ ਕਿੰਨੀ ਕਮਾਈ

- ਦੇਸ਼ 'ਚ ਸਭ ਤੋਂ ਜ਼ਿਆਦਾ 1.11 ਕਰੋੜ ਰੁਪਏ ਔਸਤ ਕਮਾਈ ਕਰਨਾਟਕ ਦੇ ਵਿਧਾਇਕਾਂ ਦੀ ਹੈ।
- ਸਭ ਤੋਂ ਘੱਟ 5.4 ਲੱਖ ਰੁਪਏ ਸਾਲਾਨਾ ਔਸਤ ਆਮਦਨ ਛਤੀਸਗੜ੍ਹ ਦੇ ਵਿਧਾਇਕਾਂ ਦੀ ਹੈ।

ਆਮਦਨ ਦਾ ਸ੍ਰੋਤ

- 25 ਫੀਸਦੀ (771 ਵਿਧਾਇਕ) ਦੀ ਆਮਦਨ ਕਾਰੋਬਾਰ ਤੋਂ ਹੁੰਦੀ ਹੈ।
- 24 ਫੀਸਦੀ (758 ਵਿਧਾਇਕ) ਖੇਤੀਬਾੜੀ ਕੰਮ ਤੋਂ ਇੰਨੀ ਕਮਾਈ ਕਰਦੇ ਹਨ।
- 2 ਫੀਸਦੀ (55 ਵਿਧਾਇਕ) ਨੇ ਆਪਣੇ ਪੇਸ਼ੇ ਦੇ ਬਾਰੇ ਨਹੀਂ ਦੱਸਿਆ।

ਘੱਟ ਪੜ੍ਹਾਈ ਜ਼ਿਆਦਾ ਕਮਾਈ।

- 89.88 ਲੱਖ ਰੁਪਏ ਔਸਤ ਸਾਲਾਨਾ ਆਮਦਨ ਅੱਠਵੀਂ ਪਾਸ ਤੱਕ ਦੇ 139 ਵਿਧਾਇਕਾਂ ਦੀ ਹੈ।
- 31.03 ਲੱਖ ਰੁਪਏ ਔਸਤ ਸਾਲਾਨਾ ਆਮਦਨ ਪੰਜਵੀਂ ਤੋਂ 12ਵੀਂ ਪਾਸ 1052 ਵਿਧਾਇਕਾਂ ਦੀ ਹੈ।
- 20.87 ਲੱਖ ਰੁਪਏ ਔਸਤਨ ਕਮਾਉਂਦੇ ਗ੍ਰੇਜੂਏਸ਼ਨ ਡਿਗਰੀ ਵਾਲੇ 1997 ਵਿਧਾਇਕ ਹਨ।

ਉਮਰ ਨਾਲ ਵੱਧਦੀ ਆਮਦਨ

ਉਮਰ (ਸਾਲ 'ਚ) ਵਿਧਾਇਕਾਂ ਦੀ ਗਿਣਤੀ ਸਾਲਾਨਾ ਆਮਦਨ (ਲੱਖ ਰੁਪਏ)

25 ਤੋਂ 50, 1402, 18.25

51 ਤੋਂ 80, 1727, 29.32

81 ਤੋਂ 90, 11, 87.71

ਇੱਥੇ ਵੀ ਦਿਖਾਈ ਦਿੰਦਾ ਮਹਿਲਾ-ਪੁਰਸ਼ 'ਚ ਅੰਤਰ

- ਪੁਰਸ਼ ਵਿਧਾਇਕਾਂ ਦੀ 25.85 ਲੱਖ ਰੁਪਏ ਔਸਤ ਸਾਲਾਨਾ ਆਮਦਨ ਹੈ।
- ਮਹਿਲਾ ਵਿਧਾਇਕ 10.53 ਲੱਖ ਰੁਪਏ ਸਲਾਨਾ ਹੀ ਕਮਾਉਂਦੀਆਂ ਹਨ।

ਸੂਬੇ ਵਾਰ ਵਿਧਾਇਕਾਂ ਦੀ ਆਮਦਨ

ਰਾਜ ਔਸਤ ਆਮਦਨ (ਲੱਖ ਰੁਪਏ)

ਬਿਹਾਰ 9.71

ਝਾਰਖੰਡ 7.38

ਉਤਰ ਪ੍ਰਦੇਸ਼ 12.85

ਉਤਰਾਖੰਡ 11.06

ਦਿੱਲੀ 9.39

ਇਹ ਵਿਧਾਇਕ ਸਭ ਤੋਂ ਜ਼ਿਆਦਾ ਕਮਾਉਂਦੇ ਹਨ

ਬੰਗਲੁਰੂ ਪੇਂਡੂ ਖੇਤਰ ਤੋਂ ਵਿਧਾਇਕ ਐਨ ਨਾਗਰਾਜੂ ਦੀ ਸਭ ਤੋਂ ਜ਼ਿਆਦਾ 157 ਕਰੋੜ ਰੁਪਏ ਆਮਦਨ ਹੈ।

ਮੁੰਬਈ ਸਿਟੀ ਦੇ ਵਿਧਾਇਕ ਪ੍ਰਭਾਤ ਦੂਜੇ ਸਥਾਨ 'ਤੇ ਹਨ, ਜਿਨ੍ਹਾਂ ਦੀ ਆਮਦਨ 34.66 ਕਰੋੜ ਰੁਪਏ ਹੈ।

ਜਨਤਾ ਦਾ ਹਾਲ

ਆਮ ਲੋਕ

- ਮਾਰਚ 2018 ਦੇ ਅੰਕੜਿਆਂ ਦੇ ਮੁਤਾਬਕ ਭਾਰਤੀਆਂ ਦੀ 1.13 ਲੱਖ ਰੁਪਏ ਔਸਤਨ ਸਾਲਾਨਾ ਆਮਦਨ ਹੈ।
- 7.3 ਕਰੋੜ ਆਬਾਦੀ ਅਤਿ ਗਰੀਬੀ 'ਚ ਰਹਿ ਰਹੀ ਹੈ, ਸਾਲ 'ਚ 50 ਹਜ਼ਾਰ ਰੁਪਏ ਵੀ ਨਹੀਂ ਕਮਾ ਪਾਉਂਦੇ।

ਸਰਕਾਰੀ ਕਰਮਚਾਰੀ

- ਕੇਂਦਰੀ ਕਰਮੀਆਂ ਦੀ ਘੱਟੋ ਘੱਟ 18,000 ਰੁਪਏ ਮਾਸਿਕ ਆਮਦਨ ਹੈ (ਭੱਤੇ ਅਲੱਗ)
- ਕੇਂਦਰ ਸਰਕਾਰ ਦੇ ਸਭ ਤੋਂ ਵੱਡੇ ਨੌਕਰਸ਼ਾਹ ਨੂੰ 2.5 ਲੱਖ ਰੁਪਏ ਪ੍ਰਤੀ ਮਹੀਨੇ 'ਚ ਮਿਲਦੇ ਹਨ।

ਕੇਂਦਰ ਵੱਲੋਂ ਨਿਰਧਾਰਤ ਘੱਟ ਘੱਟ ਮਜ਼ਦੂਰੀ

- 9,540 ਤੋਂ 10,560 ਰੁਪਏ ਪ੍ਰਤੀ ਮਹੀਨਾ ਗੈਰ ਹੁਨਰਮੰਦ ਲਈ।
- 9,750 ਤੋਂ 12,540 ਰੁਪਏ ਪ੍ਰਤੀ ਮਹੀਨਾ ਅਰਧ ਹੁਨਰਮੰਦ ਤੇ ਕਲਰਕ ਲਈ।
- 11,550 ਤੋਂ 13,890 ਰੁਪਏ ਪ੍ਰਤੀ ਮਹੀਨਾ ਹੁਨਰਮੰਦ ਵਰਕਰਾਂ ਲਈ।

# ਭਾਰਤ 'ਚ ਹਰ ਦੋ ਮਿੰਟਾਂ ਬਾਅਦ ਮਰਦੇ 3 ਨਵਜਨਮੇ ਬਾਲ



ਨਵੀਂ ਦਿੱਲੀ : ਭਾਰਤ 'ਚ ਹਰ ਦੋ ਮਿੰਟਾਂ ਬਾਅਦ ਤਿੰਨ ਨਵਜਨਮੇ ਬਾਲ ਸਿਰਫ਼ ਪਾਣੀ, ਸ਼ਫ਼ਾਈ, ਕੁਪੋਸ਼ਣ ਜਾਂ ਬੁਨਿਆਦੀ ਸਿਹਤ ਸਹੂਲਤਾਂ ਦੀ ਘਾਟ ਕਾਰਨ ਮਰ ਜਾਂਦੇ ਹਨ। ਇਹ ਪ੍ਰਗਟਾਵਾ ਸੰਯੁਕਤ ਰਾਸ਼ਟਰ ਦੀ 'ਗਰੁੱਪ ਫ਼ਾਰ ਚਾਈਲਡ ਮੌਰਟੈਲਿਟੀ ਐਸਟੀਮੇਸ਼ਨ' ਬਾਰੇ ਸੰਯੁਕਤ ਰਾਸ਼ਟਰ ਦੇ ਇੰਟਰ-ਏਜੰਸੀ ਗਰੁੱਪ ਦੀ ਰਿਪੋਰਟ 'ਚ ਕੀਤਾ ਗਿਆ ਹੈ। ਪਿਛਲੇ ਵਰ੍ਹੇ 2017 ਦੌਰਾਨ ਭਾਰਤ 'ਚ 8,02,000 ਨਵਜਨਮੇ ਬੱਚਿਆਂ ਦੀਆਂ ਮੌਤਾਂ ਹੋਈਆਂ; ਭਾਵੇਂ ਇਹ ਅੰਕੜਾ ਪਿਛਲੇ ਪੰਜ ਸਾਲਾਂ 'ਚ ਸਭ ਤੋਂ ਘੱਟ ਸੀ; ਇਸ ਦੇ ਬਾਵਜੂਦ ਇੰਨੇ ਨਵਜਨਮੇ ਬੱਚੇ ਵਿਸ਼ਵ ਦੇ ਹੋਰ ਕਿਸੇ ਵੀ ਦੇਸ਼ 'ਚ ਨਹੀਂ ਮਰਦੇ। ਉਂਝ ਇਸ ਮਾਮਲੇ 'ਚ ਚੀਨ ਦਾ ਨੰਬਰ ਭਾਰਤ ਤੋਂ ਬਾਅਦ ਆਉਂਦਾ ਹੈ, ਜਿੱਥੇ ਹਰ ਸਾਲ 3.30 ਲੱਖ ਨਵਜਨਮੇ ਬਾਲ ਦਮ ਤੋੜ ਜਾਂਦੇ ਹਨ।

ਵਿਸ਼ਵ ਸਿਹਤ ਸੰਗਠਨ ਦੇ ਸਿਹਤ ਮਾਮਲਿਆਂ ਬਾਰੇ ਮੁਖੀ ਡਾ. ਗਗਨ ਗੁਪਤਾ ਨੇ ਦੱਸਿਆ ਕਿ ਹੁਣ ਭਾਰਤ ਉਨ੍ਹਾਂ ਸਾਰੇ ਕਾਰਨਾਂ ਨੂੰ ਦੂਰ ਕਰਨ ਦੇ ਮਾਮਲੇ 'ਚ ਚੰਗੀ ਪ੍ਰਗਤੀ ਕਰ ਰਿਹਾ ਹੈ, ਜਿਨ੍ਹਾ ਕਰਕੇ ਨਵਜਨਮੇ ਬਾਲਾਂ ਦੀਆਂ ਇੰਝ ਮੌਤਾਂ ਹੋ ਰਹੀਆਂ ਹਨ। 'ਇਹ ਗੱਲ ਚੇਤੇ ਰੱਖੀ ਜਾਣੀ ਚਾਹੀਦੀ ਹੈ ਕਿ ਭਾਰਤ 'ਚ ਹਰ ਸਾਲ ਢਾਈ ਕਰੋੜ ਬੱਚੇ ਜਨਮ ਲੈਂਦੇ ਹਨ ਅਤੇ ਹੁਣ ਨਵਜਨਮੇ ਬਾਲਾਂ ਦੀ ਮੌਤ ਦਰ ਵਿੱਚ ਕੁਝ ਕਮੀ ਆ ਰਹੀ ਹੈ। ਅਜਿਹਾ ਵੀ ਪਹਿਲੀ ਵਾਰ ਹੋਇਆ ਹੈ ਕਿ ਪੰਜ ਸਾਲਾਂ ਤੋਂ ਘੱਟ ਉਮਰ 'ਚ ਮਰਨ ਵਾਲੇ ਬੱਚਿਆਂ ਦੀ ਗਿਣਤੀ ਪੈਦਾ ਹੋਏ ਬੱਚਿਆਂ ਦੀ ਗਿਣਤੀ ਦੇ ਬਰਾਬਰ ਹੈ।'

ਉਨ੍ਹਾਂ ਦੱਸਿਆ ਕਿ ਦੁਨੀਆ 'ਚ ਜਿੰਨੇ ਵੀ ਬੱਚੇ ਪੈਦਾ ਹੁੰਦੇ ਹਨ, ਉਨ੍ਹਾਂ 'ਚੋਂ 18 ਫ਼ੀ ਸਦੀ ਭਾਰਤ ਤੋਂ ਹੁੰਦੇ ਹਨ। ਨਾਈਜੀਰੀਆ 'ਚ ਹਰ ਸਾਲ 4.66 ਲੱਖ ਨਵਜਨਮੇ ਬਾਲਾਂ ਦੀ ਮੌਤ ਹੁੰਦੀ ਹੈ। ਪਾਕਿਸਤਾਨ 'ਚ ਇਹ ਗਿਣਤੀ 3.30 ਲੱਖ, ਕਾਂਗੋ ਗਣਰਾਜ 'ਚ 2.33 ਲੱਖ ਹੈ।

# ਫੇਸਬੁੱਕ 'ਤੇ ਬਣੇ ਅੰਬਰਸਰੀਏ ਦੋਸਤ ਨੂੰ ਮਿਲਣ ਪਹੁੰਚੀ ਅਮਰੀਕੀ ਮੁਟਿਆਰ



ਅੰਮ੍ਰਿਤਸਰ : ਆਪਣੇ ਫੇਸਬੁੱਕ ਦੋਸਤ ਨੂੰ ਮਿਲਣ ਵਾਸਤੇ 22 ਸਾਲਾ ਅਮਰੀਕੀ ਮੁਟਿਆਰ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਵਿੱਚ ਪਹੁੰਚੀ ਹੈ। ਉਂਝ ਹਜ਼ਾਰਾਂ ਵਿਦੇਸ਼ੀ ਸੈਲਾਨੀ ਰੋਜ਼ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਉਂਦੇ ਹਨ, ਪਰ ਅਮਰੀਕਾ ਦੇ ਮੈਰੀਲੈਂਡ ਦੀ 22 ਸਾਲਾ ਵ੍ਹਾਈਟਨੀ ਹੈਰਿਸ ਆਪਣੇ ਫੇਸਬੁੱਕ 'ਤੇ ਦੋਸਤ ਬਣੇ ਬਾਰ੍ਹਵੀਂ ਜਮਾਤ ਦੇ 21 ਸਾਲਾ ਵਿਦਿਆਰਥੀ ਪੁਲਕਿਤ ਨੂੰ ਮਿਲਣ ਆਈ ਹੈ। ਉਸ ਦੇ ਇਸ ਤਰ੍ਹਾਂ ਭਾਰਤ ਆਉਣ ਨਾਲ ਜਿੱਥੇ ਪੁਲਕਿਤ ਦੇ ਮਾਪੇ ਹੈਰਾਨ ਹਨ, ਉੱਥੇ ਹੀ ਉਸ ਦੇ ਅਮਰੀਕਾ ਵਿਚਲੇ ਪਰਿਵਾਰਕ ਮੈਂਬਰ ਚਿੰਤਾ ਵਿੱਚ ਹਨ ਤੇ ਉਸ ਦੇ ਗ਼ਾਇਬ ਹੋਣ ਨੂੰ ਮਨੁੱਖੀ ਤਸਕਰੀ ਨਾਲ ਜੋੜ ਕੇ ਦੇਖ ਰਹੇ ਹਨ। ਵ੍ਹਾਈਟਨੀ ਦੇ ਅੰਕਲ ਇਰਿਨ ਰੇਅਨੌਲਜ਼ ਹੈਰਿਸ ਨੇ ਆਪਣੇ ਫੇਸਬੁੱਕ ਪੇਜ 'ਤੇ ਉਸ ਪ੍ਰਤੀ ਚਿੰਤਾ ਵਾਲੀ ਪੋਸਟ ਸਾਂਝੀ ਕੀਤੀ ਕਿ ਮੇਰੀ ਭਤੀਜੀ ਗੁੰਮ ਹੋ ਗਈ ਹੈ। ਉਸ ਨੇ ਪੱਤਰ ਲਿਖਿਆ ਹੈ ਕਿ ਉਹ ਕਿਸੇ ਨੂੰ ਆਨਲਾਈਨ ਮਿਲੀ ਸੀ ਤੇ ਹੁਣ ਅਸਲੀਅਤ ਵਿੱਚ ਮਿਲਣ ਲਈ ਅੰਮ੍ਰਿਤਸਰ ਜਾ ਰਹੀ ਹੈ। ਉਹ ਹੁਣ ਚਿੰਤਾ ਵਿੱਚ ਹਨ ਕਿ ਕਿਧਰੇ ਉਨ੍ਹਾਂ ਦੀ ਭਤੀਜੀ ਮਨੁੱਖੀ ਤਸਕਰੀ ਦੇ ਚੱਕਰ ਵਿੱਚ ਤਾਂ ਨਹੀਂ ਫਸ ਗਈ। ਹੈਰਿਸ ਦੀ ਇਹ ਪੋਸਟ ਅੰਮ੍ਰਿਤਸਰ ਦੀ ਹੀ ਰਹਿਣ ਵਾਲੀ ਜੀਵਨ ਜਯੋਤ ਦੀ ਨਿਗ੍ਹਾ ਪੈ ਗਈ ਤੇ ਉਸ ਨੇ ਵ੍ਹਾਈਟਨੀ ਨੂੰ ਪਛਾਣ ਲਿਆ ਕਿ ਇਹ ਔਰਤ ਪੁਲਕਿਤ ਨਾਲ ਸਵੇਰੇ ਸੱਤ ਕੁ ਵਜੇ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ 'ਤੇ ਉੱਤਰੀ ਹੈ, ਜੋ ਉਸ ਨੂੰ ਨਵੀਂ ਦਿੱਲੀ ਤੋਂ ਲੈ ਕੇ ਆਇਆ ਸੀ। ਕਹਾਣੀ ਵਿੱਚ ਇੱਕ ਹੋਰ ਮੋੜ ਆਇਆ ਜਦੋਂ ਚਰਚ ਦਾ ਪਾਸਟਰ ਤੇ ਐਲਡਰ ਡਾ. ਪਰਕਾਸ਼ ਮਸੀਹ ਵ੍ਹਾਈਟਨੀ ਨੂੰ ਆਪਣੇ ਨਾਲ ਲਿਜਾਣ ਲਈ ਪਹੁੰਚ ਗਏ। ਇਸ 'ਤੇ ਪਹਿਲਾਂ ਤਾਂ ਜੀਵਨ ਜਯੋਤੀ ਨੇ ਮਨ੍ਹਾ ਕੀਤਾ ਪਰ ਪਾਦਰੀ ਨੇ ਦੱਸਿਆ ਕਿ ਉਹ ਉਸ (ਵ੍ਹਾਈਟਨੀ) ਦੇ ਮਾਪਿਆਂ ਨੂੰ ਜਾਣਦਾ ਹੈ ਤੇ ਉਸ ਨੇ ਉਨ੍ਹਾਂ ਨਾਲ ਉਸ ਦੇ ਇੱਥੇ ਆਉਣ ਬਾਰੇ ਗੱਲਬਾਤ ਵੀ ਕੀਤੀ ਹੈ। ਫਿਰ ਵੀ ਜੀਵਨ ਜਯੋਤੀ ਦਾ ਮਨ ਨਾ ਮੰਨਿਆ ਤੇ ਉਸ ਨੇ ਵ੍ਹਾਈਟਨੀ ਦੇ ਉਨ੍ਹਾਂ ਨਾਲ ਜਾਣ ਤੋਂ ਬਾਅਦ ਸ਼ਹਿਰ ਦੇ ਡਿਪਟੀ ਕਮਿਸ਼ਨਰ ਕੇ ਐਸ ਸੰਘਾ ਤੇ ਪੁਲਿਸ ਕਮਿਸ਼ਨਰ ਐਸ.ਐਸ. ਸ੍ਰੀਵਾਸਤਵ ਨੂੰ ਸੂਚਿਤ ਕਰ ਦਿੱਤਾ। ਅਮਰੀਕੀ ਨਾਗਰਿਕ ਦੇ ਇਸ ਤਰ੍ਹਾਂ ਦੇ ਹਾਲਾਤ ਵਿੱਚ ਹੋਣ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆ ਗਿਆ ਤੇ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਅਲਕਾ ਦੀ ਅਗਵਾਈ ਵਿੱਚ ਟੀਮ ਬਣਾ ਕੇ ਡਾ. ਮਸੀਹ ਦੀ ਰਿਹਾਇਸ਼ 'ਤੇ ਭੇਜੀ। ਕਮਿਸ਼ਨਰ ਅਲਕਾ ਨੇ ਦੱਸਿਆ ਕਿ ਉੱਥੇ ਜਾ ਕੇ ਅਸੀਂ ਵ੍ਹਾਈਟਨੀ ਨੂੰ ਸੁਰੱਖਿਅਤ ਪਾਇਆ ਤੇ ਉਸ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹ ਇੱਥੇ ਆਪਣੀ ਮਰਜ਼ੀ ਨਾਲ ਆਈ ਹੈ। ਉਨ੍ਹਾਂ ਨਾਲ ਗੱਲਬਾਤ ਦੌਰਾਨ ਡਾ. ਮਸੀਹ ਨੇ ਦੱਸਿਆ ਕਿ ਉਹ (ਵ੍ਹਾਈਟਨੀ) ਅਮਰੀਕਾ ਦੇ ਸੈਵੰਥ-ਡੇਅ ਐਡਵੈਨਟਿਸਟ ਚਰਚ ਦੀ ਮੈਂਬਰ ਹੈ ਤੇ ਉਸ ਦੇ ਅੰਮ੍ਰਿਤਸਰ ਪਹੁੰਚਣ ਬਾਰੇ ਉੱਥੋਂ ਹੀ ਸੂਚਨਾ ਮਿਲੀ ਸੀ ਤੇ ਉਨ੍ਹਾਂ ਦੇ ਕਹਿਣ 'ਤੇ ਹੀ ਉਹ ਉਸ ਨੂੰ ਇੱਥੇ ਲੈ ਕੇ ਆਏ ਸਨ। ਡਾ. ਮਸੀਹ ਨੇ ਦੱਸਿਆ ਕਿ ਉਸ ਦੀ ਮੁਟਿਆਰ ਦੇ ਪਰਿਵਾਰ ਵਿੱਚੋਂ ਸ਼ਾਇਦ ਉਸ ਦੇ ਭਰਾ ਨਾਲ ਗੱਲ ਹੋਈ ਹੈ ਤੇ ਉਹ ਕੁਝ ਹੀ ਦਿਨਾਂ ਵਿੱਚ ਇੱਥੇ ਪਹੁੰਚ ਕੇ ਇਸ ਨੂੰ ਲੈ ਜਾਵੇਗਾ। ਉੱਧਰ, ਵ੍ਹਾਈਟਨੀ ਦੇ ਇੱਥੇ ਇਸ ਤਰ੍ਹਾਂ ਪਹੁੰਚਣ ਬਾਰੇ ਪੁਲਕਿਤ ਦੇ ਪਿਤਾ ਬ੍ਰਿਜ ਮੋਹਨ ਨੇ ਕਿਹਾ ਕਿ ਦੋਵਾਂ ਦੇ ਰਿਸ਼ਤੇ ਬਾਰੇ ਹਾਲੇ ਤਕ ਉਨ੍ਹਾਂ ਦਾ ਕੋਈ ਵਿਚਾਰ ਨਹੀਂ ਹੈ। ਉਹ ਉਸ (ਵ੍ਹਾਈਟਨੀ) ਦੇ ਮਾਪਿਆਂ ਦੇ ਮੁਤਾਬਕ ਹੀ ਚੱਲਣਗੇ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਹ ਉਨ੍ਹਾਂ ਦੇ ਘਰ ਆਉਣਾ ਚਾਹੁੰਦੀ ਹੈ ਤਾਂ ਉਹ ਬੇਝਿਜਕ ਆ ਸਕਦੀ ਹੈ। ਹੁਣ, ਦੇਖਣਾ ਇਹ ਹੋਵੇਗਾ ਕਿ ਜਦ ਵ੍ਹਾਈਟਨੀ ਦੇ ਪਰਿਵਾਰ ਵਿੱਚੋਂ ਕੋਈ ਆਉਂਦਾ ਹੈ, ਤਾਂ ਉਦੋਂ ਉਹ ਕੀ ਫੈਸਲਾ ਲੈਂਦੇ ਹਨ।

# ਕਤਲ ਦੇ 19 ਸਾਲ ਪੁਰਾਣੇ ਮਾਮਲੇ 'ਚ ਯੋਗੀ ਨੂੰ ਨੋਟਿਸ



ਗੋਰਖਪੁਰ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵਿਰੁੱਧ ਮਹਾਰਾਜਗੰਜ ਦੀ ਜ਼ਿਲਾ ਅਦਾਲਤ ਨੇ 19 ਸਾਲ ਪੁਰਾਣੇ ਕਤਲ ਦੇ ਇਕ ਮਾਮਲੇ ਵਿਚ ਨੋਟਿਸ ਜਾਰੀ ਕੀਤਾ ਹੈ। ਇਸ ਦਾ ਇਕ ਹਫਤੇ ਅੰਦਰ ਜਵਾਬ ਦੇਣ ਲਈ ਕਿਹਾ ਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ 27 ਅਕਤੂਬਰ ਨੂੰ ਹੋਵੇਗੀ। ਫਰਵਰੀ 1999 ਵਿਚ ਮਹਾਰਾਜਗੰਜ ਦੇ ਪੰਚਰੁਖੀਆ ਖੇਤਰ ਇਕ ਜ਼ਮੀਨ 'ਤੇ ਕਬਰਿਸਤਾਨ ਨੂੰ ਲੈ ਕੇ ਵਿਵਾਦ ਉਠਿਆ ਸੀ। ਵਿਵਾਦ ਵਿਚ ਸਪਾ ਨੇਤਾ ਤਲਤ ਅਜ਼ੀਜ਼ ਅਤੇ ਯੋਗੀ ਆਦਿਤਿਆਨਾਥ ਦੇ ਧੜੇ ਆਹਮੋ-ਸਾਹਮਣੇ ਸਨ। ਇਸ ਦੌਰਾਨ ਦੋਵਾਂ ਧਿਰਾਂ ਵਿਚ ਆਹਮੋ-ਸਾਹਮਣਾ ਹੋ ਗਿਆ ਅਤੇ ਗੋਲੀ ਚਲ ਗਈ। ਫਾਇਰਿੰਗ 'ਚ ਤਲਤ ਅਜ਼ੀਜ਼ ਦੇ ਸੁਰੱਖਿਆ ਗਾਰਡ ਦੀ ਮੌਤ ਹੋ ਗਈ ਸੀ।

### ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਦੇ ਤਸੀਹਿਆਂ ਦਾ ਕੀਤਾ ਖੁਲਾਸਾ

# ਜੇਲ 'ਚ ਰੋਜ਼ਾਨਾ ਹੁੰਦਾ ਸੀ ਸਮੂਹਿਕ ਬਲਾਤਕਾਰ

ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਵਲੋਂ ਕੀਤੇ ਜਾਣ ਵਾਲੇ ਖ਼ੂਨ-ਖਰਾਬੇ ਤੋਂ ਹਰ ਕੋਈ ਜਾਣੂ ਹੈ ਪਰ ਇਹ ਅੱਤਵਾਦੀ ਅਗਵਾ ਕੀਤੀਆਂ ਔਰਤਾਂ ਨੂੰ ਕਿੰਨੇ ਤਸੀਹੇ ਦਿੰਦੇ ਹਨ ਇਹ ਜਾਣ ਕੇ ਤੁਹਾਡੀ ਰੂਹ ਕੰਬ ਜਾਵੇਗੀ।



ਫਰੀਦਾ ਖਲਫ ਨਾਂ ਦੀ ਲੜਕੀ ਨੇ ਇਸਲਾਮਿਕ ਸਟੇਟ ਦੇ ਤਸੀਹਿਆਂ ਦਾ ਖੁਲਾਸਾ ਕੀਤਾ ਹੈ। ਇਸਲਾਮਿਕ ਸਟੇਟ ਦੇ ਕਬਜ਼ੇ 'ਚੋਂ ਭੱਜੀ ਫਰੀਦਾ ਖਲਫ ਨੇ ਇਸਲਾਮਿਕ ਸਟੇਟ ਦੀ ਦਰਿੰਦਗੀ ਦੀ ਪੂਰੀ ਦਾਸਤਾਨ ਬਿਆਨ ਕੀਤੀ ਹੈ। ਫਰੀਦਾ ਨੇ ਦੱਸਿਆ ਕਿ 16 ਸਾਲ ਦੀ ਉਮਰ 'ਚ ਇਸਲਾਮਿਕ ਸਟੇਟ ਦੇ ਲੜਾਕਿਆਂ ਨੇ ਉਸ ਨੂੰ ਅਗਵਾ ਕਰ ਲਿਆ ਤੇ ਉਸ ਨੂੰ ਯੌਨ-ਕਿਰਿਆ ਦਾ ਗੁਲਾਮ ਬਣਾ ਕੇ ਰੱਖਿਆ ਗਿਆ ਸੀ। ਅੱਤਵਾਦੀ ਰੁਜ਼ਾਨਾ ਉਸ ਦੇ ਨਾਲ ਰੇਪ ਕਰਦੇ ਸਨ। ਫਰੀਦਾ ਨੇ ਦੱਸਿਆ ਕਿ ਚਾਰ ਮਹੀਨਿਆਂ ਤੱਕ ਉਸ ਨੂੰ ਇਸ ਤਰ੍ਹਾਂ ਤਸੀਹੇ ਦਿੱਤੇ ਗਏ ਕਿ ਉਸ ਦੀਆਂ ਅੱਖਾਂ ਦੀ ਰੌਸ਼ਨੀ ਤੱਕ ਚਲੀ ਗਈ। ਇਨ੍ਹਾਂ ਤਸੀਹਿਆਂ ਤੋਂ ਤੰਗ ਆ ਕੇ ਉਸ ਨੇ ਚਾਰ ਵਾਰ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਬੱਚ ਗਈ।

**150 ਲੜਕੀਆਂ ਨਾਲ ਕੀਤਾ ਸੀ ਅਗਵਾ**

ਫਰੀਦਾ ਨੇ ਦੱਸਿਆ ਕਿ 2014 'ਚ ਇਸਲਾਮਿਕ ਸਟੇਟ ਦੇ ਅੱਤਵਾਦੀਆਂ ਨੇ ਉਸ ਨੂੰ, ਉਸ ਦੀ ਮਾਂ ਤੇ 2 ਭਰਾਵਾਂ ਨੂੰ 150 ਲੜਕੀਆਂ ਦੇ ਨਾਲ ਅਗਵਾ ਕੀਤਾ ਸੀ। ਅੱਤਵਾਦੀ ਉਸ ਨੂੰ ਮੌਸੂਲ ਲੈ ਗਏ ਤੇ ਉਥੇ ਉਸ ਦੇ ਪਿਤਾ ਨੂੰ ਮਾਰ ਦਿੱਤਾ ਗਿਆ। ਇਸ ਤੋਂ ਬਾਅਦ ਇਸ ਦੇ ਪਰਿਵਾਰ ਨੂੰ ਉਸ ਤੋਂ ਵੱਖ ਕਰਕੇ ਬਾਕੀਆਂ 150 ਲੜਕੀਆਂ ਨਾਲ ਸ਼ਹਿਰ ਰੱਕਾ ਭੇਜ ਦਿੱਤਾ ਗਿਆ।

**ਅੱਤਵਾਦੀਆਂ ਨੇ ਕੀਤੇ ਅੱਤਿਆਚਾਰ**

ਫਰੀਦਾ ਨੇ ਦੱਸਿਆ ਕਿ ਅੱਤਵਾਦੀਆਂ ਨੇ ਉਸ ਨੇ ਨਾਲ ਉਹ ਸਭ ਕੀਤਾ, ਜਿਸ ਦੀ ਉਸ ਨੇ ਕਲਪਨਾ ਵੀ ਨਹੀਂ ਸੀ ਕੀਤੀ। ਫਰੀਦਾ ਨੂੰ ਅੱਤਵਾਦੀਆਂ ਨੇ ਬੁਰੀ ਤਰ੍ਹਾਂ ਮਾਰਿਆ। ਉਸ ਦੇ ਸਿਰ ਦੀ ਤਿੰਨ ਥਾਂ ਤੋਂ ਹੱਡੀ ਵੀ ਟੁੱਟ ਗਈ। ਹਾਲਾਤ ਇਹ ਹੋ ਗਏ ਕਿ ਉਸ ਦੀਆਂ ਅੱਖਾਂ ਦੀ ਰੌਸ਼ਨੀ ਵੀ ਲਗਭਗ ਖਤਮ ਹੋ ਗਈ।

**ਚਾਰ ਮਹੀਨੇ ਰੋਜ਼ ਹੁੰਦਾ ਰਿਹਾ ਸਰੀਰਕ ਸ਼ੋਸ਼ਣ**

ਫਰੀਦੇ ਨੇ ਦੱਸਿਆ ਕਿ ਚਾਰ ਮਹੀਨੇ ਦੀ ਕੈਦ 'ਚ ਉਹ ਪਤਾ ਨਹੀਂ ਕਿੰਨੀ ਵਾਰ ਗੈਂਗਰੇਪ ਦੀ ਸ਼ਿਕਾਰ ਹੋਈ ਤੇ ਰੁਜ਼ਾਨਾ ਜੇਲ 'ਚ ਉਸ ਨਾਲ ਬਲਾਤਕਾਰ ਕੀਤਾ ਜਾਂਦਾ ਸੀ। ਉਸ ਨੇ ਤੰਗ ਆ ਕੇ ਚਾਰ ਵਾਰ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਪਰ ਅੱਤਵਾਦੀਆਂ ਨੇ ਉਸ ਨੂੰ ਬਚਾ ਲਿਆ। ਇੰਨਾਂ ਤਸੀਹਿਆਂ ਤੋਂ ਤੰਗ ਫਰੀਦਾ ਨੇ 8 ਲੜਕੀਆਂ ਦੇ ਨਾਲ ਉਥੋਂ ਭੱਜਣ ਦੀ ਕੋਸ਼ਿਸ਼ ਕੀਤੀ ਤੇ ਉਹ ਸਫਲ ਰਹੀ। ਹੁਣ ਉਹ ਜਰਮਨੀ ਦੇ ਇਕ ਸ਼ਰਣਾਰਥੀ ਕੈਂਪ 'ਚ ਰਹਿ ਰਹੀ ਹੈ।

**ਕੈਂਪ 'ਚ ਹੋਇਆ ਪਿਆਰ ਤੇ ਕਰ ਰਹੀ ਹੈ ਵਿਆਹ ਦੀ ਤਿਆਰੀ**

ਇਕ ਅੰਗਰੇਜ਼ੀ ਵੈੱਬਸਾਈਟ ਦੇ ਮੁਤਾਬਕ ਫਰੀਦਾ ਹੁਣ 21 ਸਾਲ ਦੀ ਹੋ ਗਈ ਹੈ। ਹੁਣ ਉਹ ਦੁਬਾਰਾ ਲੋਕਾਂ 'ਤੇ ਭਰੋਸਾ ਕਰਨਾ ਸਿਖ ਰਹੀ ਹੈ। ਸ਼ਰਣਾਰਥੀ ਕੈਂਪ 'ਚ ਹੀ ਉਸ ਨੇ ਆਪਣਾ ਪਿਆਰ ਲੱਭ ਲਿਆ ਹੈ। ਉਸ ਦਾ ਨਾਂ ਨਾਜਹਨ ਇਲਿਆਸ ਹੈ। ਫਰੀਦਾ ਦਾ ਕਹਿਣਾ ਹੈ ਕਿ ਮੈਂ ਕਦੇ ਸੋਚਿਆ ਹੀ ਨਹੀਂ ਸੀ ਕਿ ਮੇਰੀ ਜ਼ਿੰਦਗੀ 'ਚ ਕਦੇ ਖੁਸ਼ੀਆਂ ਪਰਤਣਗੀਆਂ। ਮੈਂ ਹੁਣ ਆਪਣੇ ਵਿਆਹ ਦੀ ਤਿਆਰੀ ਕਰ ਰਹੀ ਹਾਂ।

## ਪਾਇਲਟ ਦੀ ਸੂਝ-ਬੂਝ ਕਾਰਨ ਬਚੀ 370 ਯਾਤਰੀਆਂ ਦੀ ਜਾਨ

ਨਵੀਂ ਦਿੱਲੀ : ਦਿੱਲੀ ਤੋਂ ਨਿਊਯਾਰਕ ਲਈ ਰਵਾਨਾ ਹੋਏ ਏਅਰ ਇੰਡੀਆ ਦੇ ਜਹਾਜ਼ ਦੇ ਪਾਈਲਟ ਲਈ 11 ਸਤਬੰਰ ਦੀ ਲੈਂਡਿੰਗ ਕਿਸੇ ਤਕਨੀਕੀ ਮੁਸ਼ਕਲਾਂ ਕਾਰਨ ਦਿਲ ਕੰਬਾ ਦੇਣ ਵਾਲੀ ਰਹੀ। ਪਾਈਲਟ ਨੇ ਦੱਸਿਆ ਬੋਇੰਗ 777-300 ਜਹਾਜ਼ ਨੂੰ ਖਰਾਬ ਮੌਸਮ ਅਤੇ ਕਈ ਤਰ੍ਹਾਂ ਦੀਆਂ ਤਕਨੀਕੀ ਗੜਬੜੀਆਂ ਕਾਰਨ ਲੈਂਡਿੰਗ ਕਰਾਉਣ ਦੀ ਇਜਾਜ਼ਤ ਨਹੀਂ ਮਿਲੀ। ਕੈਪਟਨ ਰੁਸਤਮ ਪਾਲਿਆ ਨੇ ਇੱਕ ਸੰਦੇਸ਼ 'ਚ ਦਿੱਤਾ ਕਿ ਅਸੀਂ ਜਾਣਦੇ ਹਾਂ ਕਿ ਅਸੀਂ ਫਸ ਗਏ ਹਾਂ ਅਤੇ ਜਹਾਜ਼ ਚ ਜ਼ਿਆਦਾ ਤੇਲ ਵੀ ਨਹੀਂ ਹੈ। ਏਅਰ ਇੰਡੀਆ ਦੀ ਫਲੈਗਸ਼ਿਪ ਫਲਾਈਟ 'ਚ ਏ1-101 ਚ ਕੁੱਲ 370 ਯਾਤਰੀ ਸਵਾਰ ਸਨ। ਜਹਾਜ਼ 11 ਸਤਬੰਰ ਨੂੰ ਖਰਾਬ ਮੌਸਮ ਦੇ ਚੱਲਦਿਆਂ ਨਿਊਯਾਰਕ ਦੇ ਜਾਨ ਕੈਨੇਡੀ ਆਲਮੀ ਹਵਾਈ ਅੱਡੇ 'ਤੇ ਉਤਰਨ 'ਚ ਅਸਫਲ ਰਿਹਾ ਸੀ। ਜਹਾਜ਼ ਨੇ ਨਵੀਂ ਦਿੱਲੀ ਤੋਂ ਬਿਨਾਂ ਰੁਕੇ 15 ਘੰਟੇ ਤੋਂ ਵੱਧ ਸਮੇਂ ਦੀ ਉਡਾਣ ਭਰੀ ਸੀ। ਇਹ ਦੁਨੀਆ ਦੀ ਸਭ ਤੋਂ ਲੰਬੀ ਉਡਾਨਾਂ 'ਚੋਂ ਇੱਕ ਸੀ। ਪਰ ਲੈਂਡਿੰਗ ਵੇਲੇ ਸਾਰੇ ਯਾਤਰੀ ਅਤੇ ਪਾਈਲਟ ਅਸਮਾਨ 'ਚ ਹੀ ਫੱਸ ਗਏ। ਅਸੀਂ ਆਵਾਜਾਈ ਕੰਟਰੋਲ ਚ ਗੜਬੜੀ ਦਾ ਸ਼ਿਕਾਰ ਹੋ ਗਏ ਸਨ। ਆਟੋਮੈਟਿਕ ਲੈਂਡਿੰਗ, ਵਿੰਡਸ਼ੇਰ ਸਿਸਟਮ ਵਰਗੀਆਂ ਕਈ ਤਕਨੀਕਾਂ ਨੇ ਵੀ ਕੰਮ ਕਰਨਾ ਬੰਦ ਕਰ ਦਿੱਤਾ ਸੀ। ਹੁਣ 9 ਸਾਲ ਪੁਰਾਣੇ ਜਹਾਜ਼ ਦੇ ਪਾਇਲਟ ਕੋਲ ਜਹਾਜ਼ ਨੂੰ ਮੈਨੂਅਲ ਲੈਂਡਿੰਗ ਦਾ ਰਾਹ ਬਚਿਆ ਸੀ। ਲਾਈਵ ਏਟੀਸੀ ਡਾਟ ਨੈਟ ਤੇ ਮੌਜੂਦ ਆਡੀਓ ਕਲਿਪਿੰਗ ਤੋਂ ਪਤਾ ਚੱਲਿਆ ਕਿ ਅਸਮਾਨ 'ਚ ਬੱਦਲ ਸਨ ਅਤੇ ਜਹਾਜ਼ ਚ ਇੰਧਣ ਕਾਫੀ ਘੱਟ ਬਚਿਆ ਸੀ। ਪਾਈਲਟ ਨੂੰ ਰਨਵੇ ਦੀ ਪਛਾਣ ਕਰਨ ਲਈ ਜਹਾਜ਼ ਨੂੰ ਕਾਫੀ ਥੱਲੇ ਲਿਆਉਣ ਦੀ ਲੋੜ ਸੀ। ਸਾਰੀਆਂ ਕੋਸ਼ਿਸ਼ਾਂ ਮਗਰੋਂ ਜਦ ਜਹਾਜ਼ ਨੂੰ ਕੈਨੇਡੀ ਏਅਰਪੋਰਟ 'ਤੇ ਨਹੀਂ ਉਤਾਰਿਆ ਜਾ ਸਕਿਆ ਤਾਂ ਜਹਾਜ਼ ਨੂੰ ਨੇੜਲੇ ਏਅਰਪੋਰਟ 'ਤੇ ਲਿਜਾ ਕੇ ਉਤਾਰਿਆ ਗਿਆ।

# ਦਿੱਲੀ ਜਿੱਤਣ ਵਾਲੇ ਸਿੱਖ ਜਰਨੈਲਾਂ ਦੇ ਬੁੱਤ ਸਥਾਪਤ ਹੋਣਗੇ ਰਾਜਧਾਨੀ 'ਚ

### 1783 'ਚ ਲਾਲ ਕਿਲ੍ਹੇ 'ਤੇ ਨਿਸ਼ਾਨ ਝੁਲਾਇਆ ਸੀ ਇਨ੍ਹਾਂ ਯੋਧਿਆਂ ਨੇ

ਨਵੀਂ ਦਿੱਲੀ : ਸਿੱਖ ਇਤਿਹਾਸ ਦਾ ਇਕ ਭੁੱਲਿਆ ਹੋਇਆ ਅਧਿਆਏ ਇਕ ਵਾਰ ਫਿਰ ਨਵੀਂ ਦਿੱਲੀ ਵਿੱਚ ਇਕ ਸਥਾਈ ਸ਼ਾਨ ਬਣਨ ਜਾ ਰਿਹਾ ਹੈ। ਗਵਾਲੀਅਰ ਦਾ ਪ੍ਰਭਾਤ ਮੂਰਤੀ ਕੇਂਦਰ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਤਾਂਬੇ ਦੇ ਬੁੱਤਾਂ ਨੂੰ ਅੰਤਿਮ ਛੋਹਾਂ ਦੇ ਰਿਹਾ ਹੈ। ਇਹ ਯੋਧੇ ਹਨ ਜਿਨ੍ਹਾਂ ਦੀ ਅਗਵਾਈ ਵਿੱਚ ਸਿੱਖ ਫੌਜ ਨੇ 1783 ਵਿੱਚ ਮੁਗਲ ਬਾਦਸ਼ਾਹ ਸ਼ਾਹ ਆਲਮ ਨੂੰ ਹਰਾਇਆ ਸੀ। ਇਨ੍ਹਾਂ ਦਿੱਲੀ ਜਿੱਤ ਕੇ ਲਾਲ ਕਿਲੇ ਉਤੇ ਨਿਸ਼ਾਨ ਸਾਹਿਬ ਝੁਲਾਇਆ ਸੀ। ਇਨ੍ਹਾਂ ਦੇ ਬੁੱਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਬਣਵਾਏ ਜਾ ਰਹੇ ਹਨ ਅਤੇ ਇਸ ਦੁਆਰਾ ਪਿਛਲੇ ਚਾਰ ਸਾਲ ਤੋਂ ਦਿੱਲੀ ਵਿਖੇ ਪਿਛਲੇ ਚਾਰ ਸਾਲ ਤੋਂ ਫਤਿਹ ਦਿਵਸ ਮਨਾਇਆ ਜਾਂਦਾ ਹੈ। ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਇਹ ਜਿਹੜੇ ਬੁੱਤ ਬਣਾਏ ਜਾ ਰਹੇ ਹਨ ਉਨ੍ਹਾਂ ਦੀ ਹਰ ਇਕ ਦੀ ਉਚਾਈ 12 ਫੁੱਟ ਹੋਵੇਗੀ ਅਤੇ ਭਾਰ 1200 ਤੋਂ 1400 ਕਿਲੋ ਹੋਵੇਗਾ। ਇਹ ਬੁੱਤ ਅਗਲੇ ਮਹੀਨੇ ਪੱਛਮੀ ਦਿੱਲੀ ਦੇ ਸੁਭਾਸ਼ ਨਗਰ ਮੈਟਰੋ ਅਤੇ ਨਜਫਗੜ੍ਹ ਰੋਡ ਉਤੇ ਸਥਾਪਿਤ ਕੀਤੇ ਜਾਣਗੇ ਜਿਥੋਂ ਤਕਰੀਬਨ ਹਰ ਰੋਜ਼ 20 ਲੱਖ ਰੋਕ ਗੁਜਰਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪ੍ਰਾਜੈਕਟ ਉਤੇ ਤਕਰੀਬਨ 60 ਲੱਖ ਰੁਪਏ ਖਰਚ ਆ ਰਿਹਾ ਹੈ ਜਿਸ ਨਾਲ ਲੋਕਾਂ ਨੂੰ ਸਿੱਖ ਜਰਨੈਲਾਂ ਦੀ ਬਹਾਦਰੀ ਬਾਰੇ ਜਾਣਕਾਰੀ ਮਿਲੇਗੀ ਅਤੇ ਇਹ ਵੀ ਪਤਾ ਲੱਗੇਗਾ ਕਿ ਸਿੱਖਾਂ ਨੇ ਭਾਰਤ ਦੇ ਇਤਿਹਾਸ ਵਿੱਚ ਕੀ ਯੋਗਦਾਨ ਪਾਇਆ ਹੈ। ਸ੍ਰ. ਸਿਰਸਾ ਜੋ ਕਿ ਰਾਜੌਰੀ ਗਾਰਡਨ ਤੋਂ ਵਿਧਾਇਕ ਹਨ ਨੇ ਦੱਸਿਆ ਕਿ ਦਿੱਲੀ ਵਾਲਿਆਂ ਨੂੰ ਸਿੱਖ ਵਿਰਸੇ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਤੀਸ ਹਜ਼ਾਰੀ ਕੋਰਟ ਬਾਬਾ ਬਘੇਲ ਸਿੰਘ ਦੀ 30 ਹਜ਼ਾਰ ਦੀ ਫੌਜ ਦੇ ਨਾਮ ਉਤੇ ਬਣੀ ਹੋਈ ਹੈ ਜੋ ਕਿ ਇਸ ਜਗ੍ਹਾ ਉਤੇ ਠਹਿਰੀ ਹੋਈ ਸੀ। ਇਸੇ ਪ੍ਰਕਾਰ ਪੁਲ ਮਿਠਾਈ ਵੀ ਸਿੱਖ ਸਿਪਾਹੀਆਂ ਦੇ ਨਾਮ ਉਤੇ ਬਣਿਆ ਹੋਇਆ ਹੈ ਜਿਥੇ ਉਹ ਲੋਕਾਂ ਨੂੰ ਮਠਿਆਈ ਵੰਡਿਆ ਕਰਦੇ ਸਨ। ਉਨ੍ਹਾਂ ਦੱਸਿਆ ਕਿ ਮੋਰੀ ਗੇਟ ਦਾ ਨਾਮ ਇਸ ਲਈ ਬਣਿਆ ਸੀ ਕਿਉਂਕਿ ਸਿੱਖਾਂ ਨੇ ਲਾਲ ਕਿਲ੍ਹੇ ਨੂੰ ਇਥੇ ਸੰਨ੍ਹ ਲਗਾ ਕੇ ਹਮਲਾ ਕੀਤਾ ਸੀ। ਸ੍ਰ. ਸਿਰਸਾ ਨੇ ਦੱਸਿਆ ਕਿ ਪਿਛਲੇ ਸਾਲ ਅਗਸਤ ਮਹੀਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਗਿਆ ਸੀ ਜਿਸ ਵਿੱਚ ਲਾਲ ਕਿਲੇ ਉਤੇ ਇਨ੍ਹਾਂ ਜਰਨੈਲਾਂ ਦੇ ਨਾਮ ਉਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਕਰਾਉਣ ਅਤੇ ਇਨ੍ਹਾਂ ਜਰਨੈਨਾਂ ਦੇ ਬੁੱਤ ਸਥਾਪਤ ਕਰਨ ਲਈ ਕਿਹਾ ਸੀ। ਪ੍ਰਧਾਨ ਮੰਤਰੀ ਦੇ ਦਫਤਰ ਵਲੋਂ ਜਵਾਬ ਆਇਆ ਸੀ ਕਿ ਉਨ੍ਹਾਂ ਦਾ ਪੱਤਰ ਰੱਖਿਆ ਮੰਤਰਾਲੇ ਨੂੰ ਭੇਜ ਦਿੱਤਾ ਗਿਆ ਹੈ ਕਿਉਂਕਿ ਇਹ ਇਤਿਹਾਸਕ ਸਥਾਨ ਉਸ ਦੇ ਅਧੀਨ ਆਉਂਦੇ ਹਨ। ਬਾਅਦ ਵਿੱਚ ਇਹ ਪੱਤਰ ਸਭਿਆਚਾਰ ਮੰਤਰਾਲੇ ਕੋਲ ਭੇਜ ਦਿੱਤਾ ਗਿਆ। ਇਹ ਮਾਮਲਾ ਹਾਲੇ ਵੀ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ। ਦੋ ਸਾਲ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਬੁੱਤ ਮੰਡੀ ਹਾਊਸ ਮੈਟਰੋ ਸਟੇਸ਼ਨ ਕੋਲ ਸਥਾਪਿਤ ਕੀਤਾ ਸੀ। ਪ੍ਰਭਾਤ ਮੂਰਤੀ ਕਲਾ ਕੇਂਦਰ ਪਿਛਲੇ ਇੱਕ ਦਹਾਕੇ ਤੋਂ ਸਿੱਖ ਵਿਸ਼ਿਆਂ ਉਤੇ ਬੁੱਤਸਾਜ਼ੀ ਦਾ ਕੰਮ ਕਰਦਾ ਆ ਰਿਹਾ ਹੈ। ਇਸ ਕੇਂਦਰ ਦੇ ਮੁਖ ਪ੍ਰਭਾਤ ਰਾਏ ਨੇ ਹੀ ਮੋਹਾਲੀ ਦੇ ਚਪਰਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਯਾਦਗਾਰਾਂ ਸਥਾਪਤ ਕੀਤੀਆਂ ਸਨ।



## ਖੁਦ ਨੂੰ ਅਮਰੀਕਾ ਦਾ ਇੰਮੀਗ੍ਰੇਸ਼ਨ ਅਧਿਕਾਰੀ ਦੱਸ ਕੇ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਠੱਗਣ ਵਾਲਾ ਪੰਜਾਬੀ ਦੋਸ਼ੀ ਕਰਾਰ



ਨਿਊਯਾਰਕ : ਅਮਰੀਕਾ ਦੇ ਪ੍ਰਵਾਸ ਵਿਭਾਗ ਦਾ ਅਧਿਕਾਰੀ ਦੱਸ ਕੇ ਲੋਕਾਂ ਨੂੰ ਠੱਗਣ ਵਾਲੇ ਪੰਜਾਬੀ ਮੂਲ ਦੇ ਵਿਅਕਤੀ ਨੂੰ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਹੈ। 51 ਸਾਲਾ ਕੰਵਰ ਸਰਬਜੀਤ ਸਿੰਘ ਸੋਸ਼ਲ ਮੀਡੀਆ ਪਲੇਟਫਾਰਮ ਵ੍ਹੱਟਸਐਪ ਤੇ ਫੇਸਬੁੱਕ ਰਾਹੀਂ ਲੋਕਾਂ ਨੂੰ ਅਮਰੀਕਾ ਦਾ ਵੀਜ਼ਾ ਦਿਵਾਉਣ ਦਾ ਝਾਂਸਾ ਦਿੰਦਾ ਰਹਿੰਦਾ ਸੀ। ਵਰਜੀਨੀਆ ਦੇ ਪੂਰਬੀ ਜ਼ਿਲ੍ਹੇ ਦੇ ਅਮਰੀਕੀ ਅਟਾਰਨੀ ਦਫ਼ਤਰ ਵਿੱਚ ਦਾਇਰ ਬਿਆਨ ਮੁਤਾਬਕ ਸਰਬਜੀਤ ਖ਼ੁਦ ਨੂੰ ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ (ਡੀਐਚਐਸ) ਦਾ ਕਰਮਚਾਰੀ ਦੱਸਦਾ ਸੀ ਤੇ ਆਪਣੇ ਆਪ ਨੂੰ ਅਮਰੀਕੀ ਇੰਮੀਗ੍ਰੇਸ਼ਨ ਤੇ ਨੈਚੁਰਲਾਈਜ਼ੇਸ਼ਨ ਸਰਵਿਸ ਵਿਭਾਗ ਵਿੱਚ ਤਾਇਨਾਤ ਹੋਣ ਦਾ ਦਾਅਵਾ ਕਰਦਾ ਸੀ। ਉਹ ਲੋਕਾਂ ਨੂੰ ਤੋਂ 3,000 ਤੇ 4,000 ਅਮਰੀਕੀ ਡਾਲਰ (2.18 ਤੋਂ ਲੈ ਕੇ 2.91 ਲੱਖ ਰੁਪਏ) ਤਕ ਦੀ ਮਾਮੂਲੀ ਫੀਸ ਵਿੱਚ ਅਸਲੀ ਵੀਜ਼ਾ ਦਿਵਾਉਣ ਦੀ ਪੇਸ਼ਕਸ਼ ਕਰਦਾ ਸੀ।

ਸਰਬਜੀਤ ਲੋਕਾਂ ਨੂੰ ਆਪਣੇ ਪਾਸਪੋਰਟ, ਤਸਵੀਰਾਂ ਤੇ ਹੋਰ ਦਸਤਾਵੇਜ਼ਾਂ ਦੀਆਂ ਕਾਪੀਆਂ ਤੇ ਰਾਤੋ-ਰਾਤ ਵਿਦੇਸ਼ਾਂ ਤੋਂ ਪੈਸੇ ਮੰਗਵਾਉਣ ਲਈ ਵਰਤੇ ਜਾਂਦੇ ਵਾਇਰ ਟ੍ਰਾਂਸਫਰ ਰਾਹੀਂ ਫੀਸ ਭੇਜਣ ਲਈ ਕਹਿੰਦਾ ਸੀ। ਪੈਸੇ ਆਉਣ ਤੋਂ ਬਾਅਦ ਉਹ ਲੋਕਾਂ ਨੂੰ ਅਮਰੀਕੀ ਅੰਬੈਸੀ ਦੀਆਂ ਜਾਅਲੀ ਚਿੱਠੀਆਂ ਤਿਆਰ ਕਰ ਕੇ ਭੇਜ ਦਿੰਦਾ ਸੀ, ਜਿਸ ਵਿੱਚ ਲਿਖਿਆ ਹੁੰਦਾ ਸੀ ਕਿ ਉਹ ਆਪਣਾ ਵੀਜ਼ਾ ਨਵੀਂ ਦਿੱਲੀ ਵਿੱਚ ਅਮਰੀਕੀ ਅੰਬੈਸੀ ਆ ਕੇ ਲਵਾ ਲੈਣ। ਕੰਵਰ ਸਰਬਜੀਤ ਦੇ ਜ਼ਿਆਦਾਤਰ ਸ਼ਿਕਾਰ ਆਰਥਿਕ ਪੱਖੋਂ ਕਮਜ਼ੋਰ ਲੋਕ ਹੁੰਦੇ ਸਨ। ਕੰਵਰ ਸਰਬਜੀਤ ਸਿੰਘ ਨੇ ਨਾ ਸਿਰਫ਼ ਵੀਜ਼ਾ ਫਰਾਡ ਕਬੂਲ ਕੀਤਾ ਬਲਕਿ ਸਾਲ 2012 ਵਿੱਚ 22 ਲੋਕਾਂ ਤੋਂ 3,40,000 ਡਾਲਰ (2.47 ਕਰੋੜ ਰੁਪਏ) ਨਿਵੇਸ਼ ਸਕੀਮ ਦੇ ਨਾਂ ਹੇਠ ਠੱਗ ਲਏ। ਇਸ ਲਈ ਉਸ ਨੇ ਟੈਨੇਸੀ ਦੇ ਚਰਚ ਦੇ ਪਾਦਰੀ ਤੇ ਉੱਥੋਂ ਦੇ ਹੋਰ ਮੈਂਬਰਾਂ ਰਾਹੀਂ ਆਪਣਾ ਜਾਲ ਫੈਲਾਇਆ ਤੇ ਭਾਰਤ ਵਿੱਚ ਕੰਪਨੀ ਦਾ ਮਾਲਕ ਹੋਣ ਦਾ ਦਾਅਵਾ ਕਰ ਤਕਰਬੀਬ ਢਾਈ ਕਰੋੜ ਰੁਪਏ ਠੱਗ ਲਏ ਸਨ। ਵਾਇਰ ਟ੍ਰਾਂਸਫਰ ਤੇ ਖ਼ੁਦ ਨੂੰ ਫੈਡਰਲ ਅਫ਼ਸਰ ਦੱਸ ਝੂਠ ਬੋਲਣ ਦੇ ਮਾਮਲਿਆਂ ਵਿੱਚ ਦੋਸ਼ੀ ਪਾਏ ਜਾਣ 'ਤੇ ਸਰਬਜੀਤ ਸਿੰਘ ਨੂੰ ਸਭ ਤੋਂ ਵੱਧ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਹ 14 ਦਸੰਬਰ ਤੋਂ ਜੇਲ੍ਹ ਜਾਵੇਗਾ।

## 2015 'ਚ ਮਾਲਿਆ ਨੂੰ ਗ੍ਰਿਫ਼ਤਾਰ ਕਰਨ ਦਾ ਕੋਈ ਆਧਾਰ ਨਹੀਂ ਸੀ : ਸੀ.ਬੀ.ਆਈ.

ਨਵੀਂ ਦਿੱਲੀ :ਸੀਬੀਆਈ ਨੇ ਮੰਗਲਵਾਰ ਨੂੰ ਕਿਹਾ ਕਿ ਹਵਾਈ ਅੱਡੇ 'ਤੇ ਕਾਰੋਬਾਰੀ ਵਿਜੈ ਮਾਲਿਆ ਨੂੰ ਹਿਰਾਸਤ 'ਚ ਲੈਣ ਲਈ ਜਾਰੀ ਲੁਕ ਆਊਟ ਨੋਟਿਸ ਕਾਨੂੰਨ ਦੀਆਂ ਨਜ਼ਰਾਂ 'ਚ ਟਿਕਾਊ ਨਹੀਂ ਸੀ ਅਤੇ ਉਸ 'ਚ ਸੁਧਾਰ ਦੀ ਜ਼ਰੂਰਤ ਸੀ, ਕਿਉਂਕਿ ਉਸ ਸਮੇਂ ਉਸਦੇ ਖਿਲਾਫ ਕੋਈ ਵਾਰੰਟ ਜਾਰੀ ਨਹੀਂ ਸੀ। ਜਾਂਚ ਏਜੰਸੀ ਦੇ ਸੂਤਰਾਂ ਨੇ ਕਿਹਾ ਕਿ ਏਜੰਸੀ ਹੁਣ ਵੀ ਆਪਣੀ ਉਸ ਸਥਿਤੀ 'ਤੇ ਕਾਇਮ ਹੈ ਕਿ 24 ਨਵੰਬਰ 2015 ਨੂੰ ਮਾਲਿਆ ਨੂੰ ਗ੍ਰਿਫਤਾਰ ਕਰਨ ਦਾ ਕੋਈ ਆਧਾਰ ਨਹੀਂ ਸੀ, ਜਦੋਂ ਉਹ 16 ਅਕਤੂਬਰ 2015 ਨੂੰ ਉਸ ਨੂੰ ਹਿਰਾਸਤ 'ਚ ਲੈਣ ਲਈ ਜਾਰੀ ਲੁਕਆਊਟ ਸਰਕੁਲਰ (ਐਲਓਸੀ) ਦੇ ਆਧਾਰ 'ਤੇ ਲੰਦਨ ਤੋਂ ਆਇਆ ਸੀ। ਸੂਤਰਾਂ ਨੇ ਕਿਹਾ ਕਿ ਪਹਿਲੇ ਸਰਕੁਲਰ 'ਚ ਬਦਲਾਅ ਦੀ ਜ਼ਰੂਰਤ ਸੀ ਕਿਉਂਕਿ ਮਾਲਿਆ ਏਜੰਸੀ ਨੂੰ ਸਹਿਯੋਗ ਕਰ ਰਿਹਾ ਸੀ, ਉਦੋਂ ਸਬੂਤ ਇਕੱਠੇ ਕੀਤੇ ਜਾ ਰਹੇ ਸਨ, ਉਹ ਸੰਸਦ ਸੀ ਅਤੇ ਉਸਦੇ ਖਿਲਾਫ ਕੋਈ ਵਾਰੰਟ ਨਹੀਂ ਸੀ। ਨੋਟਿਸ 'ਚ ਸੁਧਾਰ ਦੀ ਜ਼ਰੂਰਤ ਮਹਿਸੂਸ ਕਰਦੇ ਹੋਏ ਏਜੰਸੀ ਨੇ ਆਵ੍ਰਜਨ ਅਧਿਕਾਰੀਆਂ ਨੂੰ ਲਿਖਿਆ ਕਿ ਉਹ ਨੋਟਿਸ 'ਚ ਬਦਲਾਅ ਕਰਨ ਕਿ ਮਾਲਿਆ ਨੂੰ ਹਿਰਾਸਤ 'ਚ ਲੈਣ ਦੀ ਬਜਾਏ ਜਦੋਂ ਵੀ ਉਹ ਵਿਦੇਸ਼ ਜਾਣ ਤਾਂ ਸੂਚਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸੁਧਾਰਿਆ ਹੋਇਆ ਸਰਕੁਲਰ 24 ਨਵੰਬਰ 2015 ਨੂੰ ਜਾਰੀ ਕੀਤਾ ਗਿਆ ਸੀ ਅਤੇ ਨੋਟਿਸ ਜਾਰੀ ਕੀਤੇ ਜਾਣ ਦੇ ਬਾਅਦ ਵੀ ਮਾਲੀਆ ਨੇ ਦਸਤਾਵੇਜ਼ ਉਪਲੱਬਧ ਕਰਵਾਏ ਅਤੇ ਜਾਂਚ ਟੀਮ ਦੇ ਸਵਾਲਾਂ ਦਾ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਨਵਾਂ ਐਲਓਸੀ ਜਾਰੀ ਹੋਣ ਦੇ ਬਾਅਦ ਉਹ ਤਿੰਨ ਬਾਰ ਪੁੱਛਗਿੱਛ ਲਈ ਪੇਸ਼ ਹੋਏ ਅਤੇ ਚਾਰ ਵਾਰ ਵਿਦੇਸ਼ ਯਾਤਰਾ 'ਤੇ ਗਏ।

## ਹੁਣ ਦਿੱਲੀ ਤੋਂ ਕੈਨੇਡਾ ਜਾਂ ਅਮਰੀਕਾ ਦਾ ਹਵਾਈ ਸਫ਼ਰ ਸਿਰਫ਼ 13,499 ਰੁ. 'ਚ



ਨਵੀਂ ਦਿੱਲੀ, 19 ਸਤੰਬਰ (ਚ.ਨ.ਸ.) : ਹੁਣ ਤੁਸੀਂ ਕੌਮੀ ਰਾਜਧਾਨੀ ਤੋਂ ਕੈਨੇਡਾ ਤੇ ਅਮਰੀਕਾ ਲਈ ਹਵਾਈ ਸਫ਼ਰ ਨੂੰ 13,499 ਰੁਪਏ ਵਿੱਚ ਕਰ ਸਕਦੇ ਹੋ। ਆਈਸਲੈਂਡ ਦੀ ਏਅਰਲਾਈਨ (ਡਬਲਿਊ ਓ ਡਬਲਿਓ) ਏਅਰ ਨੇ ਆਪਣੀਆਂ ਉਡਾਣਾਂ ਦੇ ਕਿਰਾਏ ਘਟਾਉਣ ਦੀ ਪੇਸ਼ਕਸ਼ ਕੀਤੀ ਹੈ।

ਇੱਥੇ ਜਾਰੀ ਪ੍ਰੈੱਸ ਬਿਆਨ ਵਿੱਚ ਏਅਰਲਾਈਨ ਕੌਮੀ ਰਾਜਧਾਨੀ ਦਿੱਲੀ ਤੋਂ ਆਪਣੇ ਕੇਂਦਰ ਆਈਸਲੈਂਡ ਦੇ ਰੇਕਜਾਵਿਕ ਲਈ ਸੱਤ ਦਸੰਬਰ ਤੋਂ ਉਡਾਣਾਂ ਸ਼ੁਰੂ ਕਰੇਗੀ। ਇਸ ਦੀ ਸ਼ੁਰੂਆਤ ਕਰਦਿਆਂ ਹੀ 'ਵੌਵ' ਏਅਰ ਤਿੰਨ ਹਫ਼ਤਾਵਰੀ ਉਡਾਣਾਂ ਸ਼ੁਰੂ ਕਰੇਗੀ। ਕੰਪਨੀ ਇਨ੍ਹਾਂ ਉਡਾਣਾਂ ਰਾਹੀਂ ਆਪਣੇ ਕੇਂਦਰ ਰੇਕਜ਼ਾਵਿਕ ਰਾਹੀਂ ਮੁਸਾਫ਼ਰਾਂ ਨੂੰ ਉੱਤਰ ਅਮਰੀਕਾ ਤੇ ਯੂਰਪ ਨਾਲ ਜੋੜੇਗੀ। ਬਾਅਦ ਵਿੱਚ ਇਨ੍ਹਾਂ ਉਡਾਣਾਂ ਦੀ ਗਿਣਤੀ ਹਫ਼ਤੇ ਵਿੱਚ ਪੰਜ ਕਰ ਦਿੱਤੀ ਜਾਵੇਗੀ।

ਏਅਰਲਾਈਨਜ਼ ਦੇ ਬਿਆਨ ਮੁਤਾਬਕ ਮੁਸਾਫ਼ਰ 13,499 ਰੁਪਏ ਦਾ ਕਿਰਾਇਆ ਦੇ ਕੇ ਕੈਨੇਡਾ ਦੇ ਟੋਰੰਟੋ ਤੇ ਮੌਂਟ੍ਰੀਅਲ ਤੋਂ ਇਲਾਵਾ ਸ਼ਿਕਾਗੋ, ਓਰਲੈਂਡੋ, ਨੇਵਾਰਕ ਡੇਟ੍ਰਾਇਟ, ਸੈਨ ਫ਼ਰਾਂਸਿਸਕੋ, ਬਾਲਟੀਮੋਰ, ਬੋਸਟਨ, ਪਿਟਸਬਰਗ, ਲਾਸ ਏਂਜਲਸ, ਵਾਸ਼ਿੰਗਟਨ ਡੀਸੀ, ਸੈਂਟ ਲੁਈ ਵਰਗੇ ਵੱਡੇ ਸ਼ਹਿਰਾਂ ਦਾ ਹਵਾਈ ਸਫ਼ਰ ਕਰ ਸਕਦੇ ਹਨ। ਦਸੰਬਰ 2018 ਤੋਂ ਮਾਰਚ 2019 ਦਰਮਿਆਨ ਨਵੀਂ ਦਿੱਲੀ ਤੋਂ ਉਕਤ ਹਵਾਈ ਅੱਡਿਆਂ ਤਕ ਦਾ ਸਫ਼ਰ ਕੀਤਾ ਜਾ ਸਕੇਗਾ। ਇਸ ਲਈ ਬੁਕਿੰਗ 18 ਸਤੰਬਰ ਤੋਂ 28 ਸਤੰਬਰ ਦਰਮਿਆਨ ਸਿਰਫ਼ ਕੰਪਨੀ ਦੀ ਵੈੱਬਸਾਈਟ 'ਤੇ ਹੀ ਹੋਵੇਗੀ।

# ਚੋਣਾਂ 'ਚ ਜਿੱਤੇ ਵਿਧਾਇਕਾਂ ਤੇ ਸਾਬਕਾ ਮੰਤਰੀਆਂ ਦੇ ਕਈ ਨੇੜਲੇ ਰਿਸ਼ਤੇਦਾਰ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਪੁੱਤਰ ਚੋਣ ਹਾਰੇ

ਸ੍ਰੀ ਮੁਕਤਸਰ ਸਾਹਿਬ-ਪੰਜਾਬ ਦੀਆਂ ਹਾਲੀਆ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਕੁਝ ਵਿਧਾਇਕਾਂ, ਸਾਬਕਾ ਮੰਤਰੀਆਂ ਦੇ ਪੁੱਤਰਾਂ, ਪੋਤਰੇ-ਪੋਤਰੀਆਂ ਤੇ ਜੀਵਨ ਸਾਥੀਆਂ ਲਈ ਵਰਦਾਨ ਬਣ ਕੇ ਆਈਆਂ ਕਿਉਂਕਿ ਮਾਲਵਾ ਪੱਟੀ 'ਚ ਉਨ੍ਹਾਂ 'ਚੋਂ ਬਹੁਤਿਆਂ ਨੇ ਐਤਕੀਂ ਪਹਿਲੀ ਵਾਰ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ ਹਨ।

ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ 'ਚ ਭੁੱਚੋ ਤੋਂ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਦੀ ਪਤਨੀ ਪਰਮਜੀਤ ਕੌਰ ਨੇ ਕੋਟਭਾਈ ਜ਼ੋਨ ਤੋਂ 7,846 ਵੋਟਾਂ ਨਾਲ ਜ਼ਿਲ੍ਹਾ ਪ੍ਰੀਸ਼ਦ ਚੋਣ ਜਿੱਤ ਲਈ ਹੈ।

ਇੰਝ ਹੀ ਮਾਨਸਾ ਜ਼ਿਲ੍ਹੇ 'ਚ ਕਾਂਗਰਸੀ ਵਿਧਾਇਕ ਅਜੀਤਇੰਦਰ ਸਿੰਘ ਮੋਫ਼ਰ ਦੇ ਪੁੱਤਰ ਬਿਕਰਮ ਮੋਫ਼ਰ ਨੇ ਅੱਕਾਂਵਾਲੀ ਜ਼ੋਨ ਤੋਂ ਚੋਣ ਜਿੱਤੀ। ਬਿਕਰਮ ਦਰਅਸਲ ਕਾਂਗਰਸੀ ਐੱਮਪੀ ਰਵਨੀਤ ਸਿੰਘ ਬਿੱਟੂ ਦੇ ਵੀ ਨੇੜਲੇ ਰਿਸ਼ਤੇਦਾਰ ਹਨ ਅਤੇ ਚੇਅਰਮੈਨ ਦੇ ਅਹੁਦੇ ਲਈ ਮਜ਼ਬੂਤ ਉਮੀਦਵਾਰ ਬਣ ਗਏ ਹਨ।



ਸ੍ਰੀ ਬਿਕਰਮ ਮੋਫ਼ਰ ਨੇ ਕਿਹਾ,'ਮੈਂ ਲੋਕਾਂ ਦਾ ਧੰਨਵਾਦੀ ਹਾਂ ਕਿਉਂਕਿ ਸੂਬੇ 'ਚ ਸਭ ਤੋਂ ਵੱਧ ਵੋਟਾਂ ਸਾਡੇ ਜ਼ਿਲ੍ਹੇ 'ਚ ਹੀ ਪਈਆਂ ਹਨ ਤੇ ਕੋਈ ਹਿੰਸਕ ਘਟਨਾ ਵੀ ਨਹੀਂ ਵਾਪਰੀ। ਮੇਰੇ ਇਲਾਕੇ ਦੇ ਲੋਕ ਮੈਨੂੰ ਚੇਅਰਪਰਸਨ ਵੇਖਣਾ ਚਾਹੁੰਦੇ ਹਨ ਪਰ ਅੰਤਿਮ ਫ਼ੈਸਲਾ ਪਾਰਟੀ ਹਾਈ ਕਮਾਂਡ ਵੱਲੋਂ ਹੀ ਲਿਆ ਜਾਵੇਗਾ।'

ਫ਼ਾਜ਼ਿਲਕਾ ਜ਼ਿਲ੍ਹੇ ਤੋਂ ਸਿਧਾਰਥ ਰਿਣਵਾ ਤੇ ਹਰਪ੍ਰੀਤ ਸਿੰਘ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਜਿੱਤੇ ਹਨ ਤੇ ਇਹ ਦੋਵੇਂ ਸਾਬਕਾ ਮੰਤਰੀਆਂ ਕ੍ਰਮਵਾਰ ਮਹਿੰਦਰ ਰਿਣਵਾ ਅਤੇ ਹੰਸ ਰਾਜ ਜੋਸਨ ਦੇ ਪੁੱਤਰ ਹਨ।

ਮਾਨਸਾ ਜ਼ਿਲ੍ਹੇ 'ਚ ਦੋ ਸਾਬਕਾ ਮੰਤਰੀਆਂ ਦੇ ਪੋਤਰੇ, ਇੱਕ ਵਿਧਾਇਕ ਦਾ ਪੁੱਤਰ ਤੇ ਇੱਕ ਸੰਸਦ ਮੈਂਬਰ ਦੀ ਧੀ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਦੇ ਅਹੁਦੇ ਲਈ ਦਾਅਵੇਦਾਰ ਹਨ।

ਸਾਬਕਾ ਮੰਤਰੀ ਸ਼ੇਰ ਸਿੰਘ ਗੱਗੋਵਾਲ ਦੇ ਪੋਤਰੇ ਅਰਸ਼ਦੀਪ ਸਿੰਘ ਮਾਈਕਲ ਗਗੋਵਾਲ ਨੇ ਅਕਲੀਆ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਚੋਣ ਜਿੱਤੀ ਹੈ।

ਸਾਬਕਾ ਕਾਂਗਰਸੀ ਮੰਤਰੀ ਬਲਦੇਵ ਖਿਆਲਾ ਦੇ ਪੋਤਰੇ ਬਬਲਜੀਤ ਖਿਆਲਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਭੈਣੀਬਾਘਾ ਜ਼ੋਨ 'ਚ ਹਰਾਇਆ ਹੈ।

ਸਾਬਕਾ ਸੰਸਦ ਮੈਂਬਰ ਹਾਕਮ ਸਿੰਘ ਮੀਂਆਂ ਦੀ ਪੋਤਰੀ ਜਸਪਿੰਦਰ ਕੌਰ ਨੇ ਵੀ ਜ਼ਿਲ੍ਹਾ ਪ੍ਰੀਸ਼ਦ ਚੋਣ ਜਿੱਤ ਲਈ ਹੈ।

ਫ਼ਿਰੋਜ਼ਪੁਰ ਜ਼ਿਲ੍ਹੇ 'ਚ ਕਾਂਗਰਸੀ ਵਿਧਾਇਕਾ ਸਤਿਕਾਰ ਕੌਰ ਗਹਿਰੀ ਦੇ ਪਤੀ ਲਾਡੀ ਗਹਿਰੀ ਨੇ ਚੋਣ ਜਿੱਤ ਲਈ ਹੈ ਤੇ ਇਸ ਵੇਲੇ ਉਹ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਦੇ ਅਹੁਦੇ ਦੀ ਦੌੜ ਵਿੱਚ ਹਨ।

ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਸਾਬਕਾ ਅਕਾਲੀ ਵਿਧਾਇਕ ਸੁਖਦਰਸ਼ਨ ਸਿੰਘ ਮਰਾੜ ਦੇ ਪੋਤਰੇ ਸੁਖਪ੍ਰੀਤ ਸਿੰਘ ਮਰਾੜ ਨੇ ਮਰਾੜ ਜ਼ੋਨ 'ਚ ਪੰਚਾਇਤ ਸੰਮਤੀ ਚੋਣ ਜਿੱਤੀ ਹੈ; ਉਨ੍ਹਾਂ ਕਾਂਗਰਸ ਦੀ ਟਿਕਟ 'ਤੇ ਇਹ ਚੋਣ ਜਿੱਤੀ ਹੈ ਤੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਗੁਰਵਿੰਦਰ ਸਿੰਘ ਨੂੰ 1,150 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਇੱਥੇ ਵਰਨਣਯੋਗ ਹੈ ਕਿ ਸ੍ਰੀ ਸੁਖਦਰਸ਼ਨ ਸਿੰਘ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦੀ ਚੋਣ ਜਿੱਤੇ ਸਨ।

### ਸ੍ਰੀ ਅਕਾਲ ਤਖ਼ਤ ਸਾਹਿਬ ਜੱਥੇਦਾਰ ਦੇ ਪੁੱਤਰ ਦੀ ਹੋਈ ਹਾਰ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਪੁੱਤਰ ਮਨਜਿੰਦਰ ਸਿੰਘ ਬਿੱਟੂ ਉਡੇਕਰਨਾਂ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਚੋਣ 1,591 ਵੋਟਾਂ ਨਾਲ ਹਾਰ ਗਏ ਹਨ।

ਇਸ ਤੋਂ ਇਲਾਵਾ ਮੰਤਰੀ ਗੁਰਮੀਤ ਸਿੰਘ ਰਾਣਾ ਸੋਢੀ ਦੇ ਪੀਏ ਨਸੀਬ ਸਿੰਘ ਸੰਧੂ ਜ਼ਿਲ੍ਹਾ ਪ੍ਰੀਸ਼ਦ ਚੋਣ ਹਾਰ ਗਏ ਹਨ।

# ਪੰਚਾਇਤੀ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਸ਼ਰਮਨਾਕ ਹਾਰ

ਚੰਡੀਗੜ੍ਹ : ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਨਿਰਾਸ਼ਾਜਨਕ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਨੂੰ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਵੀ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਚੋਣਾਂ ਦੇ ਨਤੀਜੇ ਐਤਵਾਰ ਸਵੇਰੇ ਜਾਰੀ ਕੀਤੇ ਗਏ ਹਨ ਜਿਨ੍ਹਾਂ ਤੋਂ ਸਾਫ਼ ਪਤਾ ਲੱਗ ਰਿਹਾ ਹੈ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਹੋਰ ਨੁਮਾਇੰਦਗੀ ਦੇਣ ਨਾਲੋਂ ਆਪਣੀ ਖਾਨਾਜੰਗੀ ਵਿੱਚ ਹੀ ਮਸਰੂਫ਼ ਰਹਿਣ ਦਾ ਮੌਕਾ ਦੇ ਦਿੱਤਾ ਹੈ। ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਧਿਰ 'ਆਪ' ਪੂਰੇ ਸੂਬੇ ਵਿੱਚੋਂ ਪੰਚਾਇਤ ਸੰਮਤੀ ਦੀਆਂ 20 ਸੀਟਾਂ ਹੀ ਹਾਸਲ ਕਰ ਸਕੀ, ਜਦਕਿ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਤਾਂ ਪਾਰਟੀ ਖਾਤਾ ਵੀ ਨਹੀਂ ਖੋਲ੍ਹ ਸਕੀ। ਹਾਲਾਂਕਿ, ਆਮ ਆਦਮੀ ਪਾਰਟੀ ਨੂੰ 2,900 ਪੰਚਾਇਤੀ ਸੰਮਤੀਆਂ ਤੇ 354 ਜ਼ਿਲ੍ਹਾ ਪ੍ਰੀਸ਼ਦ ਦੀਆਂ ਸੀਟਾਂ ਵਿੱਚੋਂ ਸਿਰਫ਼ ਮਾਲਵੇ 'ਚੋਂ ਹੀ 20 ਸੀਟਾਂ ਮਿਲੀਆਂ। ਇੰਨਾ ਹੀ ਨਹੀਂ ਬੇਅਦਬੀ ਰਿਪੋਰਟ ਤੋਂ ਬਾਅਦ ਲੱਗੀ ਢਾਹ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੇ ਵੀ 'ਆਪ' ਨਾਲੋਂ ਚੰਗਾ ਪ੍ਰਦਰਸ਼ਨ ਕੀਤਾ। ਅਕਾਲੀਆਂ ਨੇ ਜ਼ਿਲ੍ਹਾ ਪ੍ਰੀਸ਼ਦ 'ਚ 18 ਅਤੇ ਪੰਚਾਇਤ ਸੰਮਤੀਆਂ ਦੀਆਂ 353 ਸੀਟਾਂ ਆਪਣੇ ਨਾਂਅ ਕੀਤੀਆਂ। ਅੰਤਮ ਨਤੀਜੇ ਆਉਣ ਤੋਂ ਪਹਿਲਾਂ ਹੀ ਪਾਰਟੀ ਦੇ ਬਾਗ਼ੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਮਾੜੇ ਪ੍ਰਦਰਸ਼ਨ ਲਈ 'ਦਿੱਲੀ ਵਾਲਿਆਂ ਦੀ ਤਾਨਾਸ਼ਾਹੀ' ਨੂੰ ਜ਼ਿੰਮੇਵਾਰ ਠਹਿਰਾਇਆ। ਖਹਿਰਾ ਨੇ ਕਿਹਾ ਕਿ ਦਿੱਲੀ ਹਾਈਕਮਾਨ ਦੀ ਹਰ ਗੱਲ ਨੂੰ ਅੱਖਾਂ ਬੰਦ ਕਰਕੇ ਮੰਨਣ ਵਾਲੇ ਸਾਥੀ ਧਿਆਨ ਦੇਣ ਕਿ ਅਸੀਂ ਕਿੱਧਰ ਨੂੰ ਜਾ ਰਹੇ ਹਾਂ। ਦਿਨੋ-ਦਿਨ 'ਆਪ' ਦਾ ਆਧਾਰ ਘਟ ਰਿਹਾ ਹੈ। ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ 'ਆਪ' ਦੀ ਗੰਭੀਰਤਾ ਨੂੰ ਜਾਣਨ ਦਾ ਇੱਕ ਤੱਥ ਵੀ ਮੌਜੂਦ ਹੈ ਕਿ ਪਾਰਟੀ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਕਿੰਨੇ ਉਮੀਦਵਾਰਾਂ ਨੇ ਇਨ੍ਹਾਂ ਚੋਣਾਂ ਲਈ ਨਾਮਜ਼ਦਗੀਆਂ ਦਾਇਰ ਕੀਤੀਆਂ ਸਨ। ਪਾਰਟੀ ਦੇ ਮੀਡੀਆ ਇੰਚਾਰਜ ਐਮ.ਐਸ. ਸਿੱਧੂ ਨੇ ਕਿਹਾ ਕਿ ਅਸੀਂ ਅਜਿਹਾ ਕਿਸੇ ਵੀ ਕਿਸਮ ਦਾ ਡੇਟਾ ਨਹੀਂ ਬਣਾਇਆ। ਉਨ੍ਹਾਂ ਕਿਹਾ ਕਿ ਚੋਣਾਂ ਲੜਨ ਦਾ ਫੈਸਲਾ ਕਾਫੀ ਦੇਰੀ ਨਾਲ ਲਿਆ ਗਿਆ।

# ਯੂਕੇ 'ਚ ਦੋ ਬੱਚਿਆਂ ਦੀ ਮਾਂ ਦਾ ਕਤਲ, ਦੋਸ਼ੀ ਪੰਜਾਬ 'ਚ ਭੁਗਤੇਗਾ ਸਜ਼ਾ

ਲੰਡਨ : ਸਾਲ 2014 ਵਿੱਚ ਬਰਤਾਨੀਆ ਵਿੱਚ ਇੱਕ ਵਿਆਹੁਤਾ ਦੇ ਕਤਲ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਭਾਰਤੀ ਮੂਲ ਦੇ ਨੌਜਵਾਨ ਨੂੰ ਭਾਰਤ ਭੇਜਿਆ ਜਾ ਰਿਹਾ ਹੈ। ਮ੍ਰਿਤਕਾ ਅਮਨਦੀਪ ਕੌਰ ਹੇਠੀ ਦੀ ਗੁਰਮਿੰਦਰ ਸਿੰਘ ਨਾਂ ਦੇ ਨੌਜਵਾਨ ਨਾਲ ਦੋਸਤੀ ਸੀ। ਉਸ ਨੇ ਵੂਲਵਰਹੈਂਪਟਨ ਦੇ ਇੱਕ ਹੋਟਲ ਵਿੱਚ ਅਮਨਦੀਪ ਕੌਰ ਹੇਠੀ ਦਾ ਕਤਲ ਕਰ ਦਿੱਤਾ ਸੀ। ਪੰਜਾਬ ਦੇ ਇੱਕ ਅਧਿਕਾਰੀ ਮੁਤਾਬਕ 33 ਸਾਲਾ ਗੁਰਮਿੰਦਰ ਸਿੰਘ ਦੀ ਹਵਾਲਗੀ ਪੰਜਾਬ ਪੁਲਿਸ ਦੀ ਟੀਮ ਮੰਗਲਵਾਰ ਨੂੰ ਦਿੱਲੀ ਕੌਮਾਂਤਰੀ ਹਵਾਈ ਅੱਡੇ ਉੱਤੇ ਬਰਤਾਨੀਆ ਦੇ ਅਧਿਕਾਰੀਆਂ ਤੋਂ ਹਾਸਲ ਕਰੇਗੀ। ਪੰਜਾਬ ਪੁਲਿਸ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਪੁਲਿਸ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਅਜਿਹੇ ਮਾਮਲਿਆਂ ਦੀ ਜ਼ਿਆਦਾ ਪਬਲੀਸਿਟੀ ਨਾ ਕੀਤੀ ਜਾਵੇ।



ਭਾਰਤ ਪਹੁੰਚਣ ਉੱਤੇ ਗੁਰਮਿੰਦਰ ਸਿੰਘ ਆਪਣੀ ਬਾਕੀ ਦੀ ਸਜ਼ਾ ਪੰਜਾਬ ਦੀ ਜੇਲ੍ਹ ਵਿਚ ਪੂਰੀ ਕਰੇਗਾ। ਇਸ ਤੋਂ ਪਹਿਲਾਂ ਪਿਛਲੇ ਮਹੀਨੇ ਹਰਪ੍ਰੀਤ ਔਲਖ ਨੂੰ ਬਰਤਾਨੀਆ ਤੋਂ ਭਾਰਤ ਭੇਜਿਆ ਗਿਆ ਸੀ। ਹਰਪ੍ਰੀਤ ਔਲਖ 'ਤੇ ਆਪਣੀ ਪਤਨੀ ਗੀਤਾ ਔਲਖ ਦਾ ਕਤਲ ਕਰਨ ਦਾ ਦੋਸ਼ ਹੈ ਅਤੇ ਇਸ ਮਾਮਲੇ ਵਿੱਚ ਬਰਤਾਨੀਆ ਦੀ ਅਦਾਲਤ ਨੇ ਉਸ ਨੂੰ 28 ਸਾਲ ਦੀ ਸਜ਼ਾ ਸੁਣਾਈ ਹੋਈ ਹੈ।

**ਕੀ ਹੈ ਮਾਮਲਾ**

ਕਤਲ ਦੇ ਮਾਮਲੇ ਵਿਚ ਵੂਲਵਰਹੈਂਪਟਨ ਕ੍ਰਾਊਨ ਕੋਰਟ ਨੇ ਗੁਰਮਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦੇ ਹੋਏ ਘੱਟੋਂ ਘੱਟ 24 ਸਾਲ ਜੇਲ੍ਹ ਵਿਚ ਰੱਖਣ ਦਾ ਹੁਕਮ ਸੁਣਾਇਆ ਹੋਇਆ ਹੈ। ਸਰਕਾਰੀ ਪੱਖ ਦਾ ਕਹਿਣਾ ਹੈ ਕਿ ਗੁਰਮਿੰਦਰ ਸਿੰਘ ਦੇ ਮ੍ਰਿਤਕਾ ਅਮਨਦੀਪ ਕੌਰ ਹੇਠੀ ਜੋ ਕਿ ਵਿਆਹੁਤਾ ਸੀ ਅਤੇ ਦੋ ਬੱਚਿਆ ਦੀ ਮਾਂ ਨਾਲ ਸਬੰਧ ਸਨ। ਅਮਨਦੀਪ ਕੌਰ ਦੀ ਲਾਸ਼ 2013 ਵਿਚ ਇੱਕ ਹੋਟਲ ਵਿੱਚ ਮਿਲੀ ਸੀ ਅਤੇ ਉਸ ਦੇ ਸਰੀਰ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਹੋਏ ਸਨ। ਗੁਰਮਿੰਦਰ ਸਿੰਘ ਨੇ ਵੀ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਜਦੋਂ ਉਹ ਇਸ ਵਿਚ ਅਸਫਲ ਹੋ ਗਿਆ ਤਾਂ ਉਸ ਨੇ ਮਦਦ ਲਈ ਐਮਰਜੈਂਸੀ ਸਰਵਿਸਿਜ਼ ਨੂੰ ਕਾਲ ਕੀਤੀ। ਪੰਜਾਬ ਪੁਲਿਸ ਮੁਤਾਬਕ ਹਰਪ੍ਰੀਤ ਔਲਖ ਵਾਂਗ ਗੁਰਮਿੰਦਰ ਦੀ ਬੇਨਤੀ ਉੱਤੇ ਹੀ ਬਰਤਾਨੀਆ ਤੋਂ ਉਸ ਨੂੰ ਭਾਰਤ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲ ਸਕੇ। ਕੈਦੀਆਂ ਦੀ ਵਾਪਸੀ ਸਬੰਧੀ ਭਾਰਤੀ ਐਕਟ ਦੇ ਮੁਤਾਬਕ ਕੁਝ ਦੇਸ਼ਾਂ ਦੇ ਕੈਦੀ, ਜਿੰਨ੍ਹਾਂ ਵਿਚ ਬਰਤਾਨੀਆ ਵੀ ਸ਼ਾਮਲ ਹੈ, ਭਾਰਤ ਵਿਚ ਤਬਦੀਲ ਹੋਣ ਦੀ ਬੇਨਤੀ ਕਰ ਸਕਦੇ ਹਨ। ਇਸ ਐਕਟ ਦੇ ਤਹਿਤ ਫਾਂਸੀ ਦੀ ਸਜ਼ਾ ਯਾਫ਼ਤਾ ਅਤੇ ਪੈਂਡਿੰਗ ਕੇਸ ਵਾਲਾ ਵਿਅਕਤੀ ਅਪੀਲ ਨਹੀਂ ਕਰ ਸਕਦਾ।

# ਨਵੇਂ ਵੱਡੇ ਨੋਟ ਹੁਣ ਹੋ ਗਏ ਹਨ ਪੁਰਾਣੇ ਨੋਟਾਂ ਤੋਂ ਜ਼ਿਆਦਾ, ਕਿਵੇਂ ਰੁਕੇਗਾ ਕਾਲਾਧਨ?




ਨਵੀਂ ਦਿੱਲੀ : ਨਵੰਬਰ 2018 'ਚ ਨੋਟਬੰਦੀ ਨੂੰ ਦੋ ਸਾਲ ਪੂਰੇ ਹੋਣ ਜਾ ਰਹੇ ਹਨ। ਸਰਕਾਰ ਅਤੇ ਭਾਜਪਾ ਨੋਟਬੰਦੀ ਨੂੰ ਸਭ ਤੋਂ ਵੱਡਾ ਅਤੇ ਵਧੀਆ ਕਦਮ ਦੱਸ ਰਹੀ ਹੈ, ਜਦੋਂ ਕਿ ਆਰਥਿਕ ਮਾਹਰ ਪੁੱਛ ਰਹੇ ਹਨ ਕਿ ਇੰਨਾ ਵੱਡਾ ਪਹਾੜ ਪੁੱਟਣ ਤੋਂ ਬਾਅਦ ਵੀ ਮਿਲਿਆ ਕੁੱਝ ਨਹੀਂ। 500 ਅਤੇ 1000 ਦੇ ਨੋਟਾਂ ਨੂੰ ਹਟਾਉਣ ਦਾ ਵੱਡਾ ਮਕਸਦ ਕਾਲੇਧਨ ਅਤੇ ਨੋਟਾਂ ਦੀ ਜਮ੍ਹਾਖੋਰੀ 'ਤੇ ਲਗਾਮ ਲਗਾਉਣਾ ਸੀ। ਨੋਟਬੰਦੀ ਤੋਂ ਬਾਅਦ ਜਾਰੀ ਹੋਏ 2000 ਦੇ ਨੋਟਾਂ ਦੀ ਗਿਣਤੀ ਮਾਰਚ 2017 ਤੱਕ 328.5 ਕਰੋੜ ਸੀ। ਇਨ੍ਹਾਂ ਦਾ ਮੁੱਲ 6 ਲੱਖ 57 ਹਜ਼ਾਰ ਕਰੋੜ ਰੁਪਏ ਹੁੰਦਾ। ਵੇਖਿਆ ਜਾਵੇ ਤਾਂ ਇਹ ਸੰਖਿਆ ਨੋਟਬੰਦੀ ਦੇ ਦੌਰਾਨ ਸਰਕੁਲੈਕਸ਼ਨ 'ਚ ਮੌਜੂਦ 1000 ਰੁਪਏ ਦੇ ਨੋਟਾਂ ਦੇ ਮੁੱਲ 6.32 ਲੱਖ ਕਰੋੜ ਰੁਪਏ ਤੋਂ ਕਿਤੇ ਜ਼ਿਆਦਾ ਹੈ। ਸਰਕਾਰ ਕਹਿੰਦੀ ਹੈ ਕਿ ਵੱਡੇ ਨੋਟਾਂ ਨਾਲ ਕਾਲਾਧਨ ਵੱਧਦਾ ਹੈ। ਫਿਰ ਪੁਰਾਣੇ ਹਜ਼ਾਰ ਦੇ ਨੋਟਾਂ ਤੋਂ ਜ਼ਿਆਦਾ ਕੀਮਤ ਦੇ ਦੋ ਹਜ਼ਾਰ ਦੇ ਨੋਟ ਜਾਰੀ ਕਰਨ ਨਾਲ ਕਾਲਾਧਨ ਘੱਟ ਕਿਵੇਂ ਹੋ ਗਿਆ ? ਇਸ ਤੋਂ ਇਲਾਵਾ ਨੋਟਬੰਦੀ ਦੇ ਸਮੇਂ ਕੁਲ ਕਰੰਸੀ ਵਿੱਚ 500 ਅਤੇ 1000 ਰੁਪਏ ਦੇ ਨੋਟਾਂ ਦੀ ਹਿੱਸੇਦਾਰੀ 86 ਫੀਸਦੀ ਸੀ, ਨੋਟਬੰਦੀ ਦੇ ਸਾਲ ਭਾਵ ਦਸੰਬਰ 2017 ਵਿੱਚ 500 ਅਤੇ 2000 ਦੇ ਨੋਟਾਂ ਦੀ ਹਿੱਸੇਦਾਰੀ 90 ਫੀਸਦੀ ਤੋਂ ਉੱਤੇ ਚੱਲੀ ਗਈ। ਇੱਥੇ ਸਵਾਲ ਉੱਠਦਾ ਹੈ ਕਿ ਅਖੀਰ ਵੱਡੇ ਨੋਟ ਪਹਿਲਾਂ ਤੋਂ ਜ਼ਿਆਦਾ ਹੀ ਜਾਰੀ ਕਰਨੇ ਸਨ ਤਾਂ ਫਿਰ ਨੋਟਬੰਦੀ ਦਾ ਮਕਸਦ ਕੀ ਸੀ ? ਕੀ 2000 ਦੇ ਨੋਟ ਨਾਲ ਕਾਲੇਧਨ ਨੂੰ ਹੱਲਾਸ਼ੇਰੀ ਨਹੀਂ ਮਿਲਿਆ ? ਅਪ੍ਰੈਲ-18 ਵਿੱਚ ਫਿਰ ਤੋਂ ਕੈਸ਼ ਦੀ ਕਿੱਲਤ ਸਾਹਮਣੇ ਆਈ। ਇਸ ਤੋਂ ਬਾਅਦ ਸਰਕਾਰ ਨੇ 2000 ਦੇ ਨੋਟਾਂ ਦਾ ਸਰਕੁਲੈਕਸ਼ਨ ਘਟਾਉਣਾ ਸ਼ੁਰੂ ਕੀਤਾ। ਕਈ ਆਰਥਿਕ ਅਤੇ ਬੈਂਕਿੰਗ ਮਾਹਿਰਾਂ ਮੁਤਾਬਕ 2000 ਦੇ ਨੋਟਾਂ ਦੇ ਜਰੀਏ ਬਲੈਕਮਨੀ ਜਮ੍ਹਾਂ ਕਰਨਾ ਜ਼ਿਆਦਾ ਆਸਾਨ ਹੈ। ਇਹ 500-1000 ਦੇ ਨੋਟਾਂ ਦੀ ਤੁਲਨਾ ਵਿੱਚ ਗਿਣਤੀ ਵਿੱਚ ਘੱਟ ਅਤੇ ਕੀਮਤ ਵਿੱਚ ਜ਼ਿਆਦਾ ਬੈਠਦੇ ਹਨ। ਨੋਟਬੰਦੀ ਤੋਂ ਪਹਿਲਾਂ ਕਾਲਾਧਨ ਸਰੈਂਡਰ ਕਰਨ ਦੀ ਜੋ ਯੋਜਨਾ ਸੀ, ਉਸ ਵਿੱਚ 1 ਜੂਨ 2016 ਤੋਂ ਸਤੰਬਰ 2016 ਤੱਕ ਇਸ ਰਾਸ਼ੀ ਤੋਂ ਤਿੰਨ ਗੁਣਾ ਤੋਂ ਵੀ ਜ਼ਿਆਦਾ 67, 382 ਕਰੋੜ ਰੁਪਏ ਆਏ ਸਨ। ਸਵਾਲ ਉੱਠਦਾ ਹੈ ਕਿ ਨੋਟਬੰਦੀ ਤੋਂ ਪਹਿਲਾਂ ਦੀ ਯੋਜਨਾ ਵਿੱਚ ਹੀ ਭਾਰੀ ਸਫਲਤਾ ਮਿਲੀ ਤਾਂ ਬਾਅਦ ਵਿੱਚ ਅਜਿਹਾ ਕਿਉਂ ਨਹੀਂ ਹੋਇਆ ? ਨਹੀਂ ਵੀ ਹੋਇਆ ਤਾਂ ਨੋਟਬੰਦੀ ਤੋਂ ਬਾਅਦ ਜੋ ਕਾਲਾਧਨ ਸਾਹਮਣੇ ਆਉਣ ਦੀ ਰਫਤਾਰ ਵੱਧਣੀ ਸੀ, ਉਹ ਵੱਧਣ ਦੀ ਬਜਾਏ 300 ਫੀਸਦੀ ਘੱਟ ਕਿਉਂ ਗਈ ? ਰਫਤਾਰ ਘੱਟ ਹੀ ਗਈ ਤਾਂ ਫਿਰ ਨੋਟਬੰਦੀ ਦਾ ਫਾਇਦਾ ਕੀ ਹੋਇਆ ?

# ਪੰਜਾਬ 'ਚ ਚਾਰੇ ਪਾਸੇ ਕਾਂਗਰਸ ਹੀ ਕਾਂਗਰਸ ਆ ਰਹੀ ਹੈ ਨਜ਼ਰ

## ਅਕਾਲੀ ਦਲ ਨੂੰ ਲੱਗਿਆ ਕਰਾਰਾ ਝਟਕਾ, 'ਆਪ' ਨੂੰ ਤਾਂ ਕਿਸੇ ਮੂੰਹ ਹੀ ਨਹੀਂ ਲਗਾਇਆ

ਚੰਡੀਗੜ੍ਹ : ਪੰਜਾਬ 'ਚ ਬੀਤੇ ਦਿਨ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੇ ਲਈ ਹੋਈਆਂ ਵੋਟਾਂ ਦੀ ਗਿਣਤੀ ਹੋਈ ਸੀ। ਜਿਸ 'ਚ ਪੰਜਾਬ 'ਚ ਵਿਚ 22 ਜ਼ਿਲ੍ਹਾ ਪ੍ਰੀਸ਼ਦਾਂ ਅਤੇ 150 ਬਲਾਕ ਸੰਮਤੀਆਂ ਦੇ ਨਤੀਜੇ ਸਾਹਮਣੇ ਆਏ। ਜਿਸ 'ਚ ਸੱਤਾਧਾਰੀ ਪਾਰਟੀ ਕਾਂਗਰਸ ਨੇ ਸ਼ਾਨਦਾਰ ਜਿੱਤ ਹਾਸਿਲ ਕੀਤੀ। ਸੂਬਾ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੂਬੇ 'ਚ 354 ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਅਤੇ 2900 ਬਲਾਕ ਸੰਮਤੀ ਮੈਂਬਰਾਂ ਲਈ ਵੋਟਾਂ ਪਈਆਂ ਸਨ। ਜ਼ਿਲ੍ਹਾ ਪ੍ਰੀਸ਼ਦਾਂ ਦੇ 33 ਮੈਂਬਰ ਅਤੇ ਬਲਾਕ ਸੰਮਤੀਆਂ ਦੇ 369 ਮੈਂਬਰ ਨਿਰਵਿਰੋਧ ਚੁਣੇ ਗਏ। ਦੇਰ ਰਾਤ ਤੱਕ ਆਏ ਬਲਾਕ ਸੰਮਤੀ ਚੋਣ ਨਤੀਜਿਆਂ ਅਨੁਸਾਰ ਕਾਂਗਰਸ ਨੇ 862 ਸੀਟਾਂ 'ਤੇ ਜਿੱਤ ਹਾਸਲ ਕਰ ਲਈ, ਜਦੋਂ ਕਿ ਅਕਾਲੀ ਦਲ 108 ਸੀਟਾਂ ਅਤੇ 'ਆਪ' ਦੀ ਝੋਲੀ ਵਿਚ ਵੀ 7 ਸੀਟਾਂ ਪਈਆਂ। ਫਾਜ਼ਿਲਕਾ 'ਚ ਜ਼ਿਲ੍ਹਾ ਪ੍ਰੀਸ਼ਦ ਦੀਆਂ 15 ਸੀਟਾਂ 'ਚੋਂ ਕਾਂਗਰਸ ਨੇ 11 ਅਤੇ ਸ਼੍ਰੋਮਣੀ ਅਕਾਲੀ ਦਲ ਨੇ 4, ਮਾਨਸਾ ਦੀਆਂ 11 ਵਿਚੋਂ 11 'ਤੇ ਕਾਂਗਰਸ ਨੇ ਜਿੱਤ ਹਾਸਿਲ ਕੀਤੀ। ਮਾਨਸਾ ਦੀਆਂ ਕੁਲ 05 ਪੰਚਾਇਤ ਸੰਮਤੀਆਂ ਦੇ 89 ਜ਼ੋਨਾਂ ਵਿੱਚ ਕਾਂਗਰਸ ਪਾਰਟੀ ਨੇ 69, ਆਮ ਆਦਮੀ ਪਾਰਟੀ 03, ਸ਼੍ਰੋਮਣੀ ਅਕਾਲੀ ਦਲ 13 ਅਤੇ 04 ਆਜ਼ਾਦ ਉਮੀਦਵਾਰ ਨੇ ਜਿੱਤ ਦਰਜ ਕੀਤੀ ਹੈ। ਗੁਰਦਾਸਪੁਰ ਦੀਆਂ 213 ਸੀਟਾਂ 'ਚੋਂ 212 ਸੀਟਾਂ 'ਤੇ ਕਾਂਗਰਸ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ, ਜਦ ਕਿ ਇਥੇ ਇਕ ਸੀਟ 'ਤੇ ਆਜ਼ਾਦ ਉਮੀਦਵਾਰ ਨੂੰ ਜਿੱਤ ਮਿਲੀ। ਬਠਿੰਡਾ 'ਚ ਕਾਂਗਰਸ ਨੇ ਜ਼ਿਲ੍ਹਾ ਪ੍ਰੀਸ਼ਦ ਦੀਆਂ 16 ਦੀਆਂ 16 ਸੀਟਾਂ 'ਤੇ ਕਬਜ਼ਾ ਕੀਤਾ। ਜਦੋਂਕਿ ਬਲਾਕ ਸੰਮਤੀ ਦੀਆਂ 148 ਸੀਟਾਂ 'ਚੋਂ ਕਾਂਗਰਸ ਨੂੰ 121, ਅਕਾਲੀ ਦਲ ਨੂੰ 15, ਆਮ ਆਦਮੀ ਪਾਰਟੀ ਨੂੰ 5 ਸੀਟਾਂ ਮਿਲੀਆਂ ਅਤੇ 7 ਆਜ਼ਾਦ ਉਮੀਦਵਾਰ ਜਿੱਤੇ। ਪਟਿਆਲਾ 'ਚ ਕਾਂਗਰਸ ਨੇ 25 'ਚੋਂ 25 ਜ਼ਿਲ੍ਹਾ ਪ੍ਰੀਸ਼ਦ ਸੀਟਾਂ 'ਤੇ ਕਬਜ਼ਾ ਕੀਤਾ ਜਦੋਂ ਕਿ ਕੁੱਲ 09 ਪੰਚਾਇਤ ਸੰਮਤੀਆਂ ਦੇ 193 ਜ਼ੋਨਾਂ ਵਿਚ ਕਾਂਗਰਸ ਪਾਰਟੀ ਨੇ 181, ਸ਼੍ਰੋਮਣੀ ਅਕਾਲੀ ਦਲ 10 ਅਤੇ 1 ਆਜ਼ਾਦ ਉਮੀਦਵਾਰ ਨੇ ਜਿੱਤ ਦਰਜ ਕੀਤੀ। ਲੁਧਿਆਣਾ 'ਚ ਵੀ ਕਾਂਗਰਸ ਨੇ ਜ਼ਿਲ੍ਹਾ ਪ੍ਰੀਸ਼ਦ ਦੀਆਂ 25 'ਚੋਂ 25 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਅਬੋਹਰ 'ਚ ਜ਼ਿਲ੍ਹਾ ਪ੍ਰੀਸ਼ਦ ਦੀਆਂ 10 ਸੀਟਾਂ 'ਚੋਂ ਕਾਂਗਰਸ ਨੇ 6 ਅਤੇ ਅਕਾਲੀ ਦਲ ਨੇ 1 ਸੀਟ 'ਤੇ ਜਿੱਤ ਪ੍ਰਾਪਤ ਕੀਤੀ। ਬਰਨਾਲਾ 'ਚ ਬਲਾਕ ਸੰਮਤੀ ਦੀਆਂ 61 ਸੀਟਾਂ 'ਚੋਂ ਕਾਂਗਰਸ ਨੂੰ 34 ਅਤੇ ਅਕਾਲੀ ਦਲ ਨੂੰ 9 ਸੀਟਾਂ ਮਿਲੀਆਂ। ਫ਼ਰੀਦਕੋਟ 'ਚ ਬਲਾਕ ਸੰਮਤੀ ਦੀਆਂ 49 ਸੀਟਾਂ 'ਚੋਂ ਕਾਂਗਰਸ ਨੂੰ 44 ਅਤੇ ਅਕਾਲੀ ਦਲ ਨੂੰ 3 ਸੀਟਾਂ ਮਿਲੀਆਂ ਅਤੇ 2 ਆਜ਼ਾਦ ਉਮੀਦਵਾਰ ਜਿੱਤੇ। ਫ਼ਿਰੋਜ਼ਪੁਰ 'ਚ ਜ਼ਿਲ੍ਹਾ ਪ੍ਰੀਸ਼ਦ ਦੀਆਂ 16 ਸੀਟਾਂ 'ਚੋਂ 14 'ਤੇ ਕਾਂਗਰਸ ਨੇ ਕਬਜ਼ਾ ਕੀਤਾ ਅਤੇ ਅਕਾਲੀ ਦਲ ਨੂੰ 1 ਸੀਟ ਮਿਲੀ। ਫ਼ਿਰੋਜ਼ਪੁਰ ਦੀਆਂ ਹੀ ਕੁਲ 06 ਪੰਚਾਇਤ ਸੰਮਤੀਆਂ ਦੇ 119 ਜ਼ੋਨਾਂ ਵਿੱਚ ਕਾਂਗਰਸ ਪਾਰਟੀ ਨੇ 118 ਅਤੇ 01 ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੇ ਜਿੱਤ ਦਰਜ ਕੀਤੀ। ਪਰ ਇਸ ਤੋਂ ਉਲਟ ਸਾਬਕਾ ਅਕਾਲੀ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਦੇ ਹਲਕਾ ਮਜੀਠਾ 'ਚ ਅਕਾਲੀ ਦਲ ਨੇ ਜਿੱਤ ਦੇ ਝੰਡੇ ਗੱਡਦਿਆਂ ਚਾਰੇ ਜ਼ਿਲ੍ਹਾ ਪ੍ਰੀਸ਼ਦ ਅਤੇ 32 'ਚੋਂ 28 ਬਲਾਕ ਸੰਮਤੀਆਂ 'ਤੇ ਕਬਜ਼ਾ ਕੀਤਾ।

# 7 ਅਕਤੂਬਰ ਨੂੰ ਇੱਕ-ਦੂਜੇ ਦੇ ਗੜ੍ਹ 'ਚ ਜਾ ਕੇ ਗਰਜਣਗੇ ਕੈਪਟਨ ਤੇ ਬਾਦਲ



ਚੰਡੀਗੜ੍ਹ – ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਦੀ ਪ੍ਰਕਿਰਿਆ ਮੁਕੰਮਲ ਹੋ ਗਈ ਹੈ ਤੇ ਹੁਣ ਜਸਟਿਸ (ਸੇਵਾ-ਮੁਕਤ) ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਤਿੱਖੀ ਮੁਕਾਬਲੇਬਾਜ਼ੀ ਦਾ ਦੌਰ ਮੁੜ ਸ਼ੁਰੂ ਹੋ ਸਕਦਾ ਹੈ। ਇਸ ਦੇ ਨਾਲ ਹੀ ਆਉਂਦੀ 7 ਅਕਤੂਬਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਾ ਇੱਕ-ਦੂਜੇ ਦੇ ਗੜ੍ਹ 'ਚ ਜਾ ਕੇ ਸਮਾਨਾਂਤਰ ਰੈਲੀਆਂ ਕਰਨ ਦਾ ਪ੍ਰੋਗਰਾਮ ਵੀ ਰੱਖਿਆ ਹੋਇਆ ਹੈ।

ਕਾਂਗਰਸ ਨੇ ਬਾਦਲ ਦੇ ਲੰਬੀ ਹਲਕੇ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) 'ਚ ਆਪਣੀ ਰੈਲੀ ਦਾ ਪ੍ਰੋਗਰਾਮ ਰੱਖਿਆ ਹੋਇਆ ਹੈ; ਜਦ ਕਿ ਅਕਾਲੀ ਦਲ ਨੇ ਉਸੇ ਦਿਨ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਸ਼ਹਿਰ ਪਟਿਆਲਾ 'ਚ ਰੈਲੀ ਕਰਨੀ ਹੈ।

ਮੁੱਖ ਮੰਤਰੀ ਨੇ ਹਾਲੇ ਪਿਛਲੇ ਹਫ਼ਤੇ ਹੀ ਲੰਬੀ 'ਚ ਕਾਂਗਰਸ ਦੀ ਰੈਲੀ ਦਾ ਪ੍ਰੋਗਰਾਮ ਐਲਾਨਿਆ ਸੀ ਕਿਉਂਕਿ ਬਾਦਲ ਨੇ ਬੀਤੇ ਦਿਨੀਂ ਅਬੋਹਰ ਤੇ ਫ਼ਰੀਦਕੋਟ 'ਚ ਇੱਕ ਤੋਂ ਬਾਅਦ ਇੱਕ ਲਗਾਤਾਰ ਦੋ ਰੈਲੀਆਂ ਕੀਤੀਆਂ ਸਨ ਤੇ ਉੱਥੇ ਦੋਸ਼ ਲਾਇਆ ਗਿਆ ਸੀ ਕਿ ਸੱਤਾਧਾਰੀ ਪਾਰਟੀ ਕਾਂਗਰਸ ਇਸ ਵੇਲੇ ਪੰਜਾਬ ਦੀ ਬਹੁਤ ਔਖੇ ਤਰੀਕੇ ਹਾਸਲ ਕੀਤੀ ਸ਼ਾਂਤੀ ਲਈ ਖ਼ਤਰਾ ਬਣੀ ਹੋਈ ਹੈ।

ਜਸਟਿਸ (ਸੇਵਾ-ਮੁਕਤ) ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਚ ਸਾਬਕਾ ਮੁੱਖ ਮੰਤਰੀ ਨੂੰ ਅਕਤੂਬਰ 2015 ਦੌਰਾਨ ਕੋਟਕਪੂਰਾ ਤੇ ਬਹਿਬਲ ਕਲਾਂ 'ਚ ਗੋਲੀਕਾਂਡ (ਜਿੱਥੇ ਦੋ ਨਿਰਦੋਸ਼ ਮੁਜ਼ਾਹਰਾਕਾਰੀ ਮਾਰੇ ਗਏ ਸਨ) ਲਈ 'ਦੋਸ਼ੀ' ਕਰਾਰ ਦਿੱਤੇ ਜਾਣ ਤੋਂ ਬਾਅਦ ਅਕਾਲੀ ਦਲ ਨੇ ਇਹ ਰੈਲੀਆਂ ਪਹਿਲੀ ਵਾਰ ਕੀਤੀਆਂ ਸਨ। ਪਹਿਲਾਂ ਹੋਈਆਂ 'ਪੋਲ ਖੋਲ੍ਹ ਰੈਲੀਆਂ' 'ਚ ਵੱਡੇ ਬਾਦਲ ਨੇ ਭਾਗ ਨਹੀਂ ਲਿਆ ਸੀ।

ਚੰਡੀਗੜ੍ਹ 'ਚ ਇੱਕ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਸੂਬੇ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 7 ਅਕਤੂਬਰ ਵਾਲੀ ਰੈਲੀ ਵਾਲੇ ਸਥਾਨ ਭਾਵ ਕਿਲਿਆਂਵਾਲੀ ਦੀ ਅਨਾਜ ਮੰਡੀ ਦਾ ਅੱਜ ਦੌਰਾ ਕੀਤਾ। ਸ੍ਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਪਾਰਟੀ ਨੇ ਇਸ ਰੈਲੀ ਲਈ ਆਪਣੇ ਕਾਡਰਾਂ ਨੂੰ ਲਾਮਬੰਦ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਉੱਧਰ ਅਕਾਲੀ ਦਲ ਨੇ 7 ਅਕਤੂਬਰ ਦੀ ਆਪਣੀ ਪਟਿਆਲਾ ਰੈਲੀ ਦਾ ਨਾਂਅ 'ਜਬਰ ਵਿਰੋਧੀ ਰੈਲੀ' ਰੱਖਿਆ ਹੈ। ਅਕਾਲੀਆਂ ਦਾ ਦੋਸ਼ ਹੈ ਕਿ ਸੱਤਾਧਾਰੀ ਕਾਂਗਰਸ ਦੇ ਕਾਰਕੁੰਨਾਂ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ 'ਚ ਵੱਡੇ ਪੱਧਰ 'ਤੇ ਬੂਥਾਂ 'ਤੇ ਕਬਜ਼ੇ ਕੀਤੇ ਸਨ ਤੇ ਹਿੰਸਕ ਕਾਰਵਾਈਆਂ ਕੀਤੀਆਂ ਸਨ। ਪਟਿਆਲਾ ਰੈਲੀ ਦੀਆਂ ਤਿਆਰੀਆਂ ਬਾਰੇ ਅਕਾਲੀ ਦਲ ਦੀ ਕੋਰ ਕਮੇਟੀ ਦੀ ਵੀ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬਾਦਲ 'ਚ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਹੋਰਨਾਂ ਕਈ ਆਗੂਆਂ ਤੋਂ ਇਲਾਵਾ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀਆਂ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ ਤੇ ਬੀਬੀ ਜਗੀਰ ਕੌਰ ਨੇ ਭਾਗ ਲਿਆ।

ਅਕਾਲੀ ਦਲ ਦੇ ਆਗੂਆਂ ਨੇ ਖ਼ਦਸ਼ਾ ਪ੍ਰਗਟਾਇਆ ਕਿ ਕਾਂਗਰਸ ਹੁਣ ਪੰਚਾਇਤ ਚੋਣਾਂ 'ਚ ਵੀ ਹਿੰਸਾ 'ਤੇ ਉਤਾਰੂ ਹੋ ਸਕਦੀ ਹੈ। ਅੱਜ ਦੀ ਮੀਟਿੰਗ ਤੋਂ ਬਾਅਦ ਸ੍ਰੀ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਟਿਆਲਾ ਦੀ ਰੈਲੀ ਵਿੱਚ ਚੋਣਾਂ ਦੌਰਾਨ ਕਾਂਗਰਸ ਵੱਲੋਂ ਕੀਤੀਆਂ ਗਈਆਂ ਕਥਿਤ ਵਧੀਕੀਆਂ ਉਜਾਗਰ ਕੀਤੀਆਂ ਜਾਣਗੀਆਂ। ਉਨ੍ਹਾਂ ਦੇ ਵਰਕਰਾਂ ਨੇ ਬੂਥਾਂ 'ਤੇ ਕਬਜ਼ੇ ਕੀਤੇ ਪਰ ਫਿਰ ਵੀ ਅਕਾਲੀ ਦਲ ਨੇ ਲੰਬੀ 'ਚ ਕਈ ਸੀਟਾਂ ਜਿੱਤ ਲਈਆਂ।

## ਸਿੱਖ ਆਗੂ ਦੇ ਦੋ 'ਕਾਤਲ' ਪਾਕਿ ਅਦਾਲਤ ਨੇ ਕੀਤੇ ਰਿਹਾਅ




ਪੇਸ਼ਾਵਰ (ਪਾਕਿਸਤਾਨ) ਪਾਕਿਸਤਾਨ ਦੇ ਉੱਘੇ ਸਿੱਖ ਆਗੂ ਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁੰਨ ਚਰਨਜੀਤ ਸਿੰਘ ਦੇ ਦੋ ਕਥਿਤ ਕਾਤਲਾਂ ਤਾਰਿਕ ਅਤੇ ਸ਼ਹਿਰਯਾਰ ਨੂੰ ਪਾਕਿਸਤਾਨ ਦੀ ਇੱਕ ਅਦਾਲਤ ਨੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਤਾਰਿਕ ਤੇ ਸ਼ਹਿਰਯਾਰ ਨੇ ਅਦਾਲਤ 'ਚ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਬਿਨਾ ਕਿਸੇ ਸਬੂਤ ਜਾਂ ਗਵਾਹ ਦੇ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਨਾ ਹੀ ਮਕਤੂਲ ਚਰਨਜੀਤ ਸਿੰਘ ਹੁਰਾਂ ਦੇ ਕਿਸੇ ਪਰਿਵਾਰਕ ਮੈਂਬਰ ਨੇ ਕੋਈ ਸ਼ਿਕਾਇਤ ਦਰਜ ਕਰਵਾਈ ਹੈ। ਅਦਾਲਤ ਨੇ ਦੋਵੇਂ ਕਥਿਤ ਕਾਤਲਾਂ ਦੀ ਜ਼ਮਾਨਤ ਅਰਜ਼ੀ ਪ੍ਰਵਾਨ ਕਰ ਲਈ। ਸ੍ਰੀ ਚਰਨਜੀਤ ਸਿੰਘ ਦਾ ਕਤਲ ਇਸੇ ਵਰ੍ਹੇ 29 ਮਈ ਨੂੰ ਹੋ ਗਿਆ ਸੀ, ਜਦੋਂ ਇੱਕ ਬੰਦੂਕਧਾਰੀ ਉਨ੍ਹਾਂ ਦੇ ਗਰੌਸਰੀ ਸਟੋਰ ਅੰਦਰ ਜ਼ਬਰਦਸਤੀ ਦਾਖ਼ਲ ਹੋ ਗਿਆ ਸੀ। ਉਨ੍ਹਾਂ ਨੂੰ ਉਸੇ ਬੰਦੂਕਧਾਰੀ ਨੇ ਗੋਲੀ ਮਾਰ ਦਿੱਤੀ ਸੀ। ਸ੍ਰੀ ਚਰਨਜੀਤ ਸਿੰਘ ਦੀ ਦੁਕਾਨ ਪੇਸ਼ਾਵਰ ਸ਼ਹਿਰ ਦੇ ਬਾਹਰਵਾਰ ਸਥਿਤ ਹੈ। ਉਹ ਦੋ ਦਹਾਕੇ ਪਹਿਲਾਂ ਪੇਸ਼ਾਵਰ ਆ ਕੇ ਰਹਿਣ ਲੱਗੇ ਸਨ ਤੇ ਹੁਣ ਆਪਣੇ ਇਲਾਕੇ ਦੀ ਕਾਫ਼ੀ ਸਤਿਕਾਰਤ ਸ਼ਖ਼ਸੀਅਤ ਬਣ ਚੁੱਕੇ ਸਨ। ਉਹ ਸਦਾ ਧਾਰਮਿਕ ਇੱਕਸੁਰਤਾ ਨੂੰ ਹੱਲਾਸ਼ੇਰੀ ਦਿੰਦੇ ਸਨ ਤੇ ਹਿੰਸਾ ਨੂੰ ਨਕਾਰਦੇ ਸਨ

# ਅਪਰਾਧਕ ਅਕਸ ਵਾਲਿਆਂ ਨੂੰ ਸਿਆਸਤ 'ਚ ਆਉਣ ਤੋਂ ਰੋਕਣ ਲਈ ਸੰਸਦ ਕਾਨੂੰਨ ਬਣਾਵੇ: ਸੁਪਰੀਮ ਕੋਰਟ

ਨਵੀਂ ਦਿੱਲੀ : ਦੇਸ਼ ਦੀ ਸਰਵਉਚ ਅਦਾਲਤ ਨੇ ਮੰਗਲਵਾਰ ਨੂੰ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਅਪਰਾਧਕ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਚੋਣ ਲੜਨ ਤੋਂ ਰੋਕਣ ਲਈ ਸੰਸਦ ਸਖ਼ਤ ਕਾਨੂੰਨ ਬਣਾਵੇ। ਪੰਜ ਮੈਂਬਰੀ ਬੈਂਚ ਨੇ ਕਿਹਾ ਕਿ ਅਦਾਲਤ ਇਸ ਸਥਿਤੀ 'ਚ ਨਹੀਂ ਹੈ ਕਿ ਉਹ ਆਪਰਾਧਕ ਕੇਸਾਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਰਾਜਨੀਤੀ 'ਚ ਆਉਣ ਤੋਂ ਰੋਕ ਸਕੇ।

ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸੰਸਦ ਅਜਿਹੇ ਲੋਕਾਂ ਨੂੰ ਰਾਜਨੀਤੀ 'ਚ ਆਉਣ ਤੋਂ ਰੋਕੇ ਜਿਨ੍ਹਾਂ ਦੇ ਖਿਲਾਫ ਅਪਰਾਧਕ ਮਾਮਲੇ ਚਲਦੇ ਹਨ। ਇਸ ਦੇ ਨਾਲ ਹੀ, ਕਾਨੂੰਨ ਬਣਾਉਣ ਦਾ ਜਿੰਮਾ ਸੰਸਦ 'ਤੇ ਛੱਡਿਆ।

ਸਰਵਉਚ ਅਦਾਲਤ ਨੇ ਕਿਹਾ ਕਿ ਵਿਵਸਥਾ ਭ੍ਰਿਸ਼ਟਾਚਾਰ ਦਾ ਸ਼ਿਕਾਰ ਨਾ ਬਣੇ। ਅਦਾਲਤ ਨੇ ਅੱਗੇ ਕਿਹਾ ਕਿ ਇਕ ਦਿਨ ਅਜਿਹਾ ਆਵੇਗਾ ਜਦੋਂ ਅਪਰਾਧੀ ਰਾਜਨੀਤੀ 'ਚ ਪ੍ਰਵੇਸ਼ ਨਹੀਂ ਕਰ ਪਾਉਣਗੇ। ਪ੍ਰੰਤੂ, ਕਾਨੂੰਨ ਬਣਾਉਣਾ ਸੰਸਦ ਦਾ ਕੰਮ ਹੈ। ਜੱਜਾਂ ਨੇ ਅਪਰਾਧਕ ਛਵੀ ਵਾਲੇ ਆਗੂ ਨੂੰ ਰਾਜਨੀਤੀ ਤੋਂ ਦੂਰ ਰੱਖਣ ਦੇ ਮਾਮਲੇ 'ਤੇ ਕਿਹਾ ਕਿ ਸਮਾਜ ਨੂੰ ਵਧੀਆ ਲੋਕਾਂ ਵੱਲੋਂ ਸ਼ਾਸਨ ਦਾ ਅਧਿਕਾਰ ਹੈ। ਕਾਨੂੰਨ ਜਿਨ੍ਹਾਂ ਛੇਤੀ ਹੋਵੇ ਅਮਲ 'ਚ ਲਿਆਂਦਾ ਜਾਣਾ ਚਾਹੀਦਾ। ਅਦਾਲਤ ਤੋਂ ਦੋਸ਼ ਤੈਅ ਹੋਣ ਬਾਅਦ ਚੋਣ ਲੜਨ 'ਤੇ ਰੋਕ ਨੂੰ ਲੈ ਕੇ ਲਗਾਈ ਗਈ ਜਾਚਿਕਾ ਨੂੰ ਖਾਰਜ ਕਰਦੇ ਹੋਏ ਮੁੱਖ ਜੱਜ ਦੀਪਕ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਕਿਹਾ ਕਿ ਲੋਕਤੰਤਰ ਲਈ ਜਾਨ ਲੇਵਾ ਸਾਬਤ ਹੋਣ ਤੋਂ ਪਹਿਲਾਂ ਛੇਤੀ ਇਸ ਨੂੰ ਲਿਆਉਣਾ ਚੰਗਾ ਹੋਵੇਗਾ। ਵਕੀਲ ਅਸ਼ਵਨੀ ਉਪਾਧਿਆਏ ਨੇ ਕਿਹਾ ਕਿ ਅਸੀਂ ਸੁਪਰੀਮ ਕੋਰਟ ਤੋਂ ਇਹ ਮੰਗ ਕੀਤੀ ਸੀ ਕਿ ਜੋ ਵੀ ਉਮੀਦਵਾਰ ਚੋਣ ਲੜਦੇ ਹਨ, ਜੇਕਰ ਉਨ੍ਹਾਂ ਖਿਲਾਫ ਗੰਭੀਰ ਆਪਰਾਧਕ ਮਾਮਲੇ ਹਨ ਤਾਂ ਉਨ੍ਹਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਵੇ। ਸਾਡੀ ਮੰਗ 'ਤੇ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਸੰਸਦ ਨੂੰ ਕਿਹਾ ਕਿ ਉਹ ਅਜਿਹਾ ਕਾਨੂੰਨ ਬਣਾਏ ਤਾਂ ਕਿ ਅਪਰਾਧੀਆਂ ਨੂੰ ਰਾਜਨੀਤੀ 'ਚ ਆਉਣ ਤੋਂ ਰੋਕਿਆ ਜਾ ਸਕੇ। ਇਸ ਤੋਂ ਪਹਿਲਾਂ, ਮੁੱਖ ਜੱਜ ਦੀਪਕ ਮਿਸ਼ਰਾ ਦੀ ਪ੍ਰਧਾਨਗੀ ਵਾਲੀ ਵਾਲੇ ਪੰਜ ਜੱਜਾਂ ਦੇ ਬੈਂਚ ਨੇ 28 ਅਗਸਤ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਦਿੱਤਾ ਸੀ। ਇਸ ਤੋਂ ਪਹਿਲਾਂ ਬੈਂਚ ਨੇ ਸੰਕੇਤ ਦਿੱਤਾ ਸੀ ਕਿ ਵੋਟਰਾਂ ਨੂੰ ਉਮੀਦਵਾਰਾਂ ਦਾ ਪਿਛੋਕੜ ਜਾਣਨ ਦਾ ਅਧਿਕਾਰ ਹੈ ਅਤੇ ਚੋਣ ਕਮਿਸ਼ਨ ਵਲੋਂ ਰਾਜਨੀਤਿਕ ਪਾਰਟੀਆਂ ਨੂੰ ਇਹ ਨਿਰਦੇਸ਼ ਦੇਣ ਲਈ ਕਿਹਾ ਜਾ ਸਕਦਾ ਹੈ ਕਿ ਦੋਸ਼ਾਂ ਦਾ ਸਾਹਮਣਾ ਕਰ ਰਹੇ ਲੋਕ ਉਨ੍ਹਾਂ ਦੇ ਚੋਣ ਚਿੰਨ੍ਹ 'ਤੇ ਚੋਣ ਨਾ ਲੜਨ।



# ਅਕਾਲੀ ਦਲ ਦੀ ਸਾਖ ਪਿੰਡਾਂ ਵਿੱਚ ਵੀ ਖੁਰਨ ਲੱਗੀ

## ਮਾਲਵਾ ਖੇਤਰ ਵਿੱਚ ਅਕਾਲੀਆਂ ਨੂੰ ਆਪਣੇ ਹਿੱਸੇ ਦੀਆਂ ਵੋਟਾਂ ਨਹੀਂ ਮਿਲੀਆਂ



ਚੰਡੀਗੜ੍ਹ, : ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ ਦੇ ਨਤੀਜੇ ਸ਼੍ਰੋਮਣੀ ਅਕਾਲੀ ਦਲ ਲਈ ਖ਼ਤਰੇ ਦੀ ਘੰਟੀ ਹਨ। ਬੇਸ਼ੱਕ ਇਨ੍ਹਾਂ ਚੋਣਾਂ ਵਿੱਚ ਆਮ ਤੌਰ 'ਤੇ ਸੱਤਾ ਧਿਰ ਨੂੰ ਹੀ ਬਹੁਮਤ ਹਾਸਲ ਹੁੰਦਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਤਰ੍ਹਾਂ ਨਾਲ ਸਫਾਇਆ ਹੀ ਹੋ ਜਾਣਾ, ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਵੱਡੀ ਗੱਲ ਇਹ ਹੈ ਕਿ ਪੇਂਡੂ ਖੇਤਰ ਅਕਾਲੀ ਦਲ ਦੇ ਗੜ੍ਹ ਮੰਨੇ ਜਾਂਦੇ ਹਨ ਤੇ ਇੱਥੋਂ ਦੇ ਵੋਟਰਾਂ ਨੇ ਪੰਥਕ ਕਹੀ ਜਾਣ ਵਾਲੀ ਪਾਰਟੀ ਨੂੰ ਨਾਕਾਰ ਦਿੱਤਾ ਹੈ। ਇਥੋਂ ਤੱਕ ਕਿ ਮਾਲਵੇ ਖੇਤਰ ਵਿੱਚ ਵੀ ਅਕਾਲੀ ਦਲ ਨੂੰ ਆਪਣੇ ਹਿੱਸੇ ਦੀ ਵੋਟ ਨਹੀਂ ਪਈ।

ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ ਦੇ ਨਤੀਜਿਆਂ ਮੁਤਾਬਕ ਕਾਂਗਰਸ ਦੇ ਉਮੀਦਵਾਰਾਂ ਦੀ ਹੂੰਝਾ ਫੇਰ ਜਿੱਤ ਹੋਈ ਹੈ। ਸੂਬੇ ਦੀਆਂ ਸਾਰੀਆਂ 22 ਜ਼ਿਲ੍ਹਾ ਪ੍ਰੀਸ਼ਦਾਂ 'ਤੇ ਕਾਂਗਰਸ ਨੇ ਕਬਜ਼ਾ ਕੀਤਾ ਹੈ। ਇਸੇ ਤਰ੍ਹਾਂ 150 ਪੰਚਾਇਤ ਸਮਿਤੀਆਂ ਵਿੱਚੋਂ ਵੀ 145 ਤੋਂ ਵੱਧ 'ਤੇ ਕਾਂਗਰਸ ਨੂੰ ਬਹੁਮਤ ਮਿਲਿਆ ਹੈ। ਪੰਚਾਇਤ ਸਮਿਤੀਆਂ ਵਿੱਚ ਸਿਰਫ ਮਜੀਠਾ ਬਲਾਕ ਨੇ ਸ਼੍ਰੋਮਣੀ ਅਕਾਲੀ ਦਲ ਦੀ ਲਾਜ ਰੱਖੀ ਹੈ ਜਿੱਥੇ ਸਪੱਸ਼ਟ ਬਹੁਮਤ ਮਿਲਿਆ ਹੈ।

ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਇਨ੍ਹਾਂ ਚੋਣਾਂ ਵਿੱਚ ਬੇਅਦਬੀ ਮਾਮਲਿਆਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਆਉਣ ਦਾ ਮੁੱਦਾ ਸਭ ਤੋਂ ਅਹਿਮ ਰਿਹਾ। ਇਹੀ ਕਾਰਨ ਹੈ ਕਿ ਪਿੰਡਾਂ ਵਿੱਚ ਲੋਕ ਵੋਟ ਪਾਉਣ ਨਿਕਲੇ ਹੀ ਨਹੀਂ। ਇਸ ਵਾਰ ਸਿਰਫ 58.10 ਫੀਸਦੀ ਵੋਟਿੰਗ ਹੀ ਹੋਈ। ਸਪਸ਼ਟ ਹੈ ਕਿ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੇ ਕੇਡਰ ਨੇ ਵੋਟਾਂ ਵਿੱਚ ਕੋਈ ਉਤਸ਼ਾਹ ਨਹੀਂ ਵਿਖਾਇਆ। ਇਸ ਲਈ ਪਿੰਡਾਂ ਵਿੱਚ ਅਕਾਲੀ ਦਲ ਦੇ ਪੈਰ ਉਖੜਦੇ ਨਜ਼ਰ ਆ ਰਹੇ ਹਨ।

ਉਧਰ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦਾ ਬੇਅਦਬੀ ਮਾਮਲੇ ਵਿੱਚ ਘਿਰਨ ਕਰਕੇ ਨੁਕਸਾਨ ਹੋਇਆ, ਉੱਥੇ ਆਮ ਆਦਮੀ ਪਾਰਟੀ ਦੇ ਅੰਦਰੂਨੀ ਕਲੇਸ਼ ਕਰਕੇ ਵੋਟਰਾਂ ਨੇ ਕੋਈ ਉਤਸ਼ਾਹ ਨਹੀਂ ਵਿਖਾਇਆ। ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਵਿਰੋਧੀ ਧਿਰ ਦੇ ਰੂਪ ਵਿੱਚ ਉੱਭਰੀ ਆਮ ਆਦਮੀ ਪਾਰਟੀ (ਆਪ) ਦੇ ਪੱਲੇ ਵੱਡੀ ਨਿਰਾਸ਼ਾ ਪਈ। ਇਸ ਪਾਰਟੀ ਦਾ ਕੁਝ ਕੁ ਸਮਿਤੀਆਂ 'ਤੇ ਮਹਿਜ਼ ਖਾਤਾ ਹੀ ਖੁੱਲ੍ਹ ਸਕਿਆ ਹੈ।

ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਜੱਦੀ ਗੜ੍ਹ ਨੂੰ ਨਹੀਂ ਬਚਾ ਸਕੇ। ਮੁਕਸਤਰ, ਫਿਰੋਜ਼ਪੁਰ, ਫਰੀਦਕੋਟ, ਬਠਿੰਡਾ ਤੇ ਮਾਨਸਾ ਵਿੱਚ ਵੀ ਕਾਂਗਰਸ ਦੀ ਫਤਿਹ ਅਕਾਲੀ ਦਲ ਲਈ ਵੱਡਾ ਝਟਕਾ ਹੈ। ਹਾਲਾਂਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਨੇ ਅਕਾਲੀ ਵਰਕਾਰਾਂ ਦਾ ਮਨੋਬਲ ਚੁੱਕਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਸੀ ਤੇ ਖੁਦ ਚੋਣਾਂ ਵਾਲੇ ਦਿਨ ਮੈਦਾਨ ਵਿੱਚ ਨਿੱਤਰੇ ਸਨ ਪਰ ਸਭ ਕੁਝ ਦਾ ਵੀ ਕੋਈ ਲਾਭ ਨਹੀਂ ਹੋਇਆ। ਅਕਾਲੀ ਦਲ ਨੂੰ ਲਗਾਤਾਰ ਹਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਗੁਰਦਾਸਪੁਰ ਸੀਟ ਤੋਂ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਹਾਰੀ। ਕਾਰਪੋਰੇਸ਼ਨ ਚੋਣਾਂ ਦੌਰਾਨ ਵੀ ਅਕਾਲੀ ਦਲ ਤੇ ਭਾਜਪਾ ਦਾ ਸਫਾਇਆ ਹੀ ਹੋਇਆ। ਸ਼ਾਹਕੋਟ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਵੀ ਅਕਾਲੀ ਦਲ ਆਪਣੀ ਸੀਟ ਬਚਾ ਨਹੀਂ ਸਕਿਆ। ਹੁਣ ਤਾਂ ਮੁੱਦੇ ਹੀ ਅਕਾਲੀ ਦਲ ਦੇ ਖਿਲਾਫ ਚਲ ਰਹੇ ਹਨ। ਅਜਿਹੇ ਵਿੱਚ ਉਸ ਨੂੰ ਆਪਣੀ ਸਾਖ ਬਚਾਉਣੀ ਹੀ ਔਖੀ ਹੋ ਚੁੱਕੀ ਹੈ।

ਮਾਲਵਾ ਖੇਤਰ ਵਿੱਚੋਂ ਵੀ ਅਕਾਲੀ ਦਲ ਨੂੰ ਕਰਾਰੀ ਹਾਲ ਮਿਲੀ ਹੈ। ਹਾਲਾਂਕਿ ਅਕਾਲੀ ਦਲ ਵੱਲੋਂ ਚੋਣਾਂ ਤੋਂ ਪਹਿਲਾਂ ਅਬੋਹਰ 'ਚ ਪੋਲ ਖੋਲ੍ਹ ਰੈਲੀ ਤੇ ਫਰੀਦਕੋਟ 'ਚ ਜ਼ਬਰ ਵਿਰੋਧੀ ਰੈਲੀ ਕੀਤੀ ਗਈ। ਇਸ ਦੇ ਬਾਵਜੂਦ ਮਾਲਵਾ 'ਚ ਨਤੀਜੇ ਅਕਾਲੀ ਦਲ ਦੇ ਪੱਖ 'ਚ ਨਹੀਂ ਭੁਗਤੇ। ਦਰਅਸਲ ਮਾਲਵਾ ਬੈਲਟ ਨੂੰ ਅਕਾਲੀ ਦਲ ਦਾ ਮਜਬੂਤ ਆਧਾਰ ਮੰਨਿਆ ਜਾਂਦਾ ਹੈ। ਕੋਟਕਪੂਰਾ ਤੇ ਬਰਗਾੜੀ ਹਲਕਿਆਂ 'ਚ ਅਕਾਲੀ ਦਲ ਨੂੰ ਕਰਾਰੀ ਹਾਰ ਮਿਲੀ ਹੈ। ਮਾਲਵਾ ਖਿੱਤੇ 'ਚ ਸਿਰਫ ਦੋ ਹਲਕਿਆਂ 'ਚ ਅਕਾਲੀ ਦਲ ਨੇ ਲੀਡ ਹਾਸਲ ਕੀਤੀ ਹੈ। ਮਲੋਟ ਤੇ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਤੋਂ ਅਕਾਲੀ ਦਲ ਨੂੰ ਲੀਡ ਮਿਲੀ ਹੈ। ਬਾਕੀ ਮਾਲਵੇ ਦੇ ਸਾਰੇ ਜ਼ਿਲ੍ਹਿਆਂ 'ਚ ਅਕਾਲੀ ਦਲ ਨੂੰ ਨਮੋਸ਼ੀ ਸਹਿਣੀ ਪਈ। ਭਾਵੇਂ ਅਕਾਲੀ ਦਲ ਨੇ ਚੋਣਾਂ ਤੋਂ ਪਹਿਲਾਂ ਵੱਡੀਆਂ ਰੈਲੀਆਂ ਕੀਤੀਆਂ, ਚੋਣ ਪ੍ਰਚਾਰ ਕੀਤਾ ਪਰ ਇਸ ਦੇ ਬਾਵਜੂਦ ਅਕਾਲੀ ਦਲ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਨਹੀਂ ਜਿੱਤ ਸਕਿਆ। ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ 'ਚ ਅਕਾਲੀ ਦਲ ਦੀ ਹਾਰ ਪਿੱਛੇ ਕਈ ਕਾਰਨ ਜ਼ਿੰਮੇਵਾਰ ਹਨ। ਸਭ ਤੋਂ ਵੱਡਾ ਕਰਾਨ ਚੋਣਾਂ ਤੋਂ ਐਨ ਪਹਿਲਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਚ ਬੇਅਦਬੀ ਕਾਂਡ 'ਚ ਅਕਾਲੀ ਦਲ ਦੀ ਸ਼ਮੂਲੀਅਤ ਹੈ। ਬੇਅਦਬੀ ਮਾਮਲਿਆਂ 'ਚ ਅਕਾਲੀ ਦਲ ਦਾ ਨਾਂ ਆਉਣ ਤੋਂ ਬਾਅਦ ਲੋਕਾਂ 'ਚ ਅਕਾਲੀਆਂ ਖਿਲਾਫ ਤਿੱਖਾ ਰੋਸ ਦੇਖਣ ਨੂੰ ਮਿਲਿਆ। ਇਸ ਦਾ ਨਤੀਜਾ ਚੋਣਾਂ 'ਚ ਵੀ ਸਾਹਮਣੇ ਆਇਆ। ਹਾਲਾਂਕਿ ਇਹ ਵੀ ਮੰਨਿਆ ਜਾਂਦਾ ਹੈ ਕਿ ਸੱਤਾਧਿਰ ਦਾ ਹੀ ਇਨ੍ਹਾਂ ਚੋਣਾਂ 'ਚ ਜਿੱਤਣਾ ਤੈਅ ਹੁੰਦਾ ਹੈ ਪਰ ਅਕਾਲੀ ਦਲ ਨੂੰ ਜਿਸ ਤਰ੍ਹਾਂ ਮਾਲਵੇ 'ਚੋਂ ਵੱਡੀ ਹਾਰ ਮਿਲੀ ਇਹ ਰੁਝਾਨ ਦੱਸਦੇ ਹਨ ਕਿ ਅਕਾਲੀਆਂ ਨੂੰ ਲੋਕਾਂ ਨੇ ਉਨ੍ਹਾਂ ਦਾ ਗੜ੍ਹ ਮੰਨੇ ਜਾਂਦੇ ਮਾਲਵਾ ਵਿੱਚੋਂ ਵੀ ਨਕਾਰ ਦਿੱਤਾ ਹੈ।

# ਬਾਦਲ ਪਰਿਵਾਰ ਦਾ ਅਜੋਕਾ ਸੰਕਟ ਅਤੇ ਅਕਾਲੀ ਦਲ

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਾਲ ਪੰਜਾਬ ਦੇ ਧਾਰਮਿਕ ਤੇ ਸਿਆਸੀ ਖੇਤਰ ਵਿਚ ਆਏ ਭੂਚਾਲ ਨੇ ਪੰਜ ਵਾਰੀ ਮੁੱਖ ਮੰਤਰੀ ਰਹੇ ਫਖਰ-ਏ-ਕੌਮ ਅਤੇ ਪੰਥ ਰਤਨ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਵੱਕਾਰ ਅਤੇ ਵਿਰਾਸਤ ਲਈ ਖਤਰਾ ਖੜ੍ਹਾ ਹੋ ਗਿਆ ਹੈ। ਇਹ ਸੰਕਟ ਬਹੁ-ਪਰਤੀ ਹੈ ਕਿਉਂਕਿ ਇਸ ਨੇ ਉਸ ਦੇ ਪੁੱਤਰ ਅਤੇ ਸਿਆਸੀ ਵਾਰਸ ਸੁਖਬੀਰ ਸਿੰਘ ਬਾਦਲ ਨੂੰ ਵੀ ਲਪੇਟ ਵਿਚ ਲੈ ਲਿਆ ਹੈ, ਜਿਹੜਾ ਪਿਛਲੇ ਸਮੇਂ ਵਿਚ ਸਭ ਤੋਂ ਸ਼ਕਤੀਸ਼ਾਲੀ ਆਗੂ ਵਜੋਂ ਉਭਰਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਭਾਵੇਂ ਪਹਿਲੀ ਵਾਰੀ ਉਸ ਦੇ ਕੰਮ ਕਰਨ ਦੇ ਤਾਨਾਸ਼ਾਹੀ ਢੰਗ ਉਤੇ ਇਤਰਾਜ਼ ਪ੍ਰਗਟਾਇਆ ਹੈ, ਫਿਰ ਵੀ ਅਜੇ ਉਸ ਦੇ ਸਿਆਸੀ ਭਵਿਖ ਬਾਰੇ ਕੋਈ ਟਿੱਪਣੀ ਕਰਨੀ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ। ਬਾਦਲ ਪਰਿਵਾਰ ਅਤੇ ਅਕਾਲੀ ਦਲ 'ਤੇ ਅਜੋਕੇ ਸੰਕਟ ਦੀ ਇਕ ਪਰਤ ਇਹ ਵੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦਿਨਾਂ ਵਿਚ ਆਪਣੇ ਆਪ ਨੂੰ ਖਾੜਕੂ ਸਿਆਸਤ ਤੋਂ ਨਿਖੇੜਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ, ਜਦੋਂ ਕਿ ਇਤਿਹਾਸ ਗਵਾਹ ਹੈ ਕਿ ਨਾ ਸਿਰਫ ਉਸ ਦੀ ਪਾਰਟੀ, ਬਲਕਿ ਉਹ ਖੁਦ ਵੀ ਖਾੜਕੂਵਾਦ ਨੂੰ ਸ਼ਹਿ ਤੇ ਹੱਲਾਸ਼ੇਰੀ ਦਿੰਦੇ ਰਹੇ ਹਨ। ਖਾੜਕੂ ਸੰਘਰਸ਼ ਦੇ ਪ੍ਰਤੀਕ ਰਹੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਯਾਦਗਾਰ ਸ੍ਰੀ ਦਰਬਾਰ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਤਾਮੀਰ ਕਰਵਾਈ ਹੈ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮੌਤ ਤੋਂ ਬਾਅਦ ਸ਼੍ਰੋਮਣੀ ਕਮੇਟੀ 'ਤੇ ਕੌਣ ਕਬਜ਼ ਹੈ, ਸਭ ਜਾਣਦੇ ਹਨ। ਅਕਾਲੀ ਦਲ ਦੇ ਸੂਤਰਾਂ ਅਨੁਸਾਰ, ਵਿਧਾਨ ਸਭਾ ਸੈਸ਼ਨ ਦੌਰਾਨ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਦੇ ਬਾਈਕਾਟ ਦਾ ਫੈਸਲਾ ਕਿਸੇ ਹੋਰ ਦਾ ਨਹੀਂ, ਖੁਦ ਪ੍ਰਕਾਸ਼ ਸਿੰਘ ਬਾਦਲ ਦਾ ਸੀ। ਉਸ ਅਤੇ ਉਸ ਦੇ ਸਾਬਕਾ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਕੀਤੀ ਜਾ ਰਹੀ ਜਾਂਚ ਦਾ ਇਹ ਕਹਿ ਕੇ ਬਾਈਕਾਟ ਕੀਤਾ ਸੀ ਕਿ ਇਹ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਦੀ ਸਿਆਸੀ ਗਿਣਤੀ-ਮਿਣਤੀ ਪੂਰੀ ਤਰ੍ਹਾਂ ਗਲਤ ਨਿਕਲੀ ਅਤੇ ਉਨ੍ਹਾਂ ਨੂੰ ਮਹਿੰਗੀ ਵੀ ਪਈ। ਪੰਜਾਬ ਵਿਚ ਇਸ ਵੇਲੇ ਮੁੱਦਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਉਹ ਘਟਨਾਵਾਂ ਹਨ ਜਿਨ੍ਹਾਂ ਦਾ ਸਿੱਟਾ ਆਖਰਕਾਰ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਗੋਲੀਕਾਂਡਾਂ ਦੇ ਰੂਪ ਵਿਚ ਨਿਕਲਿਆ। ਇਨ੍ਹਾਂ ਘਟਨਾਵਾਂ ਕਾਰਨ ਹੀ 2017 ਦੀ ਵਿਧਾਨ ਸਭਾ ਚੋਣ ਵਿਚ ਅਕਾਲੀ ਦਲ ਮਹਿਜ਼ 15 ਸੀਟਾਂ ਉਤੇ ਸਿਮਟ ਕੇ ਰਹਿ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਸਿਆਸੀ ਦਸਤਾਵੇਜ਼ ਹੈ ਪਰ ਹੁਣ ਇਸ ਨੂੰ ਪੰਜਾਬ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਦਿੱਤੀ ਗਈ ਪ੍ਰਵਾਨਗੀ ਹਾਸਿਲ ਹੈ। ਇਸ ਵਿਚ ਹੋਏ ਇਕ ਅਹਿਮ ਇੰਕਸਾਫ ਤੋਂ ਬਿਨਾਂ ਇਹ ਰਿਪੋਰਟ ਉਨ੍ਹਾਂ ਸਾਰੀਆਂ ਘਟਨਾਵਾਂ ਦਾ ਵੇਰਵਾ ਮਾਤਰ ਹੀ ਹੈ, ਜਿਨ੍ਹਾਂ ਬਾਰੇ ਲੋਕ ਪਹਿਲਾਂ ਹੀ ਜਾਣਦੇ ਸਨ।



ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਉਤੇ ਸੱਤ ਘੰਟੇ ਲੰਮੀ ਚੱਲੀ ਬਹਿਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਉਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਬਹਿਸ ਦੌਰਾਨ ਬਾਦਲ ਦੀ ਮੌਕਾਪ੍ਰਸਤ ਅਤੇ ਸਮਝੌਤਾਵਾਦੀ ਸਿਆਸਤ ਕਾਰਨ ਉਸ ਦੀ ਸਭ ਤੋਂ ਪਹਿਲੀ ਸਰਕਾਰ ਦੌਰਾਨ ਸੂਬੇ ਵਿਚ ਸ਼ੁਰੂ ਹੋਏ ਝੂਠੇ ਪੁਲਿਸ ਮੁਕਾਬਲਿਆਂ ਦਾ ਜ਼ਿਕਰ ਵੀ ਹੋਇਆ। ਵਰਣਨਯੋਗ ਹੈ ਕਿ ਗ਼ਦਰ ਪਾਰਟੀ ਦੇ 80 ਸਾਲਾ ਬਜ਼ੁਰਗ ਇਨਕਲਾਬੀ ਬਾਬਾ ਬੂਝਾ ਸਿੰਘ ਨੂੰ 28 ਜੁਲਾਈ 1970 ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਪ੍ਰਕਾਸ਼ ਸਿੰਘ ਬਾਦਲ ਨੇ 27 ਮਾਰਚ 1970 ਨੂੰ ਪਹਿਲੀ ਦਫਾ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ ਅਕਾਲੀ ਦਲ ਦੇ ਇਤਿਹਾਸ ਵਿਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਆਗੂਆਂ ਨੂੰ ਵੀ ਕਿਸੇ ਨਾ ਕਿਸੇ ਸਮੇਂ ਜਨਤਕ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ; ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਬਿਲਕੁਲ ਇਸੇ ਤਰ੍ਹਾਂ ਵਾਪਰਿਆ ਹੈ। ਸ਼ਾਇਦ ਇਸੇ ਅਹਿਸਾਸ ਕਰਕੇ ਹੀ ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਹਿਲੀ ਵਾਰੀ 9 ਸਤੰਬਰ ਨੂੰ ਅਬੋਹਰ ਰੈਲੀ ਨੂੰ ਸੰਬੋਧਿਤ ਹੋਏ ਪਰ ਇਸੇ ਸਿਲਸਿਲੇ ਵਿਚ ਉਹ ਹੋਰ ਵੱਡੀਆਂ ਗ਼ਲਤੀਆਂ ਕਰ ਬੈਠੇ ਅਤੇ ਇਨ੍ਹਾਂ ਵਿਚ ਸਭ ਤੋਂ ਉਘੜਵੀਂ ਇਹ ਸੀ ਕਿ ਪੰਜਾਬ ਵਿਚ ਕਾਂਗਰਸ ਪਾਰਟੀ ਨੇ ਖਾੜਕੂਵਾਦ ਪੈਦਾ ਕੀਤਾ ਅਤੇ ਫਿਰ ਇਸ ਨੂੰ ਸ਼ਹਿ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਸ ਨੇ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸੰਤ ਭਿੰਡਰਾਂਵਾਲੇ ਦੀ ਯਾਦਗਾਰ ਬਣਾਉਣ ਦੀ ਇਜਾਜ਼ਤ ਕਿਉਂ ਦਿੱਤੀ? ਪੰਜਾਬ ਵਿਚ ਤਕਰੀਬਨ ਡੇਢ ਦਹਾਕੇ ਤੱਕ ਝੁੱਲੀ ਖਾੜਕੂਵਾਦ ਦੀ ਹਨੇਰੀ ਦੀਆਂ ਜੜ੍ਹਾਂ ਅੰਮ੍ਰਿਤਸਰ ਵਿਚ 13 ਅਪਰੈਲ 1978 ਨੂੰ ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਵਾਪਰੀ ਖੂਨੀ ਝੜਪ ਵਿਚ ਹਨ। ਇਸ ਘਟਨਾ ਨੇ ਸੰਤ ਜਰਨੈਲ ਸਿੰਘ ਨੂੰ ਪੰਜਾਬ ਦੇ ਧਾਰਮਿਕ ਅਤੇ ਸਿਆਸੀ ਸੀਨ 'ਤੇ ਲਿਆਂਦਾ। ਉਸ ਸਮੇਂ ਵੀ ਪ੍ਰਕਾਸ਼ ਸਿੰਘ ਬਾਦਲ ਹੀ ਮੁੱਖ ਮੰਤਰੀ ਸਨ। ਸੰਤ ਜਰਨੈਲ ਸਿੰਘ ਨੇ 25 ਅਗਸਤ 1977 ਨੂੰ ਦਮਦਮੀ ਟਕਸਾਲ ਦੇ ਮੁਖੀ ਵਜੋਂ ਜਦੋਂ ਸੇਵਾ ਸੰਭਾਲੀ, ਉਸ ਸਮੇਂ ਕਾਂਗਰਸ ਕੇਂਦਰ ਦੀ ਸੱਤਾ ਤੋਂ ਬਾਹਰ ਹੋ ਚੁੱਕੀ ਸੀ। ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਸੰਜੇ ਗਾਂਧੀ ਨੂੰ ਆਪਣੀ ਸਿਆਸੀ ਤੇ ਨਿੱਜੀ ਹੋਂਦ ਬਚਾਉਣ ਦੇ ਲਾਲੇ ਪਏ ਹੋਏ ਸਨ। ਕੀ ਉਸ ਸਮੇਂ ਇਹ ਦੋਵੇਂ ਮਾਂ-ਪੁੱਤ ਅਕਾਲੀਆਂ ਦੇ ਟਾਕਰੇ ਲਈ ਸੰਤ ਜਰਨੈਲ ਸਿੰਘ ਨੂੰ ਖੜ੍ਹਾ ਕਰ ਸਕਦੇ ਸਨ? ਕਦੇ ਵੀ ਨਹੀਂ। ਸੰਤ ਕਰਤਾਰ ਸਿੰਘ ਦੇ ਦੇਹਾਂਤ ਤੋਂ ਬਾਅਦ ਦਮਦਮੀ ਟਕਸਾਲ ਦੋ ਧੜਿਆਂ ਵਿਚ ਵੰਡੀ ਗਈ। ਇਕ ਧੜੇ ਨੇ ਜਦੋਂ ਸੰਤ ਜਰਨੈਲ ਸਿੰਘ ਨੂੰ ਆਪਣਾ ਮੁਖੀ ਥਾਪਣ ਦੀ ਰਸਮ ਅਦਾ ਕੀਤੀ ਤਾਂ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਅਕਾਲੀ ਆਗੂਆਂ ਵਿਚ ਸ਼ਾਮਿਲ ਸਨ, ਜਿਨ੍ਹਾਂ ਨੇ ਇਸ ਸਮਾਗਮ ਵਿਚ ਭਾਗ ਲਿਆ ਅਤੇ ਸੰਤ ਜਰਨੈਲ ਸਿੰਘ ਨੂੰ ਸਿਰੋਪਾਓ ਦੇ ਕੇ ਦਮਦਮੀ ਟਕਸਾਲ ਦੇ ਮੁਖੀ ਵਜੋਂ ਪ੍ਰਵਾਨਗੀ ਦਿੱਤੀ। ਸਿੱਖ ਖਾੜਕੂ ਸਿਆਸਤ ਨਾਲ ਜੁੜਿਆ ਪਹਿਲਾ ਕਤਲ 24 ਅਪਰੈਲ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਸੀ। ਅਕਾਲੀ ਦਲ ਨੇ ਆਪਣੀ ਵਰਕਿੰਗ ਕਮੇਟੀ ਦੀ 20 ਅਗਸਤ 1980 ਨੂੰ ਹੋਈ ਮੀਟਿੰਗ ਵਿਚ ਇਸ ਕਤਲ ਦੀ ਸ਼ਲਾਘਾ ਕਰਕੇ ਹਿੰਸਾ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਸੰਦ ਵਜੋਂ ਵਰਤਣ ਨੂੰ ਵਾਜਬੀਅਤ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਇਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਸ਼ਾਮਿਲ ਸੀ। ਉਸ ਨੇ ਖਾਲਿਸਤਾਨ ਦੀ ਮੰਗ ਕਰਨ ਵਾਲੇ ਉਸ ਮੈਮੋਰੰਡਮ ਉਤੇ ਵੀ ਦਸਤਖਤ ਕੀਤੇ ਹੋਏ ਹਨ, ਜਿਹੜਾ 22 ਅਪਰੈਲ 1992 ਨੂੰ ਯੂਐਨਓ ਦੇ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਸਿੱਖ ਆਗੂਆਂ ਵਲੋਂ ਦਿੱਤਾ ਗਿਆ ਸੀ।

ਇਸ ਸਿਆਸੀ ਸੰਕਟ ਦੀ ਇਕ ਪਰਤ ਇਹ ਵੀ ਹੈ ਕਿ ਬਾਦਲ ਦਲ ਵਲੋਂ ਫਿਰਕੂ ਇਕਸੁਰਤਾ ਅਤੇ ਭਾਈਚਾਰਕ ਸਾਂਝ ਨੂੰ ਖਤਰਾ ਖੜ੍ਹਾ ਹੋਣ ਦਾ ਪਾਇਆ ਜਾ ਰਿਹਾ ਰੌਲਾ ਹੈ। ਅਜੋਕਾ ਵਾਵਰੋਲਾ ਸਿੱਖ ਧਾਰਮਿਕ ਤੇ ਸਿਆਸੀ ਖੇਤਰ ਵਿਚ ਖੜ੍ਹਾ ਹੋਇਆ ਹੈ, ਜਿਸ ਦਾ ਹਿੰਦੂ-ਸਿੱਖ ਸਬੰਧਾਂ ਤੇ ਸਾਂਝ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਬੋਹਰ ਵਿਚ ਹੋਈ ਪਾਰਟੀ ਰੈਲੀ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਾਸ਼ਨ ਦੌਰਾਨ ਦੋ ਹੀ ਨੁਕਤੇ ਉਭਾਰੇ- ਇਕ ਸੂਬੇ ਵਿਚ ਭਾਈਚਾਰਕ ਸਾਂਝ ਨੂੰ ਖਤਰਾ ਅਤੇ ਦੂਜਾ ਕਾਂਗਰਸ ਪਾਰਟੀ ਹੀ ਪੰਜਾਬ ਵਿਚ ਪੈਦਾ ਹੋਏ ਖਾੜਕੂਵਾਦ ਦੀ ਜਨਮਦਾਤੀ ਹੈ। ਅਸਲੀਅਤ ਅਤੇ ਤੱਥ ਇਨ੍ਹਾਂ ਦੋਨਾਂ ਹੀ ਦਲੀਲਾਂ ਨੂੰ ਝੁਠਲਾਉਂਦੇ ਹਨ।


ਸਭ ਨੂੰ ਪਤਾ ਹੈ ਕਿ ਬਾਦਲ ਪਰਿਵਾਰ ਵਲੋਂ ਫਰੀਦਕੋਟ ਦੀ ਥਾਂ ਬਠਿੰਡਾ ਲੋਕ ਸਭਾ ਸੀਟ ਅਪਣਾਉਣ ਤੋਂ ਬਾਅਦ ਉਹ ਡੇਰਾ ਮੁਖੀ ਨਾਲ ਲੈਣ-ਦੇਣ ਕਰਦਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ 2009 ਵਿਚ ਪਹਿਲੀ ਵਾਰ ਬਠਿੰਡਾ ਲੋਕ ਸਭਾ ਸੀਟ ਤੋਂ ਚੋਣ ਲੜੀ ਸੀ ਅਤੇ ਹੁਣ ਤੱਕ ਇਸੇ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ। ਸੁਖਬੀਰ ਬਾਦਲ ਨੇ 2009 ਦੀ ਇਸ ਚੋਣ ਤੋਂ ਪਹਿਲਾਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਸਮਝੌਤਾ ਕਰ ਲਿਆ ਸੀ। ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੇ ਦੋਸ਼ੀ ਇਸ ਡੇਰੇ ਦੇ ਪੈਰੋਕਾਰ ਹੀ ਨਿਕਲੇ ਅਤੇ ਫੜ ਵੀ ਲਏ ਗਏ ਹਨ। ਇਸ ਡੇਰੇ ਦੇ ਮੁਖੀ ਨੂੰ 2015 ਵਿਚ ਮੁਆਫੀ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਵਰਗੀਆਂ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਗਈ ਪਰ ਇਸ ਮੁਆਫੀ ਵਿਰੁਧ ਪੈਦਾ ਹੋਏ ਰੋਸ ਕਾਰਨ ਕੁਝ ਦਿਨਾਂ ਬਾਅਦ ਹੀ ਅਕਾਲ ਤਖਤ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ। ਉਂਜ, ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਇਸ ਫੈਸਲੇ ਨੂੰ ਸਹੀ ਠਹਿਰਾਉਣ ਲਈ 97 ਲੱਖ ਰੁਪਏ ਇਸ਼ਤਿਹਾਰਬਾਜ਼ੀ ਉਤੇ ਖਰਚ ਦਿੱਤੇ ਸਨ।

ਸਿੱਖ ਧਾਰਮਿਕ ਤੇ ਸਿਆਸੀ ਖੇਤਰ ਨੂੰ ਹਮੇਸ਼ਾ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਆਗੂ ਦੀ ਲੋੜ ਰਹਿੰਦੀ ਹੈ, ਜਿਹੜਾ ਅਕਾਲੀ ਦਲ ਅਤੇ ਇਨ੍ਹਾਂ ਪੰਥਕ ਸੰਸਥਾਵਾਂ ਦੌਰਾਨ ਕੜੀ ਦਾ ਕੰਮ ਕਰਦਾ ਸੀ। ਮੂਲੋਂ ਹੀ ਹੌਲੇ ਵਿਅਕਤੀਆਂ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾ ਕੇ ਇਸ ਅਹਿਮ ਕੜੀ ਨੂੰ ਖਤਮ ਕਰਨ ਦੀ ਬਾਦਲਾਂ ਨੂੰ ਹੁਣ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਅਜੋਕੇ ਸੰਕਟ ਵਿਚ ਅਸਲ ਖਤਰਾ ਸੂਬੇ ਵਿਚਲੀ ਫਿਰਕੂ ਇਕਸੁਰਤਾ ਜਾਂ ਭਾਈਚਾਰਕ ਸਾਂਝ ਨੂੰ ਨਹੀਂ, ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਨੂੰ ਹੈ।

-ਜਗਤਾਰ ਸਿੰਘ, ਫੋਨ: 91-97797-11201








# ਖ਼ਬਰਾਂ ਕੁਝ ਆਰ ਦੀਆਂ ਕੁਝ ਪਾਰ ਦੀਆਂ

## ਕਿਸੇ ਸੰਤ ਤੋਂ ਘੱਟ ਨਹੀਂ 99 ਸਾਲਾ ਬਾਬਾ, ਸਾਰੀ ਦੁਨੀਆਂ 'ਚ ਚਰਚਾ



ਸੋਫੀਆ: ਅਸੀਂ ਅਜਿਹੇ ਵਿਅਕਤੀ ਦੀ ਗੱਲ ਕਰਨ ਜਾ ਰਹੇ ਹਾਂ ਜੋ ਦੁਨੀਆ ਲਈ ਮਿਸਾਲ ਹੈ। ਭੀਖ ਮੰਗਣਾ ਗਲਤ ਗੱਲ ਹੈ ਪਰ ਇਹ 99 ਸਾਲਾ ਵਿਅਕਤੀ ਭੀਖ 'ਚ ਮੰਗੇ ਪੈਸਿਆਂ ਨੂੰ ਚਰਚ 'ਚ ਦਾਨ ਕਰਦਾ ਹੈ। ਇੱਥੇ ਦੇ ਲੋਕ ਇਸ ਨੂੰ ਡੋਬਰੀ ਡੋਬਰੇਬ ਦੇ ਨਾਂ ਤੋਂ ਜਾਣਦੇ ਹਨ। ਗਰੀਬੀ ਅਤੇ ਭ੍ਰਿਸ਼ਟਾਚਾਰ ਕਾਰਨ ਤਬਾਹ ਹੋ ਰਹੇ ਦੇਸ਼ ਬੁਲਗਾਰੀਆ 'ਚ ਅਜਿਹਾ ਵਿਅਕਤੀ ਮਿਲਣਾ ਆਪਣੇ-ਆਪ 'ਚ ਬਹੁਤ ਖਾਸ ਹੈ। ਡੋਬਰੀ ਪੁਰਾਣਾ ਅਤੇ ਘਸਿਆ ਹੋਇਆ ਕੋਟ ਪਾ ਕੇ ਸੜਕਾਂ 'ਤੇ ਖੜ੍ਹਾ ਹੁੰਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਸੰਤ ਤੋਂ ਘੱਟ ਨਹੀਂ ਹੈ। ਪਿਛਲੇ 20 ਸਾਲਾਂ ਤੋਂ ਉਹ ਭੀਖ ਮੰਗ ਕੇ ਦਾਨ ਕਰ ਰਿਹਾ ਹੈ। ਡੋਬਰੀ ਦਾ ਕਹਿਣਾ ਹੈ ਕਿ ਉਸ ਦੇ ਭੋਜਨ ਦਾ ਪ੍ਰਬੰਧ ਵੀ ਲੋਕ ਆਪ ਹੀ ਕਰਦੇ ਹਨ। ਡੋਬਰੀ ਨੂੰ ਮੰਨਣ ਵਾਲੇ ਉਨ੍ਹਾਂ ਲਈ ਰੋਜ਼ਾਨਾ ਭੋਜਨ ਰੱਖ ਕੇ ਜਾਂਦੇ ਹਨ ਅਤੇ ਪੈਸੇ ਵੀ ਦਾਨ ਕਰਦੇ ਹਨ।

## ਪਾਕਿਸਤਾਨ ਦੇ ਇਸ ਰੈਸਟੋਰੈਂਟ 'ਚ ਰੋਬੋਟ ਖਾਣਾ



ਇਸਲਾਮਾਬਾਦ: ਪਾਕਿਸਤਾਨ 'ਚ ਇਕ ਫਾਸਟ ਫੂਡ ਰੈਸਟੋਰੈਂਟ ਨੇ ਰੋਬੋਟ ਮਹਿਲਾ ਵੇਟਰ ਨੂੰ ਤਾਇਨਾਤ ਕੀਤਾ ਹੈ।ਖਾਣਾ ਪਰੋਸਣ ਲਈ ਰੋਬੋਟ ਦੀ ਵਰਤੋਂ ਵਾਲਾ ਇਹ ਪਾਕਿਸਤਾਨ ਦਾ ਪਹਿਲਾਂ ਰੈਸਟੋਰੈਂਟ ਹੈ।ਸਥਾਨਕ ਮੀਡੀਆ ਵਿੱਚ ਰੋਬੋਟ ਦੇ ਖਾਣਾ ਪਰੋਸਣ ਦੀਆਂ ਖਬਰਾਂ ਤੋਂ ਬਾਅਦ ਪੰਜਾਬ ਰਾਜ ਦੇ ਮੁਲਤਾਨ ਸ਼ਹਿਰ ਦੇ ਪਿਜ਼ਾ ਡਾਟ ਕਾਮ ਰੈਸਟੋਰੈਂਟ 'ਚ ਗਾਹਕਾਂ ਦੀ ਭੀੜ ਇਕੱਠੀ ਹੋਣ ਲੱਗੀ ਹੈ।ਪਾਕਿਸਤਾਨੀ ਅਖਬਾਰ ਡਾਨ ਮੁਤਾਬਕ ਪਿਜ਼ਾ ਰੈਸਟੋਰੈਂਟ ਦੇ ਮਾਲਕ ਸਈਅਦ ਅਜ਼ੀਜ਼ ਅਹਿਮਦ ਜਾਫਰੀ ਦੇ ਪੁੱਤਰ ਸਈਅਦ ਓਸਾਮਾ ਅਜ਼ੀਜ਼ ਨੇ ਇਹ ਰੋਬੋਟ ਬਣਾਇਆ ਹੈ।ਉਹ ਇਸਲਾਮਾਬਾਦ ਦੀ ਕੌਮੀ ਵਿਗਿਆਨ ਅਤੇ ਤਕਨੀਕੀ ਯੂਨੀਵਰਸਿਟੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ 'ਚ ਗ੍ਰੈਜੂਏਟ ਹਨ।ਉਸ ਨੇ ਵਪਾਰ ਵਧਾਉਣ ਦੇ ਟੀਚੇ ਨਾਲ ਰੋਬੋਟਿਕ ਮਹਿਲਾ ਵੇਟਰ ਦੀ ਅਨੋਖੀ ਸਲਾਹ ਦਿੱਤੀ ਸੀ। ਰੈਸਟੋਰੈਂਟ ਦੇ ਮਾਲਕ ਜਾਫਰੀ ਨੇ ਕਿਹਾ, 'ਜਦੋਂ ਰੋਬੋਟ ਵਾਲੀ ਮਹਿਲਾ ਵੇਟਰ ਦੀਆਂ ਖਬਰਾਂ ਫੈਲੀਆਂ, ਦੁਕਾਨ ਦੇ ਬਾਹਰ ਗਾਹਕਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ।ਹੁਣ ਉਨ੍ਹਾਂ ਨੇ ਰੈਸਟੋਰੈਂਟ ਵਿੱਚ ਨਾ ਸਿਰਫ ਮੁਲਤਾਨ ਤੋਂ, ਬਲਕਿ ਨੇੜੇ ਤੇੜੇ ਦੇ ਜ਼ਿਲਿਆਂ ਤੋਂ ਵੀ ਲੋਕ ਆ ਰਹੇ ਹੈ।' ਜਾਫਰੀ ਆਪਣੇ ਰੈਸਟੋਰੈਂਟ ਵਿੱਚ ਹੋਰ ਮਹਿਲਾ ਰੋਬੋਟ ਰੱਖਣ 'ਤੇ ਵਿਚਾਰ ਕਰ ਰਹੇ ਹਨ।ਉਨ੍ਹਾਂ ਨੇ ਸਾਫ ਕੀਤਾ ਕਿ ਉਹ ਇਥੇ ਕੰਮ ਕਰਦੇ ਵੇਟਰ ਨਹੀਂ ਹਟਾਉਣਗੇ, ਕਿਉਂਕਿ ਉਹ ਕਿਸੇ ਨੂੰ ਬੇਰੁਜ਼ਗਾਰ ਨਹੀਂ ਕਰਨਾ ਚਾਹੁੰਦੇ।ਅਜ਼ੀਜ਼ ਨੇ ਦੱਸਿਆ ਕਿ ਇਹ ਰੋਬੋਟ ਗਾਹਕ ਦੀ ਮੇਜ਼ ਤੱਕ ਜਾਣ, ਗਾਹਕਾਂ ਦਾ ਸਵਾਗਤ ਅਤੇ ਖਾਣਾ ਪਰੋਸ ਕੇ ਵਾਪਸ ਕਾਊਂਟਰ ਤੱਕ ਆਉਣ 'ਚ ਸਮਰੱਥ ਹੈ।ਰੋਬੋਟ ਦਾ ਵਜ਼ਨ 25 ਕਿਲੋਗ੍ਰਾਮ ਹੈ ਅਤੇ ਉਹ ਪੰਜ ਕਿਲੋਗ੍ਰਾਮ ਤੱਕ ਖਾਣਾ ਚੁੱਕ ਸਕਦੀ ਹੈ।ਇਹ ਰੋਬੋਟ 'ਚ ਆਪਣੇ ਰਸਤੇ 'ਚ ਆਉਣ ਵਾਲੀਆਂ ਅੜਚਨਾਂ ਨੂੰ ਜਾਣਨ ਅਤੇ ਉਸ ਤੋਂ ਬਚਣ 'ਚ ਸਮਰੱਥ ਹੈ।

## ਕੱਛੂਕੁੰਮੇ ਦੇ ਢਿੱਡ ਵਿਚੋਂ ਨਿਕਲੇ ਸਿੱਕੇ



ਬੈਂਕਾਕ: ਥਾਈਲੈਂਡ ਵਿੱਚ ਪਸ਼ੂ ਮਾਹਿਰਾਂ ਨੇ ਆਪਰੇਸ਼ਨ ਰਾਹੀਂ ਇੱਕ ਕੱਛੂਕੁੰਮੇ ਦੇ ਢਿੱਡ ਵਿੱਚੋਂ 900 ਤੋਂ ਵੱਧ ਸਿੱਕੇ ਕੱਢੇ ਹਨ। ਕੱਛੂਕੁੰਮੇ ਨੇ ਪਾਣੀ ਵਿੱਚੋਂ ਇਹ ਸਿੱਕੇ ਨਿਗਲ ਲਏ ਸਨ। ਸਿੱਕਿਆਂ ਦੇ ਭਾਰ ਕਰਕੇ ਕੱਛੂਕੁੰਮੇ ਦੇ ਖੋਲ ਦਾ ਹੇਠਲਾ ਹਿੱਸਾ ਪਾਟਣ ਲੱਗ ਪਿਆ ਸੀ। ਉਸ ਨਾਲ ਉਸ ਨੂੰ ਤੈਰਨ ਵਿੱਚ ਤਕਲੀਫ ਹੋਣ ਲੱਗੀ ਸੀ। ਇਸ ਪ੍ਰੇਸ਼ਾਨੀ ਤੋਂ ਬਾਅਦ ਬੈਂਕਾਕ ਦੇ ਪੂਰਬੀ ਇਲਾਕੇ ਦੇ ਪਸ਼ੂਆਂ ਦੇ ਹਸਪਸਾਲ ਵਿੱਚ ਕੱਛੂਕੁੰਮੇ ਨੂੰ ਰੱਖਿਆ ਗਿਆ। ਉਸ ਦਾ ਸੱਤ ਘੰਟੇ ਲੰਬਾ ਆਪਰੇਸ਼ਨ ਕੀਤਾ ਗਿਆ। ਡਾਕਟਰਾਂ ਮੁਤਾਬਕ ਜਾਨਵਰਾਂ ਦਾ ਇਹ ਅਜਿਹਾ ਪਹਿਲਾ ਆਪਰੇਸ਼ਨ ਸੀ। ਦੱਸ ਦੇਈਏ ਕਿ ਥਾਈਲੈਂਡ ਵਿੱਚ ਕੁਝ ਲੋਕ ਮੰਨਦੇ ਹਨ ਕਿ ਕੱਛੂਕੁੰਮੇ 'ਤੇ ਸਿੱਕੇ ਸੁੱਟਣ ਨਾਲ ਉਮਰ ਲੰਬੀ ਹੁੰਦੀ ਹੈ ਤੇ ਕਿਸਮਤ ਵੀ ਚੰਗੀ ਹੁੰਦੀ ਹੈ। ਸੁੱਟੇ ਸਿੱਕਿਆਂ ਨੂੰ ਕੱਛੂਕੁੰਮੇ ਨੇ ਖਾਣਾ ਸ਼ੁਰੂ ਕਰ ਦਿੱਤਾ। ਇਸ ਨਾਲ ਉਸ ਦੀ ਇਹ ਹਾਲਤ ਹੋ ਗਈ। ਇਸ ਘਟਨਾ ਤੋਂ ਬਾਅਦ ਇਸ ਮਾਦਾ ਕੱਛੂਕੁੰਮੇ ਦਾ ਨਾਂ 'ਬੈਂਕ' ਹੀ ਰੱਖ ਦਿੱਤਾ ਗਿਆ ਹੈ।

## ਵਿਗਿਆਨੀਆਂ ਨੇ ਖੋਜਿਆ ਧਰਤੀ ਦਾ ਸਭ ਤੋਂ ਪੁਰਾਣਾ ਕੰਕਾਲ, ਜਾਣਕੇ ਹੋਵੋਗੇ ਹੈਰਾਨ

ਲੰਡਨ : ਬਰਤਾਨੀਆ ਦੇ ਵਿਗਿਆਨੀਆਂ ਨੇ ਦੁਨੀਆ ਦਾ ਸਭ ਤੋਂ ਪੁਰਾਣਾ ਕੰਕਾਲ ਖੋਜਿਆ ਹੈ। ਬੇਹੱਦ ਛੋਟੇ ਆਕਾਰ ਦੇ ਕੀੜੇ ਦੇ ਕੰਕਾਲ ਨੂੰ ਧਰਤੀ ਦਾ ਸਭ ਤੋਂ ਪੁਰਾਣੀ ਕੰਕਾਲ ਦੱਸਿਆ ਜਾ ਰਿਹਾ ਹੈ। ਇਹ ਕੰਕਾਲ ਕਰੀਬ 4,300,000,000 ਸਾਲ ਪੁਰਾਣਾ ਹੈ। ਇਹ ਬਹੁਤ ਛੋਟੇ ਆਕਾਰ ਦੇ ਕੰਕਾਲ ਵਿਚ ਬੇਹੱਦ ਬਰੀਕ ਰੇਸ਼ਿਆਂ ਅਤੇ ਟਿਊਬਾਂ ਵਿਚ ਹਨ, ਜੋ ਕਿ ਜੀਵਾਣੂਆਂ ਕਾਰਨ ਬਣਿਆ ਹੈ। ਇਹ ਜੀਵਾਣੂ ਕਰੀਬ 37,700,000 ਸਾਲ ਪਹਿਲੇ ਪਾਏ ਜਾਂਦੇ ਸਨ। ਇਹ ਕੰਕਾਲ ਕੈਨੇਡਾ ਦੇ ਕਵਿਬੇਕ ਸ਼ਹਿਰ 'ਚ ਚਮਕੀਲੇ ਪੱਥਰ ਦੇ ਢਾਂਚੇ ਅੰਦਰ ਪਰਤਾਂ 'ਚ ਬੰਦ ਮਿਲਿਆ ਹੈ। ਖ਼ਬਰ ਮੁਤਾਬਕ ਕੀੜੇ ਲੋਹੇ 'ਤੇ ਰਹਿੰਦੇ ਸਨ। ਮੰਨਿਆ ਜਾ ਰਿਹਾ ਹੈ ਇਹ ਡੂੰਘੇ ਸਮੁੰਦਰ ਦੇ ਇਕ ਹਾਈਡ੍ਰੋਥਰਮਲ ਵੈਂਟ ਸਿਸਟਮ 'ਚ ਰਹਿੰਦੇ ਸਨ। ਇਹ ਸਮੁੰਦਰ ਦੀ ਸਤ੍ਹਾ 'ਤੇ ਅਜਿਹੀ ਜਗ੍ਹਾ ਹੁੰਦੀ ਹੈ, ਜਿਥੇ ਜਵਾਲਾਮੁਖੀ ਸਰਗਰਮੀਆਂ ਹੁੰਦੀਆਂ ਰਹਿੰਦੀਆਂ ਹਨ।

## ਅਨੋਖਾ ਕੇਸ: ਬੱਚੇ ਦਾ ਵਧਿਆ ਭਾਰ ਤਾਂ ਅਦਾਲਤ ਨੇ ਮਾਂ ਤੋਂ ਖੋਹਿਆ

ਨੋਵਾ ਸਕੋਸੀਆ : ਕੈਨੇਡਾ ਦੇ ਨੋਵਾ ਸਕੋਟੀਆ ਵਿੱਚ ਇੱਕ ਅਨੋਖਾ ਮਾਮਲਾ ਦੇਖਣ ਨੂੰ ਮਿਲਿਆ ਹੈ। ਇੱਥੇ ਅਦਾਲਤ ਨੇ ਇੱਕ ਮਾਂ ਕੋਲੋਂ ਉਸ ਦੇ ਬੱਚੇ ਨੂੰ ਇਸ ਲਈ ਵੱਖ ਕਰ ਦਿੱਤਾ ਕਿਉਂਕਿ ਉਸ ਦਾ ਭਾਰ ਲੋੜ ਤੋਂ ਜ਼ਿਆਦਾ ਸੀ। ਨੋਵਾ ਸਕੋਟੀਆ ਦੀ ਅਦਾਲਤ ਨੇ ਦੋ ਸਾਲ ਪਹਿਲਾਂ ਇੱਕ ਪੰਜ ਸਾਲਾ ਬੱਚੇ ਦਾ ਭਾਰ 132 ਪੌਂਡ ਤਕਰੀਬਨ 60 ਕਿੱਲੋ ਹੋਣ ਕਰਕੇ ਉਸ ਨੂੰ ਉਸ ਦੀ ਮਾਂ ਤੋਂ ਵੱਖ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਮਾਂ ਨਾਲ ਰਹਿਣਾ ਬੱਚੇ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ। ਦੋ ਸਾਲਾਂ ਬਾਅਦ ਵੀ ਅਦਾਲਤ ਨੇ ਪੀੜਤ ਮਾਂ ਨੂੰ ਬੱਚਾ ਸੌਂਪਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਦੌਰਾਨ ਜੱਜ ਨੇ ਕਿਹਾ ਕਿ ਇਹ ਵਧੇ ਹੋਏ ਭਾਰ ਦਾ ਮਾਮਲਾ ਨਹੀਂ ਸਗੋਂ ਬੱਚੇ ਦੀਆਂ ਸਿਹਤ ਸਮੱਸਿਆਵਾਂ ਨਾਲ ਜੁੜਿਆ ਮਾਮਲਾ ਹੈ। ਅਦਾਲਤ ਨੇ ਦੱਸਿਆ ਕਿ ਮਈ, 2015 ਵਿੱਚ ਬੱਚੇ ਦਾ ਭਾਰ 132 ਪੌਂਡ ਸੀ ਜਦੋਂ ਉਸ ਨੂੰ ਖੇਤਰੀ ਕਮਿਊਨਿਟੀ ਸਰਵਿਸ ਵਿਭਾਗ ਨੇ ਆਪਣੀ ਦੇਖ-ਰੇਖ ਵਿੱਚ ਲੈ ਲਿਆ ਸੀ। ਕਮਿਊਨਿਟੀ ਸਰਵਿਸ ਵੱਲੋਂ ਦਬਾਅ ਪਾਏ ਜਾਣ 'ਤੇ ਬੱਚੇ ਦੀ ਮਾਂ ਨੇ ਉਸ ਨੂੰ ਡਾਕਟਰ ਨੂੰ ਦਿਖਾਇਆ ਸੀ। ਇਸ 'ਤੇ ਡਾਕਟਰ ਨੇ ਕਿਹਾ ਸੀ ਕਿ ਵਧੇ ਹੋਏ ਭਾਰ ਕਾਰਨ ਬੱਚਾ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ। ਉਸ ਦੇ ਲਿਵਰ ਤੇ ਹੋਰ ਅੰਗਾਂ 'ਤੇ ਬੁਰਾ ਅਸਰ ਪੈ ਸਕਦਾ ਹੈ। ਦੂਜੇ ਪਾਸੇ ਔਰਤ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ। ਉਸ ਨੇ ਕਿਹਾ ਕਿ ਉਸ ਦੇ ਬੱਚੇ ਨੂੰ ਇਸ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਤੇ ਕਮਿਊਨਿਟੀ ਸਰਵਿਸ ਮਾਮਲੇ ਨੂੰ ਵਧਾ-ਚੜ੍ਹਾ ਕੇ ਦਿਖਾ ਰਹੀ ਹੈ। ਜੱਜ ਨੇ ਕਿਹਾ ਕਿ ਔਰਤ ਨੇ ਕਮਿਊਨਿਟੀ ਸਰਵਿਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ। ਡਾਕਟਰ ਨੇ ਵੀ ਮੰਨਿਆ ਕਿ ਮਾਂ ਵੱਲੋਂ ਬੱਚੇ ਦੇ ਖਾਣ-ਪੀਣ ਵਿੱਚ ਲਾਪਰਵਾਹੀ ਕੀਤੀ ਜਾ ਰਹੀ ਹੈ। ਡਾਕਟਰ ਨੇ ਕਿਹਾ ਕਿ ਇਹ ਇੱਕ ਖ਼ੂਬਸੂਰਤ ਬੱਚਾ ਹੈ ਪਰ ਆਪਣੀ ਕਲਪਨਾ ਦੀ ਦੁਨੀਆ ਵਿੱਚ ਰਹਿੰਦਾ ਹੈ। ਅਦਾਲਤ ਦਾ ਮੰਨਣਾ ਹੈ ਕਿ ਕਮਿਊਨਿਟੀ ਸਰਵਿਸ ਦੀ ਦੇਖ-ਰੇਖ ਵਿੱਚ ਰਹਿਣਾ ਬੱਚੇ ਲਈ ਲਾਭਦਾਇਕ ਹੋ ਸਕਦਾ ਹੈ।

## ਇਸ ਜੇਲ੍ਹ 'ਚ ਲੈਪ-ਟਾਪ ਤੇ ਫੋਨ ਦੀ ਵੀ ਮਿਲਦੀ ਹੈ ਸਹੂਲਤ



ਲੰਡਨ: ਇੰਗਲੈਂਡ ਦੇ ਰੈਕਸਮ ਖੇਤਰ ਵਿੱਚ 212 ਮਿਲੀਅਨ ਪੌਂਡ ਲਾਗਤ ਨਾਲ ਬਣੀ ਇਸ ਦੇਸ਼ ਦੀ ਸਭ ਤੋਂ ਵੱਡੀ ਬਰਵਿਨ ਜੇਲ ਪਹਿਲੀ ਨਜ਼ਰੇ ਕਿਸੇ ਆਧੁਨਿਕ ਮਹੱਲ ਦਾ ਭੁਲੇਖਾ ਪਾਉਂਦੀ ਹੈ ਤੇ ਇਹ ਬਣਤਰ ਪੱਖੋਂ ਹੀ ਨਹੀਂ, ਕੈਦੀਆਂ ਨਾਲ ਵਰਤਾਓ ਪੱਖੋਂ ਵੀ ਆਧੁਨਿਕ ਹੋਵੇਗੀ। 2100 ਤੋਂ ਵਧੇਰੇ ਕੈਦੀਆਂ ਨੂੰ ਸਾਂਭਣ ਦੇ ਸਮਰੱਥ ਇਸ ਜੇਲ ਦੀ ਖਾਸੀਅਤ ਇਹ ਹੈ ਕਿ ਇਥੇ ਕੈਦੀ ਨਾਲ ਕਿਸੇ ਮੁਜਰਮ ਵਜੋਂ ਵਰਤਾਓ ਨਹੀਂ ਹੋਵੇਗਾ, ਸਗੋਂ ਉਸ ਨੂੰ ਰਹਿਣ ਲਈ ਅਤਿ ਆਧੁਨਿਕ ਕਮਰਾ ਮਿਲੇਗਾ, ਜਿਸ ਵਿੱਚ ਦੋ ਕੈਦੀ ਰਹਿ ਸਕਦੇ ਹਨ। ਇਸ ਕਮਰੇ ਵਿੱਚ ਕੈਦੀ ਆਪਣਾ ਲੈਪਟਾਪ ਅਤੇ ਮੋਬਾਈਲ ਫੋਨ ਰੱਖ ਸਕਦੇ ਹਨ, ਪਰ ਇੰਟਰਨੈੱਟ ਦੀ ਸਹੂਲਤ ਨਹੀਂ ਹੋਵੇਗੀ। ਲੈਪਟਾਪ ਦੀ ਵਰਤੋਂ ਆਪਣੇ ਹਫ਼ਤੇ ਭਰ ਜੋਗਾ ਖਾਣਾ ਆਰਡਰ ਕਰਨ, ਹਫਤਾਵਾਰੀ ਸਮਾਨ ਖਰੀਦਣ ਜਾਂ ਕਿਸੇ ਸਟੱਡੀ ਨਾਲ ਸੰਬੰਧਤ ਕੰਮਾਂ ਲਈ ਕੀਤੀ ਜਾ ਸਕੇਗੀ। ਇਸ ਕਮਰੇ ਵਿੱਚ ਹੀ ਬਾਥਰੂਮ ਦੀ ਸਹੂਲਤ ਮਿਲੇਗੀ। ਜੇਲ ਨੂੰ ਤਿੰਨ ਬਲਾਕਾਂ ਵਿੱਚ ਵੰਡਿਆ ਗਿਆ ਹੈ। ਹਰ ਬਲਾਕ ਵਿੱਚ 702 ਕੈਦੀ ਰੱਖੇ ਜਾ ਸਕਦੇ ਹਨ। ਤਿੰਨੇ ਬਲਾਕਾਂ ਦੇ ਨਾਂ ਉੱਤਰੀ ਵੇਲਜ਼ ਦੀਆਂ ਝੀਲਾਂ ਦੇ ਨਾਂ ਉੱਤੇ ਰੱਖੇ ਗਏ ਹਨ। ਇਸ ਜੇਲ ਦੇ ਡਿਪਟੀ ਪ੍ਰਾਜੈਕਟ ਡਾਇਰੈਕਟਰ ਨਿੱਕ ਡਨ ਦਾ ਕਹਿਣਾ ਹੈ ਕਿ 'ਜੇਲ ਵਿੱਚ ਲਿਆਂਦੇ ਪਹਿਲੇ ਇੱਕ ਹਜ਼ਾਰ ਕੈਦੀ ਚਾਰ ਸਾਲ ਸਜ਼ਾ ਵਾਲੇ ਹਨ। ਉਨ੍ਹਾਂ ਦੇ ਆਉਂਦੇ ਸਾਰ ਸਾਡੀ ਮੁੱਖ ਜ਼ਿੰਮੇਵਾਰੀ ਉਨ੍ਹਾਂ ਦਾ ਸੁਭਾਅ ਜਾਨਣਾ ਸੀ ਕਿ ਉਨ੍ਹਾਂ ਦੀ ਦਿਲਚਸਪੀ ਕੀ ਹੈ ਤੇ ਉਹ ਕੀ ਕੰਮ ਕਰਨਾ ਲੋਚਦੇ ਹਨ ? ਅਸੀਂ ਉਨ੍ਹਾਂ ਦੀ ਵਿੱਦਿਅਕ ਜਾਂ ਕਿੱਤਾ ਮੁਖੀ ਦਿਲਚਸਪੀ ਨੂੰ ਧਿਆਨ ਵਿੱਚ ਰੱਖ ਕੇ ਇਸ ਯੋਗ ਬਣਾ ਕੇ ਤੋਰਾਂਗੇ ਕਿ ਜੇਲ ਤੋਂ ਬਾਹਰ ਜਾਂ ਕੇ ਉਨ੍ਹਾਂ ਨੂੰ ਕੰਮ ਲੱਭਣਾ ਨਾ ਪਵੇ, ਸਗੋਂ ਕੰਮ ਉਨ੍ਹਾਂ ਦੇ ਹੱਥ ਵਿੱਚ ਹੋਵੇ।' ਜੇਲ ਦੇ ਆਪਣੇ ਸਿਖਲਾਈ ਪ੍ਰਾਪਤ ਕੁੱਤੇ ਵੀ ਹਨ, ਜਿਨ੍ਹਾਂ ਦੀ ਮਦਦ ਨਾਲ ਜੇਲ ਵਿੱਚ ਨਸ਼ਿਆਂ ਦੇ ਦਖਲ ਨੂੰ ਰੋਕਿਆ ਜਾ ਸਕੇਗਾ। ਜੇਲ ਅੰਦਰ ਫੁੱਟਬਾਲ ਖੇਡਣ ਲਈ ਵਿਸ਼ਾਲ ਮੈਦਾਨ ਦੇ ਨਾਲ-ਨਾਲ ਛੋਟੇ ਅਭਿਆਸ ਮੈਦਾਨ ਵੀ ਬਣਾਏ ਗਏ ਹਨ। ਫੁੱਟਬਾਲ ਮੈਦਾਨ ਅਤੇ ਜਿਮ ਦੀ ਵਰਤੋਂ ਕੰਮ ਦੇ ਸਮੇਂ ਤੋਂ ਬਿਨਾਂ ਅਤੇ ਸ਼ਾਮ ਨੂੰ ਤਾਲਾਬੰਦੀ ਹੋਣ ਤੋਂ ਪਹਿਲਾਂ ਕੀਤੀ ਜਾ ਸਕਦੀ ਹੈ। ਅਫਸਰਾਂ ਦਾ ਕਹਿਣਾ ਹੈ ਕਿ ਇਸ ਨੂੰ ਜੇਲ ਵਜੋਂ ਨਹੀਂ, ਸਗੋਂ ਅਸਲ ਮਾਅਨਿਆਂ ਵਿੱਚ 'ਸੁਧਾਰ ਘਰ' ਵਜੋਂ ਅਮਲ ਵਿੱਚ ਲਿਆ ਕੇ ਕੈਦੀਆਂ ਨੂੰ ਸਮਾਜ ਵਿੱਚ ਸਨਮਾਨ ਨਾਲ ਜਿਉਣ ਦੇ ਕਾਬਿਲ ਬਣਾਇਆ ਜਾਵੇਗਾ। ਅੰਦਾਜ਼ਾ ਹੈ ਕਿ ਇਸ ਜੇਲ ਰਾਹੀਂ ਮੁੱਢਲੇ ਦੌਰ ਵਿੱਚ 1000 ਨੌਕਰੀਆਂ ਵੀ ਪੈਦਾ ਕੀਤੀਆਂ ਜਾਣਗੀਆਂ ਅਤੇ ਇਨ੍ਹਾਂ ਰਾਹੀਂ ਸਥਾਨਕ ਅਰਥ ਵਿਵਸਥਾ ਵਿੱਚ 23 ਮਿਲੀਅਨ ਪੌਂਡ ਸਾਲਾਨਾ ਵਾਧਾ ਦਰਜ ਕੀਤਾ ਜਾਵੇਗਾ।

## ਇਨ੍ਹਾ ਲੜਕੀਆਂ ਨੇ ਇੱਕ-ਦੂਸਰੇ ਨਾਲ ਕੀਤਾ ਵਿਆਹ, ਫਿਰ ਇੰਜ ਕਰਾਇਆ





ਪਿਆਰ ਦੇ ਅੱਗੇ ਦੁਨੀਆ ਦੀ ਕੋਈ ਤਾਕਤ ਟਿਕ ਨਹੀਂ ਸਕਦੀ। ਡੈਨਮਾਰਕ ਵਿੱਚ ਰਹਿਣ ਵਾਲੀ ਕੈਰੀਨਾ ਅਤੇ ਸੋਈਰਿਨ ਨੂੰ ਜਦੋਂ ਉਸ ਗੱਲ ਦਾ ਅਹਿਸਾਸ ਹੋਇਆ ਕਿ ਦੋਨੋਂ ਇੱਕ ਦੂਸਰੇ ਨੂੰ ਚਾਹੁਣ ਲੱਗੀਆਂ ਹਨ। ਫਿਰ ਉਨ੍ਹਾਂ ਨੇ ਸ਼ਾਦੀ ਕਰਾਉਣ ਦਾ ਫ਼ੈਸਲਾ ਲਿਆ।

ਕੈਰੀਨਾ ਅਤੇ ਸੋਈਰਿਨ ਕਾਸਪਲੇਅਰਸ ਹਨ। ਉਹ ਵੱਖ-ਵੱਖ ਤਰ੍ਹਾਂ ਦੇ ਕੱਪੜੇ ਪਾਕੇ ਲੋਕਾਂ ਦਾ ਮਨ ਬਹਿਲਾਉਂਦੀ ਹੈ। ਇਸ ਜੋੜੇ ਨੇ ਪਿਛਲੇ ਸਾਲ 2 ਜੁਲਾਈ ਨੂੰ ਹੀ ਸ਼ਾਦੀ ਕੀਤੀ ਸੀ। ਪਰ ਉਨ੍ਹਾਂ ਦਾ ਕਰਾਇਆ ਫ਼ੋਟੋ ਸ਼ੂਟ ਇੰਨਾ ਦਿਨਾਂ ਵਿੱਚ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ। ਇਸ ਜੋੜੇ ਨੇ ਆਪਣੀ ਵੈਡਿੰਗ ਡੇਸਟਿਨੇਸ਼ਨ ਦੇ ਰੂਪ ਵਿੱਚ ਜਪਾਨ ਨੂੰ ਚੁਣਿਆ। ਇੰਨਾ ਦੀ ਖ਼ੂਬਸੂਰਤ ਫੋਟੋਜ਼ ਕਿਸੇ ਦਾ ਵੀ ਦਿਲ ਜਿੱਤ ਲਵੇਗੀ। ਦੋਨੋਂ ਇੱਕ ਦੂਸਰੇ ਨੂੰ ਬਹੁਤ ਪਿਆਰ ਕਰਦੀਆਂ ਹਨ। ਇਹ ਇੰਨਾ ਦੇ ਫ਼ੋਟੋ ਸ਼ੂਟ ਵਿੱਚ ਸਾਫ਼-ਸਾਫ਼ ਝਲਕ ਰਿਹਾ ਹੈ।

# ਗੁਰਦੁਆਰਾ ਐਕਟ ਤੇ ਪ੍ਰੰਪਰਾਵਾਂ ਦਾ ਘਾਣ ਕਰਨ ਵਾਲੇ ਮੱਕੜ ਦੁੱਧ ਧੋਤੇ ਕਿਵੇਂ ?

ਆਖਿਰ ਅਵਤਾਰ ਸਿੰਘ ਮੱਕੜ ਦੀ ਉਹ ਕਿਹੜੀ ਮਜ਼ਬੂਰੀ ਸੀ ਜਿਸ ਤਹਿਤ ਉਸ ਨੇ ਸਾਲ 2008 ਤੋਂ ਸੁਖਬੀਰ ਬਾਦਲ ਦੀ ਸ਼੍ਰੋਮਣੀ ਕਮੇਟੀ ਵਿੱਚ ਦਖਲਅੰਦਾਜ਼ੀ ਬਰਦਾਸ਼ਤ ਕੀਤੀ। ਹੁਣ ਕਮੇਟੀ ਦੀ ਪ੍ਰਧਾਨਗੀ ਖੁਸ ਜਾਣ 'ਤੇ ਹੀ ਸਭ ਕੁਝ ਯਾਦ ਕਿਉਂ ਆਇਆ ?

ਡੇਰਾ ਸਿਰਸਾ ਮੁਖੀ ਨੂੰ ਜਥੇਦਾਰਾਂ ਵਲੋਂ ਦਿੱਤੀ ਬਿਨ ਮੰਗੀ ਮੁਆਫ਼ੀ ਬਾਰੇ ਕੀਤੇ ਇੰਕਸ਼ਾਫ ਅਤੇ ਕਮੇਟੀ ਮੁਲਾਜ਼ਮਾਂ ਉਪਰ ਕੀਤੇ ਤਨਜ਼ 'ਆਖਿਰ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਕੀ ਮਜਬੂਰੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਵੀ ਆਵਾਜ਼ ਨਹੀਂ ਉਠਾ ਸਕਦੇ ?' ਨੂੰ ਲੈਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਖੁਦ ਘਿਰਦੇ ਨਜ਼ਰ ਆ ਰਹੇ ਹਨ।

ਮੱਕੜ ਨੇ ਕੁਝ ਦਿਨ ਪਹਿਲਾਂ ਇਹ ਇੰਕਸ਼ਾਫ ਕੀਤਾ ਸੀ ਕਿ ਡੇਰਾ ਸਿਰਸਾ ਮੁਖੀ ਨੂੰ ਜਥੇਦਾਰਾਂ ਵਲੋਂ ਦਿੱਤੀ ਗਈ ਮੁਆਫ਼ੀ ਬਾਰੇ ਉਨ੍ਹਾਂ ਨੂੰ ਜਾਣਕਾਰੀ ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਵਿਖੇ ਬੁਲਾ ਕੇ ਦਿੱਤੀ ਸੀ। ਤੇ ਬੀਤੇ ਦਿਨੀਂ ਹੀ ਸੁਖਬੀਰ ਸਿੰਘ ਬਾਦਲ ਦੀ ਸ਼੍ਰੋਮਣੀ ਕਮੇਟੀ ਪ੍ਰਬੰਧ ਵਿੱਚ ਸਿੱਧੀ ਦਖਲਅੰਦਾਜ਼ੀ ਦੀ ਗੱਲ ਕਰਦਿਆਂ ਅਵਤਾਰ ਸਿੰਘ ਮੱਕੜ ਨੇ ਦੋਸ਼ ਲਾਇਆ ਸੀ ਕਿ ਸੁਖਬੀਰ ਬਾਦਲ ਨੇ ਉਨ੍ਹਾਂ ਨੂੰ ਕਦੇ ਵੀ ਦਰਬਾਰ ਸਾਹਿਬ ਫੇਰੀ ਬਾਰੇ ਜਾਣਕਾਰੀ ਨਹੀਂ ਦਿੱਤੀ। ਜਦ ਵੀ ਆਏ ਸ਼੍ਰੋਮਣੀ ਕਮੇਟੀ ਮੁੱਖ ਸਕੱਤਰ, ਸਕੱਤਰ ਜਾਂ ਚਾਰਟਰਡ ਅਕਾਊਂਟੈਂਟ ਨੂੰ ਆਦੇਸ਼ ਦੇ ਕੇ ਚਲੇ ਗਏ। ਮੱਕੜ ਦੇ ਉਪਰੋਕਤ ਬਿਆਨਾਂ ਨੂੰ ਲੈਕੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਸ਼ਰੇਆਮ ਸਾਹਮਣੇ ਆਉਣ ਦੀ ਬਜਾਏ ਤੱਥਾਂ 'ਤੇ ਅਧਾਰਿਤ ਸਵਾਲ ਕੀਤਾ ਹੈ ਕਿ ਆਖਿਰ ਅਵਤਾਰ ਸਿੰਘ ਮੱਕੜ ਦੀ ਉਹ ਕਿਹੜੀ ਮਜ਼ਬੂਰੀ ਸੀ ਜਿਸ ਤਹਿਤ ਉਸ ਨੇ ਸਾਲ 2008 (ਸੁਖਬੀਰ ਸਿੰਘ ਬਾਦਲ ਦੇ ਪਾਰਟੀ ਪ੍ਰਧਾਨ ਚੁਣੇ ਜਾਣ) ਤੋਂ ਸੁਖਬੀਰ ਬਾਦਲ ਦੀ ਸ਼੍ਰੋਮਣੀ ਕਮੇਟੀ ਵਿੱਚ ਦਖਲਅੰਦਾਜ਼ੀ ਬਰਦਾਸ਼ਤ ਕੀਤੀ। ਹੁਣ ਕਮੇਟੀ ਦੀ ਪ੍ਰਧਾਨਗੀ ਖੁਸ ਜਾਣ 'ਤੇ ਹੀ ਸਭ ਕੁਝ ਯਾਦ ਕਿਉਂ ਆਇਆ ?

ਇੱਕ ਸੀਨੀਅਰ ਕਮੇਟੀ ਅਧਿਕਾਰੀ ਨੇ ਸਿੱਖ ਗੁਰਦੁਆਰਾ ਐਕਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਬੰਧ ਹੇਠਲੇ ਤਖਤ ਸਾਹਿਬਾਨ ਦੇ ਜਥੇਦਾਰ ਤੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਦੇ ਫਰਜਾਂ ਬਾਰੇ ਸਾਫ ਅੰਕਿਤ ਹੈ ਕਿ ਇਹ ਲੋਕ ਸਿਰਫ ਤਖਤਾਂ ਤੇ ਨਿਤ ਪ੍ਰਤੀ ਦਿਨ ਦੀ ਧਾਰਮਿਕ ਰਹੁ-ਰੀਤ ਦੀ ਜ਼ਿੰਮੇਵਾਰੀ ਨਿਭਾਉਣ ਤੀਕ ਸੀਮਤ ਹਨ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰਣੀ ਮਿਤੀ 25/6/1948 ਨੇ ਫੈਸਲਾ ਲਿਆ ਸੀ ਜਿਸ ਦਾ ਜ਼ਿਕਰ, ਕਮੇਟੀ ਵਲੋਂ ਛਾਪੇ ਜਾ ਰਹੇ ਮਾਸਿਕ ਮੈਗਜ਼ੀਨ ਗੁਰਦੁਆਰਾ ਗਜਟ ਨੇ ਆਪਣੇ ਦਸੰਬਰ 1948 ਦੇ ਅੰਕ ਵਿੱਚ ਕੀਤਾ। ਫੈਸਲੇ ਵਿੱਚ ਸਾਫ ਹੈ ਕਿ ਤਖਤਾਂ ਦੇ ਜਥੇਦਾਰ ਕੋਈ ਵੀ ਹੁਕਮਨਾਮਾ, ਕਮੇਟੀ ਦੇ ਜਨਰਲ ਅਜਲਾਸ ਦੀ ਪ੍ਰਵਾਨਗੀ ਨਾਲ ਹੀ ਲੈ ਸਕਦੇ ਹਨ। ਕਮੇਟੀ ਦੀ ਉਪਰੋਕਤ ਕਾਰਜਕਾਰਣੀ ਹੀ ਸਪਸ਼ਟ ਕਰਦੀ ਹੈ ਕਿ ਜਥੇਦਾਰ ਦੀ ਨਿਯੁਕਤੀ ਕਰਨ ਦੇ ਅਧਿਕਾਰ ਜਨਰਲ ਹਾਊਸ ਪਾਸ ਹਨ ਤੇ ਮੁਅਤਲੀ ਦੇ ਅਧਿਕਾਰ ਕਾਰਜਕਾਰਣੀ ਪਾਸ।

ਹੁਣ ਕੁਝ ਕਮੇਟੀ ਮੁਲਾਜ਼ਮ ਹੀ ਮੱਕੜ ਨੂੰ ਸਵਾਲ ਕਰਦਿਆਂ ਯਾਦ ਕਰਵਾ ਰਹੇ ਹਨ ਰਹੇ ਹਨ ਕਿ ਕਮੇਟੀ ਕਾਰਜਕਾਰਣੀ ਦੇ ਇਸ ਹੁਕਮ ਦੇ ਬਾਵਜੂਦ ਵੀ ਇੱਕ ਲੰਬਾ ਸਮਾਂ ਇਹ ਪ੍ਰੰਪਰਾ ਰਹੀ ਕਿ ਤਖਤ ਦੇ ਜਥੇਦਾਰ ਦੀ ਨਿਯੁਕਤੀ ਲਈ ਸ਼੍ਰੋਮਣੀ ਕਮੇਟੀ ਬਕਾਇਦਾ ਵੱਖ-ਵੱਖ ਸਿੱਖ ਧਾਰਮਿਕ ਸੰਸਥਾਵਾਂ ਤੇ



ਸੰਪਰਦਾਵਾਂ ਪਾਸੋਂ ਉਨ੍ਹਾਂ ਨਾਵਾਂ ਦੀ ਮੰਗ ਕਰਦੀ ਸੀ ਜਿਨ੍ਹਾਂ ਲੋਕਾਂ ਦੀ ਧਰਮ ਦੇ ਖੇਤਰ ਵਿੱਚ ਕੋਈ ਪ੍ਰਾਪਤੀ ਹੋਵੇ। ਪੁੱਜੇ ਨਾਵਾਂ 'ਤੇ ਬਕਾਇਦਾ ਵਿਚਾਰ ਉਪਰੰਤ ਇਹ ਮਾਮਲਾ ਧਰਮ ਪ੍ਰਚਾਰ ਕਮੇਟੀ ਪਾਸ ਪੁੱਜਦਾ ਜੋ ਬਕਾਇਦਾ ਇਨ੍ਹਾਂ ਸ਼ਖ਼ਸੀਅਤਾਂ ਦੀ ਇੰਟਰਵਿਊ ਵਗੈਰਾ ਲੈਕੇ ਕਮੇਟੀ ਦੀ ਕਾਰਜਕਾਰਣੀ ਨੂੰ ਭੇਜਦੀ। ਜਿਸ ਦੀ ਪ੍ਰਵਾਨਗੀ ਉਪਰੰਤ ਹੀ ਕੋਈ ਸ਼ਖ਼ਸ ਅਕਾਲ ਤਖਤ ਜਾਂ ਬਾਕੀ ਤਖਤਾਂ ਦੀ ਜਥੇਦਾਰੀ ਲਈ ਲਗਾਇਆ ਜਾਂਦਾ।

ਮੱਕੜ ਨੂੰ ਸਵਾਲ ਕੀਤਾ ਗਿਆ ਹੈ 5 ਅਗਸਤ 2008 ਨੂੰ ਕਮੇਟੀ ਦੀ ਕਾਰਜਕਾਰਣੀ ਵਲੋਂ ਗਿਆਨੀ ਗੁਰਬਚਨ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕਰਨ ਵੇਲੇ ਕਿਹੜੇ ਜ ਨ ਰ ਲ ਅਜਲਾਸ ਦੀ ਪ੍ਰਵਾਨਗੀ ਲਈ ਗਈ ਜਾਂ ਕਿਹੜੀ ਸਥਾਪਤ ਪ੍ਰੰਪਰਾ ਨਿਭਾਈ ਸੀ। ਪੁੱਛਿਆ ਗਿਆ ਹੈ ਕਿ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਤਰਲੋਚਨ ਸਿੰਘ ਦੇ ਅਕਾਲ ਚਲਾਣੇ ਬਾਅਦ ਗਿਆਨੀ ਮੱਲ ਸਿੰਘ ਨੂੰ ਤਖਤ ਕੇਸਗੜ੍ਹ ਸਾਹਿਬ ਦਾ ਜਥੇਦਾਰ ਲਗਾਉਂਦਿਆਂ, ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਜਥੇਦਾਰੀ ਤੋਂ ਲਾਂਭੇ ਕਰਕੇ ਗਿਆਨੀ ਗੁਰਮੁਖ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦਾ ਆਰਜ਼ੀ ਜਥੇਦਾਰ ਤੇ ਫਿਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਲਗਾਉਂਦਿਆਂ ਕਿਹੜੇ ਜਨਰਲ ਅਜਲਾਸ ਦੀ ਪ੍ਰਵਾਨਗੀ ਲਈ ਗਈ ਤੇ ਕਿਹੜੀ ਸਥਾਪਤ ਪ੍ਰੰਪਰਾ ਦੀ ਪਾਲਣਾ ਕੀਤੀ ਗਈ।


ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਰੰਧਾਵਾ ਨੇ ਦੱਸਿਆ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਵਿਦੇਸ਼ ਦੌਰੇ 'ਤੇ ਗਏ ਸਨ। ਦਿੱਲੀ ਕਮੇਟੀ ਦੇ ਤਤਕਾਲੀਨ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਨੇ ਦੋਸ਼ ਲਗਾਇਆ ਕਿ ਗਿਆਨੀ ਜੀ ਵਿਦੇਸ਼ 'ਚੋਂ ਮਾਇਆ ਇੱਕਠੀ ਕਰਕੇ ਲਿਆਏ ਹਨ। ਜਥੇਦਾਰ ਅਜਨੋਹਾ ਨੇ ਸਭ ਤੋਂ ਪਹਿਲਾਂ ਇਸ ਸ਼ਿਕਾਇਤ ਦੀ ਜਾਂਚ ਹੈੱਡ ਗ੍ਰੰਥੀ ਦਰਬਾਰ ਸਾਹਿਬ ਨੂੰ ਸੌਂਪੀ ਤੇ ਐਲਾਨ ਕੀਤਾ ਕਿ ਉਹ ਜਾਂਚ ਰਿਪੋਰਟ ਸਾਹਮਣੇ ਆਉਣ ਤੀਕ ਤਖਤ ਦੀ ਸੇਵਾ ਤੋਂ ਦੂਰ ਰਹਿਣਗੇ।

ਲੇਕਿਨ ਹੁਣ ਤਾਂ ਜਿਸ ਜਥੇਦਾਰ 'ਤੇ ਦੋਸ਼ ਨਾ ਲਗੇ ਉਹ ਜਥੇਦਾਰ ਹੀ ਨਹੀਂ ਮੰਨਿਆ ਜਾਂਦਾ। 29 ਮਾਰਚ 2000 ਨੂੰ ਜਥੇਦਾਰ ਗਿਆਨੀ ਵੇਦਾਂਤੀ ਵਲੋਂ ਜਥੇਦਾਰ ਦੇ ਸੇਵਾ ਨਿਯਮ ਤੈਅ ਕਰਨ ਦੇ ਆਦੇਸ਼ 'ਤੇ ਅਵਤਾਰ ਸਿੰਘ ਮੱਕੜ ਵਲੋਂ 11 ਸਾਲ ਤੀਕ ਅਮਲ ਨਾ ਕੀਤੇ ਜਾਣ ਦੀ ਗੱਲ ਕਰਦਿਆਂ ਰੰਧਾਵਾ ਨੇ ਦੱਸਿਆ ਕਿ ਨਿਯਮਾਂ ਅਨੁਸਾਰ ਤਾਂ ਤਖਤਾਂ ਦੇ ਜਥੇਦਾਰ, ਕਮੇਟੀ ਦੇ ਤਨਖਾਹਦਾਰ ਮੁਲਾਜ਼ਮ ਹਨ ਤੇ ਕੋਈ ਮੁਲਾਜ਼ਮ ਆਪਣੇ ਮਾਲਕਾਂ ਨੂੰ ਹੁਕਮ ਕਿਵੇਂ ਦੇ ਸਕਦਾ ਹੈ।

ਬੇਅਦਬੀ ਪ੍ਰਤੀ ਅਤੇ ਡੇਰਾ ਸਿਰਸਾ ਮੁਖੀ ਮੁਆਫ਼ੀ ਮਾਮਲੇ ਵਿੱਚ ਅਵਤਾਰ ਸਿੰਘ ਮੱਕੜ ਵਲੋਂ ਤਿੰਨ ਸਾਲ ਤੀਕ ਧਾਰੀ ਰੱਖੀ ਚੁੱਪ ਨੂੰ ਮੁਜਰਮਾਨਾ ਚੁੱਪ ਕਰਾਰ ਦਿੰਦਿਆਂ ਕਮੇਟੀ ਮੁਲਾਜ਼ਮ ਪੁੱਛ ਰਹੇ ਹਨ ਕਿ ਅਕਤੂਬਰ 2015 ਵਿੱਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪ੍ਰਤੀ ਜੇਕਰ ਅਵਤਾਰ ਸਿੰਘ ਮੱਕੜ ਜਾਣਦੇ ਸਨ ਕਿ 'ਡੇਰਾ ਸਿਰਸਾ ਮੁਖੀ ਮੁਆਫ਼ੀ' ਸੁਖਬੀਰ ਬਾਦਲ ਦਾ ਫੈਸਲਾ ਹੈ, ਜਥੇਦਾਰਾਂ ਦਾ ਨਹੀਂ ਤਾਂ ਉਨ੍ਹਾਂ ਨੇ ਗੁਰੂ ਦੀ ਗੋਲਕ 'ਚੋਂ 92 ਲੱਖ ਦੇ ਇਸ਼ਤਿਹਾਰ ਕਿਉਂ ਦਿੱਤੇ ? ਜਥੇਦਾਰਾਂ ਦੀ ਜਵਾਬਦੇਹੀ ਲਈ ਅੱਗੇ ਆਉਣ ਵਾਲੇ ਪੰਜ ਪਿਆਰੇ ਸਿੰਘਾਂ ਨੂੰ ਕਮੇਟੀ ਮੁਲਾਜ਼ਮ ਦੱਸ ਕੇ ਪੰਚ ਪ੍ਰਧਾਨੀ ਦੀ ਕੌਮੀ ਸੰਸਥਾ ਨੂੰ ਝੁਠਲਾਉਣ ਦਾ ਪਾਪ ਕਿਉਂ ਕਮਾਇਆ ?

ਆਖਿਰ ਮੱਕੜ ਦੀ ਕੀ ਮਜ਼ਬੂਰੀ ਸੀ ਕਿ ਉਸ ਨੇ ਜਥੇਦਾਰਾਂ ਦੀ ਨਿਯੁਕਤੀ ਮਾਮਲੇ ਤੇ ਡੇਰਾ ਸਿਰਸਾ ਮੁਖੀ ਮੁਆਫ਼ੀ ਮਾਮਲੇ ਵਿੱਚ ਸਿੱਖ ਗੁਰਦੁਆਰਾ ਐਕਟ ਤੇ ਸਥਾਪਤ ਪ੍ਰੰਪਰਾਵਾਂ ਦੀ ਉਲੰਘਣਾ ਕੀਤੀ ? ਅੱਜ ਉਹ ਮੁਲਾਜ਼ਮਾਂ ਦੀ ਚੁੱਪ 'ਤੇ ਤਨਜ਼ ਕਰ ਰਹੇ ਹਨ। ਲੇਕਿਨ ਆਪਣੇ ਕਾਰਜਕਾਲ ਦੌਰਾਨ ਯੋਗ ਮੁਲਾਜ਼ਮਾਂ ਨੂੰ ਪਿੱਛੇ ਸੁੱਟ ਕੇ ਚਹੇਤਿਆਂ ਨੂੰ ਤਰੱਕੀਆਂ ਤੇ ਮਲਾਈਦਾਰ ਪੋਸਟਾਂ ਦੇਣ ਵੇਲੇ ਮੱਕੜ ਦੀ ਜ਼ਮੀਰ ਕਿੱਥੇ ਸੀ ?

-ਨਰਿੰਦਰ ਪਾਲ ਸਿੰਘ







# The Association of Indians in America, Inc

*Proudly Celebrates* *(NY Chapter)*

# 31st Deepavali




## Sunday October 7, 2018

**South Street Seaport, NY**

200 Water Street, New York NY 10038

**12:30 PM to 7 PM**

(Subway 2 3 4 5 J M Z to Fulton Street)

**FREE ADMISSION**

www. theaiany.org   theaiany

Sponsored by:

cheapOair.com   QATAR AIRWAYS

**Come Celebrate Over**
**30 years of Deepavali**
**50 years of AIA**




Register NOW: naachinferno@gmail.com

## Jaz Dhami LIVE








**VENDORS: EARLY BIRD DISCOUNT - FOOD & RETAIL**
**ALL WELCOME! PLEASE REGISTER NOW**

**ATTRACTIONS:**

Art Exhibition
Health Kiosk
Children's Fair
Corporate Fair
Performances
Shopping Bonanza
Delicious Food
Free Gifts & Raffles
EXCLUSIVE FASHION SHOW

i'm lovin' it · pepsi · NEW YORK LIFE · SONY ENTERTAINMENT TELEVISION HD · kotak · NAVIKA GROUP OF COMPANIES · HAB BANK · PARIKH WORLDWIDE MEDIA · ITV GOLD VOICE OF THE COMMUNITY · India Abroad · 8K Radio · 8K Miles Media · jus punjabi · The South Asian Times excellence in journalism · TV ASIA HD · The INDIAN PANORAMA · The Indian EXPRESS JOURNALISM OF COURAGE · The South Asian INSIDER · #desi in nyc · PTC PUNJABI · RADIO DIL

**SPONSORSHIPS:**
GOBIND MUNJAL - 646.209.8244
PRESIDENT@THEAIANY.ORG
PRESIDENT: GOBIND MUNJAL
DEEPAVALI CHAIR: HARISH THAKKAR - 917.301.9333
MEDIA CHAIR: SHYAM GAJWANI - 646.541.5859

**VENDOR CONTACTS: FOOD & RETAIL | WWW.THEAIANY.ORG**
USHA KAPOOR - 914.826.5376
GITANJLI ANAND - 631.747.5681
AVINASH SURI - 631.269.7247
ANITA THAKKAR - 347.804.7119
GOBIND BATHIJA - 631.748.9333
SUMAN MUNJAL - 917.371.2777
VIMAL GOYAL - 516.978.7125

**CULTURAL/ PERFORMERS:**
INDU GAJWANI - 646.620.0074
NEELAM MODI - 516.484.8561
SWATI VAISHNAV - 516.395.1209
JYOTI GUPTA - 516.984.5220
BROCHURE: BEENA KOTHARI - 631.586.1579

# ਇਸ ਦੇਸ਼ 'ਚ ਹੁਣ ਸ਼ਰੇਆਮ ਸੈਕਸ ਕਰਨ 'ਤੇ ਕੋਈ ਪਾਬੰਦੀ ਨਹੀਂ, ਕਾਨੂੰਨੀ



ਮੈਕਸੀਕੋ ਸਿਟੀ— ਮੈਕਸੀਕੋ ਦੇਸ਼ ਦਾ ਇਕ ਸ਼ਹਿਰ ਅਜਿਹਾ ਵੀ ਹੈ ਜਿਥੇ ਸ਼ਰੇਆਮ ਸੈਕਸ ਕਰਨ ਸਬੰਧੀ ਕਾਨੂੰਨ ਦੀ ਪ੍ਰਵਾਨਗੀ ਮਿਲ ਗਈ ਹੈ। ਇਸ ਕਾਨੂੰਨ ਲਈ ਪਹਿਲ ਕਰਨ ਵਾਲੇ ਕੌਂਸਲਰ ਨੇ ਦੱਸਿਆ ਕਿ 15 ਲੱਖ ਦੀ ਆਬਾਦੀ ਵਾਲੇ ਉਕਤ ਸ਼ਹਿਰ ਗਵਾਦਲਜਾਰਾ ਵਿਖੇ ਸ਼ਰੇਆਮ ਖੁੱਲ੍ਹੀਆਂ ਥਾਵਾਂ 'ਤੇ ਪਿਆਰ ਕਰਨ ਵਾਲਿਆਂ ਨੂੰ ਹੁਣ ਪੁਲਸ ਤੰਗ-ਪ੍ਰੇਸ਼ਾਨ ਨਹੀਂ ਕਰ ਸਕੇਗੀ। ਉਹ ਉਨ੍ਹਾਂ ਕੋਲੋਂ ਰਿਸ਼ਵਤ ਵੀ ਨਹੀਂ ਲੈ ਸਕੇਗੀ। ਕਾਨੂੰਨ 'ਚ ਕੀਤੀਆਂ ਗਈਆਂ ਨਵੀਆਂ ਤਬਦੀਲੀਆਂ ਮੁਤਾਬਕ ਜਨਤਕ ਥਾਵਾਂ, ਖਾਲੀ ਥਾਵਾਂ, ਕਿਸੇ ਮੋਟਰ ਗੱਡੀ ਅੰਦਰ ਜਾਂ ਫਿਰ ਅਜਿਹੀ ਥਾਂ, ਜਿਥੋਂ ਸਭ ਕੁੱਝ ਸਪੱਸ਼ਟ ਨਜ਼ਰ ਆ ਰਿਹਾ ਹੋਵੇ, ਸੈਕਸ ਕਰਨਾ ਉਦੋਂ ਤਕ ਅਪਰਾਧ ਨਹੀਂ ਮੰਨਿਆ ਜਾਏਗਾ ਜਦੋਂ ਤਕ ਕੋਈ ਵਿਅਕਤੀ ਇਸ ਸਬੰਧੀ ਪੁਲਸ ਕੋਲ

# ਫਿਨਲੈਂਡ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼, ਕੈਨੇਡਾ 7ਵੇਂ ਤੇ ਅਮਰੀਕਾ 18ਵੇਂ ਨੰਬਰ

ਜਰਮਨੀ, ਅਗਸਤ ਠੰਡੇ ਮੌਸਮ ਅਤੇ ਲੰਬੀ ਸਰਦੀਆਂ ਵਾਲਾ ਦੇਸ਼ ਫਿਨਲੈਂਡ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਹੈ। ਜਦ ਕਿ ਕੈਨੇਡਾ ਇਸ ਸੂਚੀ ਵਿਚ ਸੱਤਵੇਂ ਨੰਬਰ 'ਤੇ ਆਉਂਦਾ ਹੈ। ਇਸ ਮਾਮਲੇ ਵਿਚ ਭਾਰਤ ਅਪਣੇ ਗੁਆਂਢੀ ਮੁਲਕਾਂ ਨਾਲੋਂ ਵੀ ਪਿੱਛੇ ਹੈ। ਸੰਯੁਕਤ ਰਾਸ਼ਟਰ ਦੀ ਸਸਟੈਨੇਬਲ ਡਿਵੈਲਪਮੈਂਟ ਸੌਲਿਊਸ਼ਂਜ਼ ਨੈਟਵਰਕ ਦੀ ਪ੍ਰਕਾਸ਼ਤ ਵਰਲਡ ਹੈਪੀਨੈਸ ਰਿਪੋਰਟ 2018 ਵਿਚ ਭਾਰਤ 133ਵੇਂ ਨੰਬਰ 'ਤੇ ਹੈ। 156 ਦੇਸ਼ਾਂ ਦੀ ਇਸ ਸੂਚੀ ਵਿਚ ਦਸ ਖੁਸ਼ਹਾਲ ਦੇਸ਼ਾਂ ਵਿਚ ਅੱਠ ਦੇਸ਼ ਯੂਰਪ ਦੇ ਹਨ, ਜਦ ਕਿ ਚੋਟੀ ਦੇ 20 ਵਿਚ ਵੀ ਏਸ਼ੀਆ ਦਾ ਇਕ ਵੀ ਦੇਸ਼ ਨਹੀਂ ਹੈ। ਰਿਪੋਰਟ ਵਿਚ ਅਮਰੀਕਾ ਨੂੰ 18ਵੇਂ ਨੰਬਰ 'ਤੇ ਰੱਖਿਆ ਗਿਆ ਹੈ। 2017 ਵਿਚ ਭਾਰਤ 122ਵੇਂ ਨੰਬਰ 'ਤੇ ਸੀ, ਲੇਕਿਨ ਉਹ ਇਸ ਵਾਰ ਉਸ ਦੀ ਰੈਂਕਿੰਗ 11 ਨੰਬਰ 'ਤੇ ਖਿਸਕ ਗਈ। ਇਸ ਦਾ ਮਤਲਬ ਇਹ ਕਿ ਦੇਸ਼ ਵਿਚ ਖੁਸ਼ਹਾਲੀ ਘੱਟ ਹੋਈ ਹੈ। ਸਭ ਤੋਂ ਘੱਟ ਖੁਸ਼ਹਾਲ ਦੇਸ਼ ਬੁਰੂੰਡੀ ਹੈ। ਉਸ ਨੂੰ 156ਵਾਂ ਸਥਾਨ ਮਿਲਿਆ ਹੈ।ਇਸ ਰਿਪੋਰਟ ਵਿਚ ਫਿਨਲੈਂਡ ਸਭ ਤੋਂ ਖੁਸ਼ੀ ਦੇਸ਼ ਦੇ ਰੂਪ ਵਿਚ ਉਭਰਿਆ। ਬਾਵਜੂਦ ਇਸ ਦੇ ਕਿ ਇੱਥੇ ਸੂਰਜ ਬਹੁਤ ਘੱਟ ਨਿਕਲਦਾ ਹੈ। ਇੱਥੇ ਦਾ ਤਾਪਮਾਨ ਵੀ ਕਾਫੀ ਘੱਟ ਰਹਿੰਦਾ ਹੈ, ਜੋ ਕਿ ਡਿਪ੍ਰੈਸ਼ਨ ਹੋਣ ਦੇ ਉਤਰਦਾਈ ਕਾਰਨਾਂ ਵਿਚੋਂ ਇਕ ਹੈ। ਬੀਤੇ ਸਾਲ ਦੀ ਰਿਪੋਰਟ ਦੇ ਮੁਤਾਬਕ ਪਹਿਲਾਂ ਫਿਨਲੈਂਡ ਪੰਜਵੇਂ ਨੰਬਰ 'ਤੇ ਸੀ, ਲੇਕਿਨ ਇਸ ਵਾਰ ਉਹ ਪਹਿਲੇ ਨੰਬਰ 'ਤੇ ਆ ਗਿਆ ਹੈ। ਪਹਿਲੇ ਸਥਾਨ 'ਤੇ ਫਿਨਲੈਂਡ ਹੈ। 2017 ਵਿਚ ਪਹਿਲੇ ਸਥਾਨ 'ਤੇ ਰਿਹਾ ਨਾਰਵੇ ਇਸ ਵਾਰ ਦੂਜੇ ਸਥਾਨ 'ਤੇ ਹੈ। ਤੀਜਾ ਸਥਾਨ ਡੈਨਮਾਰਕ ਦਾ ਹੈ।ਆਈਸਲੈਂਡ ਅਤੇ ਸਵਿਟਜ਼ਰਲੈਂਡ ਕ੍ਰਮਵਾਰ 4ਵੇਂ ਅਤੇ 5ਵੇਂ ਨੰਬਰ 'ਤੇ ਹੈ। ਨੀਦਰਲੈਂਡ 6ਵੇਂ ਅਤੇ ਕੈਨੇਡਾ 7ਵੇਂ ਸੂਚੀ ਵਿਚ ਨਿਊਜ਼ੀਲੈਂਡ ਨੂੰ 8ਵਾਂ ਸਥਾਨ ਮਿਲਿਆ ਹੈ ਜਦ ਕਿ ਸਵੀਡਨ ਤੇ ਆਸਟ੍ਰੇਲੀਆ ਨੂੰ ਕ੍ਰਮਵਾਰ 9ਵਾਂ ਅਤੇ 10ਵਾਂ ਸਥਾਨ ਮਿਲਿਆ ਹੈ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਭਾਰਤ ਦਾ ਸਥਾਨ 133ਵਾਂ ਹੈ ਜਦ ਕਿ ਖੁਸ਼ ਰਹਿਣ ਦੇ ਮਾਮਲੇ ਵਿਚ ਉਹ ਪਾਕਿਸਤਾਨ ਅਤੇ ਗਰੀਬ ਦੇਸ਼ ਨੇਪਾਲ ਤੋਂ ਵੀ ਪਿੱਛੇ ਹਨ। ਦੋਵੇਂ ਮੁਲਕ ਇਸ ਮਾਮਲੇ ਵਿਚ ਭਾਰਤ ਤੋਂ ਅੱਗੇ ਨਿਕਲ ਚੁੱਕੇ ਹਨ। ਰਿਪੋਰਟ ਵਿਚ ਪਾਕਿਸਤਾਨ ਦਾ ਸਥਾਨ 75ਵਾਂ ਹੈ। ਨੇਪਾਲ 101ਵੇਂ ਨੰਬਰ 'ਤੇ ਹੈ। ਭੂਟਾਨ ਦਾ ਸਥਾਨ 97ਵਾਂ, ਬੰਗਲਾਦੇਸ਼ ਦਾ 115ਵਾਂ, ਸ੍ਰੀਲੰਕਾ ਦਾ 116ਵਾਂ ਅਤੇ ਚੀਨ ਦਾ ਸਥਾਨ 86ਵਾ ਹੈ।ਮਿਆਂਮਾਰ ਨੂੰ ਇਸ ਸੂਚੀ ਵਿਚ 130ਵੇਂ ਨੰਬਰ 'ਤੇ ਰੱਖਿਆ ਗਿਆ ਹੈ।

## ਸ਼ਹਿਰ 'ਚ ਸੁੰਦਰ ਔਰਤਾਂ, ਇਸ ਲਈ ਹੁੰਦੇ ਹਨ ਰੇਪ : ਦੁਤੇਰਤੇ

ਮਨੀਲਾ— ਫਿਲੀਪੀਨਜ਼ ਦੇ ਰਾਸ਼ਟਰਪਤੀ ਰੋਡਰੀਗੋ ਦੁਤੇਰਤੇ ਆਪਣੇ ਵਿਵਾਦਿਤ ਬਿਆਨਾਂ ਨੂੰ ਲੈ ਕੇ ਹਮੇਸ਼ਾਂ ਚਰਚਾ 'ਚ ਰਹਿੰਦੇ ਹਨ। ਦੁਤੇਰਤੇ ਨੇ ਇਕ ਵਾਰ ਫਿਰ ਔਰਤਾਂ ਨੂੰ ਲੈ ਕੇ ਇਕ ਬਹੁਤ ਵੱਡਾ ਵਿਵਾਦਿਤ ਬਿਆਨ ਦਿੱਤਾ, ਜਿਸ ਦੀ ਕਾਫੀ ਨਿੰਦਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹੋਮਟਾਊਨ 'ਚ ਰੇਪ ਜ਼ਿਆਦਾ ਹੁੰਦੇ ਹਨ, ਕਿਉਂਕਿ ਉਨ੍ਹਾਂ ਦੇ ਸ਼ਹਿਰ ਦੀਆਂ ਔਰਤਾਂ ਕਾਫੀ ਸੁੰਦਰ ਹਨ। ਵਿਰੋਧੀ ਦਲਾਂ ਦੇ ਨੇਤਾਵਾਂ ਵਲੋਂ ਦੁਤੇਰਤੇ ਨੂੰ ਆਪਣੇ ਬਿਆਨ 'ਤੇ ਮਾਫੀ ਮੰਗਣ ਲਈ ਕਿਹਾ ਜਾ ਰਿਹਾ ਹੈ। ਹਾਲਾਂਕਿ ਉਨ੍ਹਾਂ ਦੇ ਅਧਿਕਾਰਿਕ ਦਫਤਰ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਅਜਿਹਾ ਮਜ਼ਾਕ 'ਚ ਕਿਹਾ ਹੈ। ਮਾਂਦੁਏ ਸ਼ਹਿਰ 'ਚ ਦੁਤੇਰਤੇ ਨੇ ਕਿਹਾ ਸੀ ਕਿ "ਉਹ ਲੋਕ ਕਹਿੰਦੇ ਹਨ ਕਿ ਦਾਵਾਓ 'ਚ ਬਲਾਤਕਾਰ ਦੀਆਂ ਬਹੁਤ ਸਾਰੀਆਂ ਘਟਨਾਵਾਂ ਹੁੰਦਿਆਂ ਰਹੀਆਂ ਹਨ। ਜੇਕਰ ਸ਼ਹਿਰ 'ਚ ਸੁੰਦਰ ਔਰਤਾਂ ਹਨ ਤਾਂ ਬਲਾਤਕਾਰ ਵੀ ਹੁੰਦੇ ਰਹਿਣਗੇ।" ਇਹ ਕੋਈ ਪਹਿਲੀ ਵਾਰ ਨਹੀਂ ਹੈ ਕਿ ਫਿਲੀਪੀਨਜ਼ ਦੇ ਪ੍ਰਧਾਨ ਮੰਤਰੀ ਨੇ ਇਸ ਤਰ੍ਹਾਂ ਦਾ ਬਿਆਨ ਦਿੱਤਾ ਹੋਵੇ। 2016 'ਚ ਉਨ੍ਹਾਂ ਨੇ ਇਕ ਫੌਜੀ ਵਲੋਂ ਬਲਾਤਕਾਰ ਕੀਤੇ ਜਾਣ 'ਤੇ ਕਿਹਾ ਸੀ ਕਿ ਮੇਰੇ ਫੌਜੀ ਨੌਜਵਾਨ ਬਲਾਤਕਾਰ ਕਰ ਸਕਦੇ ਹਨ, ਮੈਂ ਜੇਲ ਚਲਾ ਜਾਵਾਂਗਾ। ਦੁਤੇਰਤੇ ਨੇ ਆਪਣੇ ਹੋਮਟਾਊਨ 'ਚ ਬਲਾਤਕਾਰ ਨੂੰ ਲੈ ਕੇ ਇਹ ਬਿਆਨ ਉਦੋਂ ਦਿੱਤਾ ਜਦੋਂ ਉਨ੍ਹਾਂ ਤੋਂ ਪੁਲਸ ਅੰਕੜਿਆਂ ਬਾਰੇ ਪੁੱਛਿਆ ਗਿਆ ਸੀ ਕਿ ਦਾਵਾਓ 'ਚ ਬਲਾਤਕਾਰ ਦੀਆਂ ਘਟਨਾਵਾਂ ਫਿਲੀਪੀਨਜ਼ ਦੇ ਸ਼ਹਿਰਾਂ 'ਚ ਸਭ ਤੋਂ ਜ਼ਿਆਦਾ ਹੈ, ਇਸ ਦੇ ਜਵਾਬ 'ਚ ਉਨ੍ਹਾਂ ਨੇ ਇਹ ਕਿਹਾ ਸੀ।

## ਇਨਸਾਨ ਦੇ ਵਾਲ ਤੋਂ ਵੀ ਕਰੀਬ ਇੱਕ ਲੱਖ ਗੁਣਾ ਪਤਲਾ ਹੈ, ਦੁਨੀਆ ਦਾ ਸਭ ਤੋਂ ਛੋਟਾ ਰੋਬਟ

ਹਿਊਸਟਨ- ਟੈਕਸਾਸ ਦੇ ਵਿਗਿਆਨੀਆਂ ਨੇ ਦੁਨੀਆ ਦਾ ਸਭ ਤੋਂ ਛੋਟਾ ਮੈਡੀਕਲ ਰੋਬਟ ਤਿਆਰ ਕੀਤਾ ਹੈ। ਇਹ 120 ਨੈਨੋਮੀਟਰ ਦਾ ਹੈ। ਯਾਨੀ ਇਹ ਇਨਸਾਨ ਦੇ ਵਾਲ ਤੋਂ ਵੀ ਕਰੀਬ ਇੱਕ ਲੱਖ ਗੁਣਾ ਪਤਲਾ ਹੈ। ਇਸ ਨੂੰ ਸਭ ਤੋਂ ਛੋਟੇ ਰੋਬਟ ਦੇ ਰੂਪ ਵਿਚ ਗਿੰਨੀਜ਼ ਵਰਲਡ ਰਿਕਾਰਡ ਵਿਚ ਜਗ੍ਹਾ ਦਿੱਤੀ ਗਈ ਹੈ।ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਰੋਬਟ ਨਾਲ ਭਵਿੱਖ ਵਿਚ ਕੈਂਸਰ ਅਤੇ ਅਲਜਾਈਮਰ ਦੇ ਮਰੀਜ਼ਾਂ ਦਾ ਇਲਾਜ ਕਰਨਾ ਸੌਖਾ ਹੋਵੇਗਾ। ਅਮਰੀਕਾ ਦੀ ਟੈਕਸਾਸ ਯੂਨੀਵਰਸਿਟੀ ਵਿਚ ਸੈਨ ਐਂਟੋਨਿਓ ਦੇ ਵਿਗਿਆਨੀਆਂ ਨੇ ਅਪਣੀ ਰਿਸਰਚ ਦੌਰਾਨ ਨੈਨੋਰੋਬਟ ਦੀ ਸੀਰੀਜ਼ ਤਿਆਰ ਕੀਤੀ। ਇਸ ਨੂੰ ਅਮਰੀਕਾ ਦੇ ਮੈਡੀਕਲ ਇਤਿਹਾਸ ਦਾ ਵੱਡਾ ਦਿਨ ਮੰਨਿਆ ਜਾ ਰਿਹਾ ਹੈ। ਯੂਟੀਐਸਏ ਦੇ ਪ੍ਰੋਫੈਸਰ ਰੁਯਾਨ ਗੁਓ ਨੇ ਦੱਸਿਆ ਕਿ ਅਸੀਂ ਅਜਿਹੇ ਨੈਨੋਕੰਪੋਜਿਟ ਪਾਰਟੀਕਲ ਤਿਆਰ ਕੀਤੇ ਹਨ ਜਿਨ੍ਹਾਂ ਰਿਮੋਟ ਕੰਟਰੋਲ ਨਾਲ ਇਲੈਕਟਰੋਮੈਗਨੇਟਿਕ ਫੀਲਡ ਵਿਚ ਚਲਾਇਆ ਜਾ ਸਕੇਗਾ। ਇਹ ਨੈਨੋਕੰਪੋਜਿਟ ਪਾਰਟੀਕਲ ਬਾਇਓਲੌਜੀਕਲ ਸੈਲਸ ਦੇ ਨਾਲ ਛੋਟੇ ਰੋਬਟ ਦੀ ਤਰ੍ਹਾਂ ਕੰਮ ਕਰਨਗੇ। ਨੈਨੋਰੋਬਟ ਦੇ ਹਿੱਸੇ ਬਰਾਜ਼ੀਲ ਦੀ ਮਦਦ ਨਾਲ ਤਿਆਰ ਕੀਤੇ ਗਏ ਹਨ। ਗੁਓ ਨੇ ਦੱਸਿਆ ਕਿ ਨੈਨੋਰੋਬਟ ਬਣਨ ਤੋਂ ਬਾਅਦ ਮੈਡੀਕਲ ਖੇਤਰ ਵਿਚ ਕਰਾਂਤੀ ਆਉਣ ਦੀ ਉਮੀਦ ਹੈ। ਇਨ੍ਹਾਂ ਦੀ ਮਦਦ ਨਾਲ ਕੀਮੋਥੈਰੇਪੀ ਦੇ ਦੌਰਾਨ ਕੈਂਸਰ ਦੇ ਸੈਲਸ ਨੂੰ ਅਸਾਨੀ ਨਾਲ ਪਛਾਣਿਆ ਜਾ

# ਬੱਚੇ ਨੂੰ ਜਨਮ ਦੇਣ ਲਈ ਗੁਆਂਢੀ ਦੇਸ਼ ਜਾਣ ਨੂੰ ਮਜ਼ਬੂਰ ਗਰਭਪਤੀ ਔਰਤਾਂ

ਵੈਨੇਜ਼ੁਏਲਾ 'ਚ ਆਰਥਿਕ ਸੰਕਟ ਦਾ ਅਸਰ ਗਰਭਪਤੀ ਔਰਤਾਂ 'ਤੇ ਵੀ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੇ ਬੱਚੇ ਨੂੰ ਜਨਮ ਦੇਣ ਲਈ ਗੁਆਂਢੀ ਦੇਸ਼ ਬ੍ਰਾਜ਼ੀਲ ਜਾਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਆਪਣੇ ਦੇਸ਼ 'ਚ ਗਰਭ ਅਵਸਥਾ ਦੌਰਾਨ ਇਸਤੇਮਾਲ ਹੋਣ ਵਾਲੀਆਂ ਜ਼ਰੂਰੀ ਚੀਜ਼ਾਂ, ਦਵਾਈਆਂ ਦੀ ਕਮੀ ਕਾਰਨ ਇਹ ਔਰਤਾਂ ਬ੍ਰਾਜ਼ੀਲ ਜਾ ਰਹੀਆਂ ਹਨ ਅਤੇ ਉਥੇ ਹਰ ਦਿਨ ਵੈਨੇਜ਼ੁਏਲਾ ਦੇ 3 ਬੱਚਿਆਂ ਦਾ ਜਨਮ ਹੋ ਰਿਹਾ ਹੈ। ਮਾਰੀਆਟੈਰੇਸਾ ਲੋਪੇਜ ਅਜਿਹੀ ਹੀ ਇਕ ਔਰਤ ਹੈ ਜਿਸ ਨੇ ਸੋਮਵਾਰ ਨੂੰ ਬ੍ਰਾਜ਼ੀਲ ਦੇ ਸਰਹੱਦੀ ਰਾਜ ਰੋਰਾਈਮਾ 'ਚ ਆਪਣੇ ਬੱਚੇ ਨੂੰ ਜਨਮ ਦਿੱਤਾ। ਉਸ ਨੇ ਆਖਿਆ ਜੇਕਰ ਮੈਂ ਇਥੇ ਰੁਕਦੀ ਤਾਂ ਮੇਰਾ ਬੱਚਾ ਮਰ ਜਾਂਦਾ। ਉਥੇ ਨਾ ਖਾਣਾ ਸੀ ਅਤੇ ਨਾ ਦਵਾਈ ਅਤੇ ਨਾ ਹੀ ਡਾਕਟਰ।ਲੋਪੇਜ 5 ਮਹੀਨੇ ਪਹਿਲਾਂ ਆਪਣੇ ਘਰ ਓਰੀਨੋਕੋ ਤੋਂ 800 ਕਿ. ਮੀ. ਦੀ ਦੂਰੀ ਤੈਅ ਕਰ ਬ੍ਰਾਜ਼ੀਲ ਪਹੁੰਚੀ ਸੀ। ਉਹ ਉਨ੍ਹਾਂ ਸੈਂਕੜੇ ਔਰਤਾਂ 'ਚੋਂ ਇਕ ਹੈ ਜੋ ਆਰਥਿਕ ਅਤੇ ਰਾਜਨੀਤਕ ਸੰਕਟ ਵਿਚਾਲੇ ਆਪਣਾ ਦੇਸ਼ ਛੱਡਣ ਨੂੰ ਮਜ਼ਬੂਰ ਹੋ ਰਹੀਆਂ ਹਨ। ਵੈਨੇਜ਼ੁਏਲਾ ਸੰਕਟ ਕਾਰਨ ਬ੍ਰਾਜ਼ੀਲ ਦੇ ਰੋਰਾਈਮਾ ਰਾਜ 'ਤੇ ਭਾਰ ਵੱਧ ਗਿਆ ਹੈ, ਜਿਸ ਨਾਲ ਉਥੇ ਅਪਰਾਧ, ਦੇਹ-ਵਪਾਰ ਅਤੇ ਬੀਮਾਰੀ ਵੱਧ ਗਈ ਹੈ। ਰੋਰਾਈਮਾ ਦੇ ਗਵਰਨਰ ਨੇ ਬ੍ਰਾਜ਼ੀਲ ਦੀ ਸੁਪਰੀਮ ਕੋਰਟ ਤੋਂ ਸਰਹੱਦ ਨੂੰ ਬੰਦ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਰਫਿਊਜ਼ੀਆਂ ਦੇ ਸੰਕਟ ਨਾਲ ਨਜਿੱਠਿਆ ਜਾ ਸਕੇ। ਹਾਲਾਂਕਿ ਬ੍ਰਾਜ਼ੀਲ ਸਰਕਾਰ ਨੇ ਮਨੁੱਖੀ ਆਧਾਰ 'ਤੇ ਇਸ ਅਪੀਲ ਨੂੰ ਠੁਕਰਾ ਦਿੱਤਾ ਹੈ।ਉਥੇ ਰਾਜ ਦੇ ਸਿਹਤ ਵਿਭਾਗ ਨਾਲ ਜੁੜੀ ਡੇਨੀਏਲਾ ਸੌਜਾ ਨੇ ਦੱਸਿਆ ਕਿ ਹਰ ਦਿਨ 800 ਲੋਕ ਵੈਨੇਜ਼ੁਏਲਾ ਤੋਂ ਆ ਰਹੇ ਹਨ, ਜਿਨ੍ਹਾਂ 'ਚ ਕਈ ਔਰਤਾਂ ਅਤੇ ਬੱਚਿਆਂ ਨੂੰ ਮੈਡੀਕਲ ਸਹਾਇਤਾ ਦੀ ਜ਼ਰੂਰਤ ਹੈ। ਰੋਰਾਈਮਾ ਦੇ ਬਾਓ ਵਿਸਟਾ ਮੈਟਰਨਿਟੀ ਹਸਪਤਾਲ 'ਚ ਪਿਛਲੇ ਸਾਲ 556 ਬੱਚਿਆਂ ਦਾ ਜਨਮ ਹੋਇਆ ਸੀ ਜਦਕਿ 2018 ਦੇ ਪਿਛਲੇ 6 ਮਹੀਨਿਆਂ 'ਚ 571 ਬੱਚਿਆਂ ਦਾ ਜਨਮ ਹੋਇਆ ਹੈ। 2016 'ਚ ਇਹ ਗਿਣਤੀ 288 ਸੀ, ਜਦਕਿ ਵੈਨੇਜ਼ੁਏਲਾ ਦੇ ਲੋਕਾਂ ਨੇ ਬ੍ਰਾਜ਼ੀਲ 'ਚ ਪਨਾਹ ਲੈਣੀ ਸ਼ੁਰੂ ਕਰ ਦਿੱਤੀ ਸੀ।



# ਵੱਖਰਾ ਦਿੱਖਣ ਦੇ ਚਾਅ 'ਚ ਆਪਣਾ ਨੱਕ ਅਤੇ ਕੰਨ ਕੱਟਵਾਇਆ



ਅਜੋਕੇ ਸਮੇਂ 'ਚ ਲੋਕ ਵੱਖ ਦਿੱਖਣ ਦੇ ਚਾਅ 'ਚ ਕਿਸੇ ਵੀ ਹੱਦ ਤੱਕ ਗੁਜਰ ਜਾਂਦੇ ਹਨ ਲੋਕਾਂ 'ਚ ਸਾਰਿਆਂ ਤੋਂ ਵੱਖਰਾ ਦਿੱਖਣ ਦਾ ਜਾਨੂੰਨ ਪੈਦਾ ਹੋ ਗਿਆ ਇਸਦਾ ਅੰਦਾਜਾ ਤੁਸੀ ਨਹੀਂ ਲਗਾ ਸੱਕਦੇ ਹੋ, ਪਰ ਅਸੀ ਤੁਹਾਨੂੰ ਅੱਜ ਜਿਸ ਮੁੰਡੇ ਬਾਰੇ ਦੱਸ ਰਹੇ ਹਾਂ ਉਸਦੇ ਕਾਰਨਾਮੇ ਸੁਣਕੇ ਤਾਂ ਤੁਸੀ ਹੈਰਾਨ ਹੋ ਜਾਓਗੇ। 22 ਸਾਲ ਦੇ ਇੱਕ ਮੁੰਡੇ ਨੇ ਵੱਖ ਦਿੱਖਣ ਦੇ ਚੱਕਰ 'ਚ ਆਪਣੀ ਨੱਕ ਹੀ ਕਟਵਾ ਦਿੱਤੀ। ਜੀ ਹਾਂ . . . ਦਰਅਸਲ ਇਹ ਮੁੰਡਾ ਇਨਸਾਨਾਂ ਦੇ ਚਿਹਰੇ ਦੀ ਖੋਪੜੀ ਵਰਗਾ ਦਿਖਣਾ ਚਾਹੁੰਦਾ ਸੀ ਅਤੇ ਇਸ ਲਈ ਚੱਕਰ ਵਿੱਚ ਉਨ੍ਹਾਂ ਨੇ ਇਹ ਕਾਰਨਾਮਾ ਕਰ ਕੇ ਦਿਖਾਇਆ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਸ ਮੁੰਡੇ ਨੇ ਵੱਖ ਵਿੱਖਣ ਦੇ ਚਾਅ 'ਚ ਆਪਣੀ ਨੱਕ ਹੀ ਨਹੀਂ ਸਗੋਂ ਦੋਨਾਂ ਕੰਨ ਵੀ ਕਟਵਾ ਲਿਆ।ਇਸਦੀ ਸਨਕ ਸਿਰਫ ਇੱਥੇ ਹੀ ਖਤਮ ਨਹੀਂ ਹੋਈ ਸਗੋਂ ਨੱਕ-ਕੰਨ ਕਟਵਾਉਣ ਤੋਂ ਬਾਅਦ ਇਸ ਮੁੰਡੇ ਨੇ ਆਪਣੇ ਆਪ ਦੇ ਪੂਰੇ ਸਰੀਰ 'ਤੇ ਟੈਟੂ ਵੀ ਬਣਵਾ ਲਏ । ਇਸ ਮੁੰਡੇ ਦਾ ਨਾਮ ਹੈ ਏਰਿਕ ਯੀਨਰ ਹਿਨਕੈਪੀ । ਆਪਣੇ ਅਜੀਬ ਸ਼ੌਕ ਦੇ ਕਾਰਨ ਇਹ ਮੁੰਡਾ ਦੁਨਿਆਭਰ ਵਿੱਚ ਕਾਲਕਾ ਸਕਲ ਦੇ ਨਾਮ ਨਾਲ ਮਸ਼ਹੂਰ ਹੋ ਗਿਆ ਹੈ। ਵੱਖਰਾ ਵਿੱਖਣ ਦੀ ਚਾਹਤ 'ਚ ਇਹ ਮੁੰਡਾ ਪਿਛਲੇ ਦੋ ਸਾਲਾਂ ਤੋਂ ਆਪਣੀ ਸਰੀਰਕ ਬਣਾਵਟ ਵਿੱਚ ਬਦਲਾਅ ਕਰ ਰਿਹਾ ਹੈ।ਕਾਲਕਾ ਨੇ ਆਪਣੇ ਸਰੀਰ ਦੀ ਬਣਾਵਟ ਨੂੰ ਬਦਲਨ ਲਈ ਬਹੁਤ ਸਾਰੀਆਂ ਸਰਜਰੀ ਵੀ ਕਰਵਾਈ ਸੀ ਅਤੇ ਇਸਦੇ ਕਾਰਨ ਉਨ੍ਹਾਂ ਨੂੰ ਦਰਦ ਵੀ ਸਹਿਣਾ ਪਿਆ ਸੀ।ਕਾਲਕਾ ਨੇ ਤਾਂ ਆਪਣੀ ਜੀਭ ਨੂੰ ਕੱਟਵਾਕੇ ਵੀ ਉਸਦੇ ਦੋ ਹਿੱਸੇ ਕਰਵਾ ਲਏ। ਸਿਰਫ ਚਿਹਰੇ 'ਤੇ ਹੀ ਨਹੀਂ ਸਗੋਂ ਇਸ ਜਨਾਬ ਨੇ ਤਾਂ ਆਪਣੀ ਜੀਭ 'ਤੇ ਵੀ ਟੈਟੂ ਬਣਵਾ ਲਿਆ। ਜਦੋਂ ਵੀ ਕਾਲਕਾ ਘਰ ਤੋਂ ਬਾਹਰ ਨਿਕਲਦਾ ਹੈ ਤਾਂ ਹਰ ਕੋਈ ਉਸਨੂੰ ਵੇਖਕੇ ਡਰ ਜਾਂਦਾ ਹੈ।ਪਰ ਕਾਲਕਾ ਨੂੰ ਇਸ ਤੋਂ ਕੋਈ ਫਰਕ ਨਹੀਂ ਪੈਂਦਾ ਹੈ ਅਤੇ ਉਹ ਆਪਣੇ ਇਸ ਅਵਤਾਰ ਨਾਲ ਬੇਹੱਦ ਖੁਸ਼ ਹੈ । ਸੋਸ਼ਲ ਮੀਡੀਆ 'ਤੇ ਵੀ ਕਾਲਕਾ ਦੇ ਇਸ ਅਜੀਬ ਲੁਕ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹੈ ।ਨੰਬਰ 'ਤੇ ਹੈ।

# ਕਰੋੜਾਂ ਦੀ ਕਾਰ ਅਤੇ ਬੰਗਲੇ ਦੀ ਮਾਲਕਿਨ ਹੈ ਅਦਾਕਾਰਾ ਸਨੀ ਲਿਓਨੀ

ਬਾਲੀਵੁਡ ਦੀ ਬੇਹੱਦ ਬੋਲਡ ਅਦਾਕਾਰਾ ਵਿੱਚ ਸ਼ਾਮਿਲ ਅਤੇ ਸਾਬਕਾ ਪੋਰਨ ਸਟਾਰ ਸਨੀ ਲਿਓਨੀ ਅਕਸਰ ਹੀ ਆਪਣੀਆਂ ਹਾਟ ਅਦਾਵਾਂ ਦੇ ਕਾਰਨ ਚਰਚਾਵਾਂ ਵਿੱਚ ਬਣੀ ਹੀ ਰਹਿੰਦੀ ਹੈ। ਸਨੀ ਬਾਲੀਵੁਡ ਦੀ ਟਾਪ ਅਦਾਕਾਰਾਂ ਦੀ ਲਿਸਟ ਵਿੱਚ ਸ਼ਾਮਿਲ ਹੈ। ਉਨ੍ਹਾਂ ਦੇ ਸ਼ੌਕ ਵੀ ਕਾਫ਼ੀ ਮਹਿੰਗੇ - ਮਹਿੰਗੇ ਹਨ। ਫੈਨ ਫਾਲੋਇੰਗ ਦੇ ਮਾਮਲੇ ਵਿੱਚ ਸਨੀ ਸਭ ਤੋਂ ਅੱਗੇ ਹੈ। ਭਲੇ ਹੀ ਉਹ ਇਨ੍ਹੀਂ ਦਿਨੀਂ ਘੱਟ ਫਿਲਮਾਂ ਵਿੱਚ ਨਜ਼ਰ ਆ ਰਹੀ ਹੋਵੇ ਪਰ ਫਿਰ ਵੀ ਉਹ ਬੇਹੱਦ ਲਗਜਰੀ ਲਾਈਫ ਜਿਊਂਦੀ ਹੈ।ਸਨੀ ਲਿਓਨੀ ਦਾ ਨਾਮ ਕਰਨਜੀਤ ਕੌਰ ਵੌਹਰਾ ਹੈ ਅਤੇ ਉਹ ਕਨੇਡਾ ਅਤੇ ਅਮਰੀਕਾ ਦੀ ਰਾਸ਼ਟਰੀਅਤਾ ਰੱਖਦੀ ਹੈ। ਸਨੀ ਨੇ ਸਾਲ 2012 ਵਿੱਚ ਫਿਲਮ ਜਿਸਮ ਤੋਂ ਬਾਲੀਵੁਡ ਵਿੱਚ ਕਦਮ ਰੱਖਿਆ ਸੀ। ਇਸ ਤੋਂ ਪਹਿਲਾਂ ਉਹ ਵਿਵਾਦਿਤ ਸ਼ੋਅ ਬਿੱਗ ਬੌਸ ਵਿੱਚ ਵੀ ਨਜ਼ਰ ਆਈ ਸੀ ਅਤੇ ਬਿੱਗ ਬੌਸ ਵਿੱਚ ਆਉਣ ਤੋਂ ਬਾਅਦ ਹੀ ਸਨੀ ਦੇ ਫ਼ਿਲਮੀ ਦੁਨੀਆ ਵਿੱਚ ਆਉਣ ਦੇ ਦਰਵਾਜੇ ਖੁੱਲੇ ਸਨ। ਹੁਣ ਤੱਕ ਸਨੀ ਸ਼ੂਟ ਆਊਟ ਐਟ ਵਡਾਲਾ , ਜੈਕਪਾਟ , ਰਾਗਿ ?ਨੀ ਐਮਐਮਐਸ 2 , ਹੇਟ ਸ ?ਟੋਰੀ 2 ਵਿੱਚ ਨਜ਼ਰ ਆਈ ਹੈ।ਸਨੀ ਦੇ ਕੋਲ ਮਹਿੰਗਾ ਘਰ ਅਤੇ ਮਹਿੰਗੀਆਂ - ਮਹਿੰਗੀਆਂ ਕਾਰਾਂ ਵੀ ਹਨ। ਬੀ ਟਾਊਨ ਵਿੱਚ ਇਹ ਕਾਰ ਸ਼ਾਹਰੁਖ ਖਾਨ, ਸਲਮਾਨ ਖਾਨ, ਪ੍ਰੀ ?ਯੰਕਾ ਚੋਪੜਾ ਅਤੇ ਦੀਪਿਕਾ ਪਾਦੁਕੋਨ ਦੇ ਕੋਲ ਹੈ ਅਤੇ ਸਨੀ ਲਿਓਨੀ ਦਾ ਨਾਮ ਵੀ ਹੁਣ ਇਸ ਲਿਸ ?ਟ ਵਿੱਚ ਹੈ। ਇਨ੍ਹਾਂ ਤੋਂ ਇਲਾਵਾ ਸਨੀ ਦੇ ਕੋਲ Maserati Ghibli ਕਾਰ ਵੀ ਹੈ ਜਿਸ ਦੀ ਕੀਮਤ 1 . 14 ਕਰੋੜ ਰੁਪਏ ਹੈ। ਸਨੀ ਫ਼ਿਲਹਾਲ ਮੁੰਬਈ ਵਿੱਚ 3bhk ਫਲੈਟ ਵਿੱਚ ਰਹਿੰਦੀ ਹੈ ਜਿਸ ਦੀ ਕੀਮਤ 3 ਕਰੋੜ ਪਰ ਉਨ੍ਹਾਂ ਦਾ ਇੱਕ ਬੰਗਲਾ ਲਾਸ ਐਜਿਲਿ ?ਸ ਵਿੱਚ ਵੀ ਹੈ ਜਿਸ ਦੀ ਕੀਮਤ ਹੈ 19 ਕਰੋੜ ਰੁਪਏ। ਬਾਲੀਵੁਡ ਦੇ ਸਾਰੇ ਹੀ ਸਿਤਾਰੇ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੇ ਹਨ ਅਤੇ ਇਸ ਦੇ ਨਾਲ ਹੀ ਉਹ ਆਪਣੇ ਫੈਨਜ਼ ਨੂੰ



# ਉੱਡਦੇ ਜਹਾਜ਼ 'ਚੋਂ ਟੌਇਲਟ ਵੇਸਟ ਸੁੱਟਣ ਵਾਲੀਆਂ, ਏਅਰਲਾਈਨਜ਼ ਨੂੰ ਲੱਗੇਗਾ ਜ਼ੁਰਮਾਨਾ

ਭਾਰਤ ਵਿੱਚ ਏਅਰਲਾਈਨਜ਼ ਜੇਕਰ ਉਡਾਣ ਦੌਰਾਨ ਟੌਇਲਟ ਵੇਸਟ ਨੂੰ ਜ਼ਮੀਨ 'ਤੇ ਸੁੱਟਣਗੀਆਂ ਤਾਂ 50,000 ਰੁਪਏ ਦਾ ਜ਼ੁਰਮਾਨਾ ਭਰਨਾ ਪਵੇਗਾ। ਡਾਇਰੈਕੋਰੇਟ ਜਨਰਲ ਸਿਵਲ ਏਵੀਏਸ਼ਨ (ਡੀਜੀਸੀਏ) ਨੇ ਸਾਰੀਆਂ ਏਅਰਲਾਈਨਜ਼ ਨੂੰ ਇਸ ਸਬੰਧੀ ਤਾੜਨਾ ਕੀਤੀ ਹੈ। ਦਰਅਸਲ, ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਡੀਜੀਸੀਏ ਨੂੰ ਸਖ਼ਤ ਤਾੜਨਾ ਕੀਤੀ ਗਈ ਸੀ ਕਿ ਜੇਕਰ ਕਿਸੇ ਜਹਾਜ਼ ਨੇ ਇਨਸਾਨੀ ਮਲ ਨੂੰ ਹਵਾ ਵਿੱਚ ਹੇਠਾਂ ਧਰਤੀ ਉੱਤੇ ਸੁੱਟਿਆ ਤਾਂ ਉਹ ਡੀਜੀਸੀਏ ਦੇ ਸਾਰੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਤੇ ਰੋਕ ਲਾ ਦੇਵੇਗਾ। ਇਸ ਨਿਰਦੇਸ਼ 'ਤੇ ਤੁਰਤ-ਫੁਰਤ ਕਾਰਵਾਈ ਕਰਦਿਆਂ ਡੀਜੀਸੀਏ ਨੇ ਅਜਿਹਾ ਕਰਨ ਵਾਲੀਆਂ ਹਵਾਬਾਜ਼ੀ ਕੰਪਨੀਆਂ ਨੂੰ 50,000 ਰੁਪਏ ਦਾ ਜ਼ੁਰਮਾਨਾ ਲਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਡੀਜੀਸੀਏ ਨੇ ਨਿਰਦੇਸ਼ ਦਿੱਤੇ ਹਨ ਕਿ ਏਅਰਲਾਈਨਜ਼ ਨੂੰ ਉਡਾਣ ਭਰਨ ਤੋਂ ਪਹਿਲਾਂ ਜਾਂ ਉੱਤਰਨ ਤੋਂ ਬਾਅਦ ਹੀ ਪਖ਼ਾਨਾ ਟੈਂਕ ਨੂੰ ਖਾਲੀ ਕਰਨ। ਹਵਾਬਾਜ਼ੀ ਕੰਪਨੀਆਂ ਨੂੰ ਇਹ ਹੁਕਮ ਬੀਤੀ 30 ਅਗਸਤ ਨੂੰ ਫੌਰਨ ਜਾਰੀ ਕੀਤੇ ਗਏ ਸਨ, ਕਿਉਂਕਿ ਐਨਜੀਟੀ ਨੇ ਚੇਤਾਵਨੀ ਦਿੱਤੀ ਸੀ ਕਿ 31 ਅਗਸਤ ਤੋਂ ਪਹਿਲਾਂ ਇਨ੍ਹਾਂ ਹੁਕਮਾਂ ਦੀ ਤਾਮੀਲ ਨਾ ਕੀਤੀ ਗਈ ਤਾਂ ਡੀਜੀਸੀਏ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਰੋਕ ਦਿੱਤੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਬਹੁਤ ਸਾਰੀਆਂ ਏਅਰਲਾਈਨਜ਼ ਹਵਾਈ ਅੱਡੇ ਦੇ ਨੇੜੇ ਖਾਲੀ ਜ਼ਮੀਨ 'ਤੇ ਉਡਾਨ ਭਰਨ ਜਾਂ ਉੱਤਰਨ ਤੋਂ ਪਹਿਲਾਂ ਜਹਾਜ਼ ਦਾ ਟੌਇਲਟ ਟੈਂਕ ਖਾਲੀ ਕਰ ਦਿੰਦੀਆਂ ਸਨ। ਅਕਤੂਬਰ 2016 ਵਿੱਚ ਸਾਬਕਾ ਲੈਫ਼ਟੀਨੈਂਟ ਜਨਰਲ ਸਤਵੰਤ ਸਿੰਘ ਦਹੀਆ ਨੇ ਐਨਜੀਟੀ ਕੋਲ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੇ ਘਰ ਦੇ ਟੈਰਿਸ ਤੇ ਨੇੜੇ ਤੇੜੇ ਹਵਾਈ ਜਹਾਜ਼ਾਂ ਵੱਲੋਂ ਮਨੁੱਖੀ ਟੱਟੀ ਸੁੱਟੀ ਜਾਂਦੀ ਹੈ। ਐਨਜੀਟੀ ਨੇ ਪੜਤਾਲ ਕਰਵਾ ਕੇ 20 ਦਸੰਬਰ, 2016 ਨੂੰ ਡੀਜੀਸੀਏ ਨੂੰ ਹੁਕਮ ਜਾਰੀ ਕਰ ਦਿੱਤੇ ਸਨ, ਪਰ ਹਾਲੇ ਤਕ ਇਸ ਦੀ ਤਾਮੀਲ ਨਹੀਂ ਸੀ ਕੀਤੀ ਗਈ। ਹੁਣ, ਤਨਖ਼ਾਹ ਰੋਕਣ ਦੀ ਚੇਤਾਵਨੀ ਤੋਂ ਬਾਅਦ ਡੀਜੀਸੀਏ ਫੌਰਨ ਹਰਕਤ ਵਿੱਚ ਆਈ ਤੇ ਏਅਰਲਾਈਨਜ਼ ਨੂੰ ਅਜਿਹਾ ਨਾ ਕਰਨ ਦੇ ਹੁਕਮ ਜਾਰੀ ਕੀਤੇ।







**ਸਦਾਬਹਾਰ ਚਿਹਰੇ ਅਜਿਹੇ ਹੁੰਦੇ ਨੇ ਜਿਹੜੇ ਦੁਨੀਆਂ ਦੀ ਖੂਬਸੂਰਤੀ ਵਧਾਉਂਦੇ ਨੇ। ਅਸਲ ਵਿਚ ਇਹੀ ਸ਼ੋਖ ਤੇ ਚੰਚਲ ਚਿਹਰੇ ਹੁੰਦੇ ਨੇ ਜਿਹੜੇ ਹਰ ਮਨ ਨੂੰ ਭਾਉਂਦੇ ਨੇ। ਇਹ ਖਿੜੇ-ਖਿੜੇ ਤੇ ਹੰਸੂ-ਹੰਸੂ ਕਰਦੇ ਨੇ। ਇਨ੍ਹਾਂ ਦੀ ਤਕਣੀ ਨਾਲ ਹਰ ਰੂਹ ਨਸ਼ਿਆ ਜਾਂਦੀ ਹੈ। ਵਫ਼ਾ ਦਾ ਮੁੱਲ ਤਾਰਦੇ ਨੇ...**

# ਦੁਨੀਆਂ ਰੰਗ ਬਿਰੰਗੀ



ਨਵਕਿਰਨ


ਇਹ ਦੁਨੀਆਂ ਰੰਗ-ਬਿਰੰਗੇ ਫੁੱਲਾਂ ਰੂਪੀ ਚਿਹਰਿਆਂ ਦਾ ਗੁਲਦਸਤਾ ਹੈ। ਉਨ੍ਹੇ ਕਿਸਮਾਂ ਤੇ ਰੰਗਾਂ ਦੇ ਫੁੱਲ ਨਹੀਂ ਮਿਲਣਗੇ, ਜਿੰਨੇ ਰੰਗਾਂ ਤੇ ਵੰਨਗੀਆਂ ਵਾਲੇ ਚਿਹਰੇ। ਕੁਝ ਮੌਸਮੀ ਚਿਹਰੇ ਹੁੰਦੇ ਨੇ। ਕੁਝ ਸਦਾਬਹਾਰ ਤੇ ਕੁਝ ਸ਼ੋਖ ਤੇ ਚੰਚਲ। ਕੁਝ ਸਜਾਵਟੀ, ਕੁਝ ਗੁਆਚੇ ਜਿਹੇ। ਕੁਝ ਖਿਝੇ ਹੋਏ, ਕੁਝ ਸਿਰਫ਼ ਚੜ੍ਹਦੇ ਸੂਰਜ ਨੂੰ ਸਲਾਮੀ ਕਰਦੇ ਹੀ ਦਿਸਣਗੇ ਤੇ ਸੂਰਜ ਡੁੱਬਣ ’ਤੇ ਉਨ੍ਹਾਂ ਦੇ ਦਰਸ਼ਨ ਮੁਮਕਿਨ ਨਹੀਂ। ਕੁਝ ਛੂਈ-ਮੂਈ ਵਾਂਗ ਹੱਥ ਲਾਇਆ ਪਿਛੋਂ ’ਤੇ ਕੁਮਲਾ ਪਹਿਲਾਂ ਜਾਂਦੇ ਨੇ। ਕੁਝ-ਕੁ ਚਿਹਰਿਆਂ ਨੂੰ ਤਾਂ ਮਾਰਕਾ ਦੇਣਾ ਵੀ ਸੌਖਾ ਨਹੀਂ ਕਿਉਂਕਿ ਉਹ ਰੰਗ ਬਹੁਤ ਵਟਾਉਂਦੇ ਨੇ। ਜਦੋਂ ਉਨ੍ਹਾਂ ਨੂੰ ਲੋੜ ਪਵੇ ਤਾਂ ਇੰਨੇ ਮਿੱਠੇ ਕਿ ਸ਼ਹਿਦ ਵੀ ਫ਼ਿੱਕਾ ਲੱਗਦਾ, ਇੰਨੇ ਨੇੜੇ ਕਿ ਪਰਛਾਵੇਂ ਨੂੰ ਵੀ ਮਾਤ ਪਾਉਂਦੇ ਨੇ ਉਸ ਵੇਲੇ ਤਾਂ ਅਸੀਂ ਇਨ੍ਹਾਂ ਨੂੰ ਸਦਾਬਹਾਰ ਵਾਲੀ ਕਿਸਮ ਮੰਨ ਬੈਠਦੇ ਹਾਂ ਪਰ ਕੰਮ ਨਿਕਲਦਿਆਂ ਹੀ ਇਹ ਇੰਨੇ ਦੂਰ ਹੋ ਜਾਂਦੇ ਨੇ ਕਿ ਅੰਬਰ ਵੀ ਨੇੜੇ ਲੱਗਦਾ ਤੇ ਉਸ ਵੇਲੇ ਇਹ ਅਜਨਬੀ ਚਿਹਰਿਆਂ ਦੀ ਕਿਸਮ ਵਿਚ ਆ ਜਾਂਦੇ ਨੇ। ਸਦਾਬਹਾਰ ਚਿਹਰੇ ਅਜਿਹੇ ਹੁੰਦੇ ਨੇ ਜਿਹੜੇ ਦੁਨੀਆਂ ਦੀ ਅਜੀਬ ਖੂਬਸੂਰਤੀ ਵਧਾਉਂਦੇ ਨੇ। ਅਸਲ ਵਿਚ ਇਹੀ ਸ਼ੋਖ ਤੇ ਚੰਚਲ ਚਿਹਰੇ ਹੁੰਦੇ ਨੇ ਜਿਹੜੇ ਹਰ ਮਨ ਨੂੰ ਭਾਉਂਦੇ ਨੇ। ਇਹ ਖਿੜੇ-ਖਿੜੇ ਤੇ ਹੰਸੂ-ਹੰਸੂ ਕਰਦੇ ਨੇ। ਇਨ੍ਹਾਂ ਦੀ ਤਕਣੀ ਨਾਲ ਹਰ ਰੂਹ ਨਸ਼ਿਆ ਜਾਂਦੀ ਹੈ। ਇਹ ਇਕ ਵਾਰ ਮਦਦ ਲੈਣ ਤੋਂ ਬਾਅਦ ਉਸਨੂੰ ਦਿਲ ਦੀ ਵਹੀ ’ਤੇ ਲਿਖਾ ਛੱਡਦੇ ਨੇ। ਇਹ ਇੰਨੇ ਕਿ ਵਿਸ਼ਵਾਸਪਾਤਰ ਹੁੰਦੇ ਹਨ ਕਿ ਖ਼ੂਨ ਦੇ ਰਿਸ਼ਤਿਆਂ ਵਿਚੋਂ ਨਾ ਹੋਣ ਦੇ ਬਾਵਜੂਦ ਜੇ ਰਿਸ਼ਤੇਦਾਰ ਗਿਣਨ ਲਗੀਏ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਦਾ ਨਾਂ ਹੀ ਬੁੱਲਾਂ ’ਤੇ ਆਉਂਦੈ। ਇਹ ਵਕਤ ਆਉਣ ’ਤੇ ਵਫ਼ਾ ਦਾ ਮੁੱਲ ਸਿਰ ਦੇ ਨਾਲ ਚੁਕਾਉਣ ਨੂੰ ਤਿਆਰ ਰਹਿੰਦੇ ਨੇ। ‘ਵਾਅਦੇ’ ਤੇ ‘ਵਫ਼ਾਦਾਰੀਆਂ’ ਸ਼ਬਦ ਇਨ੍ਹਾਂ ਚਿਹਰਿਆਂ ਦੀ ਹੀ ਪਰਿਭਾਸ਼ਾ ਹੁੰਦੇ ਨੇ। ਕਈ ਐਸੇ ਸਜਾਵਟੀ ’ਤੇ ਜੁਗਤੀ ਚਿਹਰੇ ਵੀ ਹੁੰਦੇ ਨੇ ਕਿ ਕੰਮ ਕਿਸੇ ਦਾ ਡੱਕਾ ਨਹੀਂ ਤੋੜਨਾ ਪਰ ਅਹਿਸਾਨ ਮੁਫ਼ਤ ਦਾ ਹੀ ਜਤਾਈ ਜਾਣਾ। ਬਰਸਾਤ ਤਾਂ ਕੁਦਰਤ ਵਲੋਂ ਹੀ ਹੋ ਜਾਂਦੀ ਹੈ ਪਰ ਭਲੇਖਾ ਇਹ ਪਾਉਣਾ ਕਿ ਦੁਆ ਵਿਚ ਮੈਂ ਹੀ ਸਾਉਣ ਦੀਆਂ ਝੜੀਆਂ ਮੰਗੀਆਂ ਸੀ। ਰਾਹ ਤੁਰਿਆਂ ਜਾਂਦਿਆਂ ਮਿਲ ਤਾਂ ਇਤਫਾਕ ਵਜੋਂ ਹੀ ਪੈਣਗੇ ਤੇ ਪੁੱਛਣ ’ਤੇ ਆਖਣਗੇ ਕਿ ਬੱਸ ਤੁਹਾਡੇ ਹੀ ਦਰਸ਼ਨਾਂ ਨੂੰ ਆ ਰਿਹਾ ਸੀ। ਦਿਲ ਦੀ ਭਾਫ਼ ਆਪਣੀ ਕੱਢ ਜਾਣਗੇ ਪਰ ਜਾਂਦੇ ਹੋਏ ਕਹਿਣਗੇ ਕਿ ਚਲੋਂ ਤੁਹਾਡੇ ਦੁੱਖ-ਸੁੱਖ ਵੰਡਾ ਚੱਲੇ। ਅੰਦਰੋਂ ਕਿਸੇ ਦੀ ਵੀ ਨਹੀਂ ਪਰ ਬਾਹਰੋਂ ਸਭ ਦੇ ਮਿੱਤਰ। ਕਦੇ-ਕਦੇ ਤੁਹਾਡਾ ਵਾਹ ਅਜਿਹੇ ਚਿਹਰਿਆਂ ਨਾਲ ਵੀ ਪੈ ਸਕਦਾ ਹੈ ਜਿਨ੍ਹਾਂ ਕਰਕੇ ਦੁਨੀਆਂ ਰੂਪੀ ਇਹ ਗੁਲਦਸਤਾ ਭੁਰ ਚੁੱਕਾ ਲੱਗਣ ਲੱਗ ਪੈਂਦੇ। ਇਨ੍ਹਾਂ ਨੂੰ ਨਾ-ਸ਼ੁਕਰੇ ਜਾਂ ਫ਼ਿਰ ਆਕੜਖੋਰ ਕਿਹਾ ਜਾਂਦਾ।

ਇਹ ਸ਼ਖ਼ਸ ਅਜਿਹੇ ਹੁੰਦੇ ਨੇ ਜਿਨ੍ਹਾਂ ਨੂੰ ਧੰਨਵਾਦ ਸ਼ਬਦ ਕਹਿਣਾ ਹੀ ਨਹੀਂ ਆਉਂਦਾ। ਆਪ ਕਿਸੇ ਦੇ ਕੰਮ ਆਉਂਦੇ ਨਹੀਂ ਤੇ ਕਿਸੇ ਦੇ ਕੀਤੇ ਦੀ ਕਦਰ ਪਾਉਂਦੇ ਨਹੀਂ। ਇਸ ਤੋਂ ਉਲਟ ਕਈ ਵਾਰ ਅਜਿਹੇ ਸ਼ਖ਼ਸ ਵੀ ਮਿਲਦੇ ਨੇ ਜਿਹੜੇ ਸ਼ਬਦਾਂ ਦੀ ਜਾਦੂਗਰੀ ਵਿਚ ਮਾਹਿਰ ਹੁੰਦੇ ਨੇ। ਗੱਲੀਂ ਬਾਤੀਂ ਸਾਰੀ ਦੁਨੀਆਂ ਤੁਹਾਡੇ ਤੋਂ ਵਾਰ ਦੇਣਗੇ। ਮੱਖਣ ਵਰਗੇ ਮੁਲਾਇਮ ਸ਼ਬਦਾਂ ਦਾ ਅਜਿਹਾ ਜਾਲ ਬੁਣਦੇ ਨੇ ਕਿ ਸਾਹਮਣੇ ਵਾਲਾ ਆਪਣੇ-ਆਪ ਨੂੰ ਧਰਮਰਾਜ ਦੀ ਸਕੀਰੀ ਵਿਚੋਂ ਮੰਨ ਬੈਠਦਾ ਹੈ। ਬਸ ਉਸ ਤੋਂ ਬਾਅਦ ਹੀ ਸ਼ੁਰੂ ਕਰਦੇ ਨੇ ਇਹ ਆਪਣੇ ਕੰਮ ਦੀਆਂ ਕਰਮਾਤਾਂ। ਜਦੋਂ ਤੁਹਾਨੂੰ ਸਭ ਕਾਸੇ ਦੀ ਸਮਝ ਆਵੇਗੀ, ਉਦੋਂ



ਨੂੰ ਇਹ ਤੁਹਾਡੇ ਦਰਾਂ ਨੂੰ ਅਲਵਿਦਾ ਕਹਿ ਚੁੱਕੇ ਹੋਣਗੇ। ਕਈ ਵਾਰ ਕੁਝ ਖਿਝੇ-ਖਿਝੇ ਤੇ ਰੁਸੇ ਜਿਹੇ, ਬਸ ਭਰੇ ਪੀਤੇ ਜਿਹੇ ਦਿਸਣ ਵਾਲੇ ਚਿਹਰੇ ਵੀ ਮੱਥੇ ਲੱਗਦੇ ਨੇ। ਇਨ੍ਹਾਂ ਨੂੰ ਬਹੁਤਾ ਕਹਿਣ ਦੀ ਲੋੜ ਨਹੀਂ ਪੈਂਦੀ ਜ਼ਰਾ ਕਿ ਨਜ਼ਰ ਭਰ ਕੇ ਤੱਕਿਆਂ ਹੀ ਫ਼ਿਸ ਪੈਂਦੇ ਨੇ। ਇਨ੍ਹਾਂ ਨੂੰ ਹਰ ਵਕਤ ਕਿਸੇ ਨਾ ਕਿਸੇ ਨਾਲ ਸ਼ਿਕਾਇਤ ਹੀ ਰਹਿੰਦੀ ਹੈ। ਪਰ ਇਹ ਕਈ ਜ਼ਹਿਰੀ ਨਾਗਾਂ ਵਰਗੇ ਚਿਹਰਿਆਂ ਤੋਂ ਚੰਗੇ ਹੰਦੇ ਨੇ। ਇਹ ਰੋ- ਧੋ ਕੇ ਸਾਰ ਲੈਂਦੇ ਨੇ ਪਰ ਜਿਹੜਾ ਜ਼ਹਿਰੀਲੇ ਨਾਗਾਂ ਨੇੜੇ ਢੁਕਦੈ, ਉਹ ਡੰਗ ਖਾਕੇ ਹੀ ਮੁੜਦੈ। ਕੁਝ ਵਿਚਾਰੇ ਗੁਆਚੇ-ਗੁਆਚੇ ਤੇ ਖੋਏ-ਖੋਏ ਜਿਹੇ ਚਿਹਰੇ ਵੀ ਹੁੰਦੇ ਨੇ। ਜਿਨ੍ਹਾਂ ਨੂੰ ਕਿਸੇ ਦੇ ਆਉਣ ਜਾਣ ਜਾਂ ਵਿਛੜਨ-ਮਿਲਣ ਦੀ ਕੋਈ ਸਾਰ ਨਹੀਂ ਹੁੰਦੀ। ਇਹ ਕਿਧਰੇ ਮਹਿਫ਼ਲ ਵਿਚ ਬੈਠਿਆਂ ਹੋਇਆਂ ਵੀ ਗੈਰਹਾ ਜ਼ਰ ਜਿਹੇ ਰਹਿੰਦੇ ਨੇ। ਕਿਸੇ ਵੇਲੇ ਸ਼ੱਕੀ ਕਿਸਮ ਦੇ ਚਿਹਰੇ ਵੀ ਮਿਲਦੇ ਨੇ, ਜਿਹੜੇ ਹਰ ਵਕਤ ਜ਼ੁਬਾਨ ’ਤੇ ਪ੍ਰਸ਼ਨ ਚਿੰਨ੍ਹ ਵਾਲਾ ਕੁੰਡਾ ਹੀ ਲਟਕਾਈ ਰੱਖਦੇ ਨੇ। ਉਨ੍ਹਾਂ ਨੂੰ ਸੂਰਜ ਦੇ ਚੜ੍ਹਨ ਤੇ ਡੁਬਣ ਵਿਚ ਫ਼ਰੇਬ ਨਜ਼ਰ ਆਉਂਦੈ, ਪੁੰਨਿਆਂ ਦਾ ਚੰਨ ਵੀ ਕੁਝ ਲੁਕਾਉਂਦਾ ਜਿਹਾ ਲੱਗਦੈ ਤੇ ਵੱਗਦੀਆਂ ਹਵਾਵਾਂ ਵੀ ਘੁਸਰ-ਮੁਸਰ ਜਿਹੀ ਕਰਦੀਆਂ ਲੱਗਦੀਆਂ ਨੇ। ਕਦੇ-ਕਦੇ ਏਦਾਂ ਵੀ ਹੁੰਦੈ ਕਿ ਕੁਝ ਮਿਥੇ ਸਮੇਂ ’ਤੇ ਕੁਝ ਚਿਹਰੇ ਅਸੀਂ ਰੋਜ਼ ਦੇਖਦੇ ਹਾਂ। ਜਦੋਂ ਕਿ ਇਨ੍ਹਾਂ ਨਾਲ ਕੋਈ ਬੋਲ-ਚਾਲ ਸਾਂਝ ਨਹੀਂ ਹੁੰਦੀ ਪਰ ਇਨ੍ਹਾਂ ਦੀ ਝਲਕ ਦੇਖਣੀ ਸਾਡੀ ਆਦਤ ਜਿਹੀ ਬਣ ਜਾਂਦੀ ਹੈ। ਜਦੋਂ ਇਹ ਨਾ ਦਿਸਣ, ਉਦੋਂ ਫਿਕਰ ਜਿਹਾ ਲੱਗ ਜਾਂਦੈ ਜਿਵੇਂ ਕੋਈ ਸਾਡੇ ਬਹੁਤ ਕਰੀਬੀ ਹੋਣ। ਹੋ ਸਕਦਾ ਕਿ ਇਹ ਕਦੇ ਕੰਮ ਨਾ ਵੀ ਆਉਣ ਪਰ ਐਵੇਂ ਹੀ ਆਸਰੇ ਜਿਹੇ ਲੱਗਦੇ ਨੇ। ਕੁਝ ਅਣਭੋਲ ਤੇ ਮਾਸੂਮ ਜਿਹੇ ਹੁੰਦੇ ਨੇ। ਇਨ੍ਹਾਂ ਨੂੰ ਵਲਫੇਰ ਤੇ ਚੁਸਤੀ-ਚਲਾਕੀ ਬਾਰੇ ਕੋਈ ਇਲਮ ਨਹੀਂ ਹੁੰਦਾ। ਜਿਵੇਂ ਢਾਲ ਲਵੋ, ਉਵੇਂ ਹੀ ਨਿੱਖਰ ਆਉਂਦੇ ਨੇ। ਆਮ ਕਰਕੇ ਇਹ ਚਿਹਰੇ ਨਿੱਕੀ-ਉਮਰ ਦੇ ਹੀ ਮਿਲਦੇ ਨੇ। ਕੁਝ ਸ਼ਾਂਤ-ਚਿਤ ਜਿਹੇ ਪਰ ਸਮੁੰਦਰ ਵਾਂਗ ਡੂੰਘੇ, ਧਰਤੀ ਵਾਂਗ ਨਿਮਰ ਰੱਖਾਂ ਵਾਂਗ ਅਡੋਲ ਹੁੰਦੇ ਨੇ। ਇਨ੍ਹਾਂ ਨਾਲ ਮੁਲਾਕਾਤ ਜ਼ਿੰਦਗੀ ਦੇ ਅਗਲੇ ਵਰਕਿਆਂ ਨੂੰ ਸਜਾਉਣ ਵਿਚ ਮਦਦ ਕਰਦੀ ਹੈ ਕਿਉਂਕਿ ਇਹ ਆਪਣੇ ਤਜਰਬੇ ਸਹਿਜੇ ਹੀ ਤੁਹਾਡੇ ਰੂਬਰੂ ਕਰਦੇ ਨੇ। ਵਧੇਰੇ ਕਰਕੇ ਇਹ ਵੱਡੀ ਉਮਰ ਦੇ ਚਿਹਰੇ ਹੁੰਦੇ ਨੇ। ਇਹ ਤੁਹਾਡੇ ਹਾਣ ਦੇ ਨਾ ਵੀ ਹੋਣ ਤਾਂ ਵੀ ਤੁਹਾਡੇ ਮੇਚ ਦੀਆਂ ਗੱਲਾਂ ਕਰਕੇ ਤੁਹਾਨੂੰ ਸੁਚਾਰੂ ਸੇਧ ਦੇਣਗੇ। ਜਿਵੇਂ ਕਿ ਆਪਾਂ ਪਹਿਲਾਂ ਹੀ ਇਹ ਗੱਲ ਸਾਂਝੀ ਕਰ ਚੁੱਕੇ ਹਾਂ ਕਿ ਵੰਨਗੀਆਂ ਇੰਨੀਆਂ ਨੇ ਕਿ ਜਿੰਨੀਆਂ ਗਿਣ ਲਓ, ਉਨੀਆਂ ਹੀ ਥੋੜ੍ਹੀਆਂ। ਖੈਰ ਹਰ ਚਿਹਰੇ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਜੇਕਰ ਕੌੜੇ ਦਾ ਸਵਾਦ ਨਾ ਚੱਖਿਆ ਹੋਵੇ ਤਾਂ ਕਿਸੇ ਨੂੰ ਮਿੱਠਾ ਕਹਿ ਹੀ ਨਹੀਂ ਸਕਦੇ। ਕਈਆਂ ਤੋਂ ਅਸੀਂ ਉਨ੍ਹਾਂ ਵਰਗੇ ਨਾ ਬਣਨ ਦਾ ਫ਼ੈਸਲਾ ਕਰਦੇ ਹਾਂ। ਸਾਡਾ ਆਲਾਦ ਆਲਾ ਹੀ ਵੰਨ-ਸੁੰਵਨੇ ਕਲਾਕਾਰ ਸਿਰਜਦਾ ਹੈ। ਆਲੇ-ਦੁਆਲੇ ਤੋਂ ਸਿੱਖ ਕੇ, ਇਸੇ ਜ਼ਿੰਦਗੀ ਰੂਪੀ ਸਟੇਜ ਉਤੇ ਇਸੇ ਦੁਨੀਆਂ ਵਿਚ ਕਰਨੀ ਹੈ। ਸੋ ਸਮੇਂ ’ਤੇ ਅਭਿਆਸ ਨਾਲ ਹੀ ਵਧੀਆ ਤੇ ਤਜਰਬੇਕਾਰ ਅਦਾਕਾਰੀ ਪੇਸ਼ ਕੀਤੀ ਜਾ ਸਕਦੀ ਹੈ।





# ਭਾਰਤ ਵਿਚ ਇੱਕ ਰਾਸ਼ਟਰ, ਚੋਣਾਂ ਦਾ ਇੱਕ ਮੁੱਦਾ

(ਸਫਾ ਇੱਕ ਦੀ ਬਾਕੀ) ਭਾਵੇਂ ਕਿ ਭਾਜਪਾ ਦੇ ਉੱਚ ਨੇਤਾਵਾਂ ਨੇ ਇਹ ਸਾਫ ਕੀਤਾ ਹੈ ਕਿ ਭਾਜਪਾ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਨਹੀਂ ਕਰਵਾਏਗੀ, ਇਸ ਲਈ ਸਮੇਂ ਤੋਂ ਪਹਿਲਾਂ ਲੋਕ ਸਭਾ ਚੋਣਾਂ ਕਰਾਏ ਜਾਣ ਦੀ ਕੋਈ ਆਸ ਨਹੀਂ ਹੈ। ਕਿਉਂਕਿ ਭਾਜਪਾ ਜਾਣਦੀ ਹੈ ਕਿ 2004 ਵਿੱਚ ਸਮੇਂ ਤੋਂ ਪਹਿਲਾਂ ਐਨ ਡੀ ਏ ਵਲੋਂ ਚੋਣਾਂ ਕਰਾਉਣ ਸਮੇਂ ਉਸਦੇ ਹੱਥ-ਪੱਲੇ ਕੁਝ ਨਹੀਂ ਸੀ ਪਿਆ, ਸਗੋਂ ਹਾਰ ਦਾ ਮੂੰਹ ਵੇਖਣਾ ਪਿਆ ਸੀ। ਇਹੋ ਜਿਹੇ ਹਾਲਤਾਂ ਵਿੱਚ ਲੋਕ ਸਭਾ ਚੋਣਾਂ ਦੇ ਨਾਲ ਰਾਜਸਥਾਨ, ਮੱਧਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਚੋਣਾਂ ਕਰਾਉਣ ਦਾ ਇੱਕ ਮਾਤਰ ਰਸਤਾ ਹੈ, ਜੋ ਉਦੋਂ ਤੱਕ ਸੰਭਵ ਨਹੀਂ ਹੈ, ਜਦੋਂ ਤੱਕ ਇਹਨਾ ਰਾਜਾਂ ਦੇ ਮੁਖਮੰਤਰੀ ਆਪਣੀ ਇੱਛਾ ਅਨੁਸਾਰ ਸਮੇਂ ਤੋਂ ਪਹਿਲਾ ਅਸਤੀਫਾ ਦੇ ਦੇਣ ਅਤੇ ਇਹਨਾ ਰਾਜਾਂ ਵਿੱਚ ਰਾਸ਼ਟਰਪਤੀ ਦਾ ਰਾਜ ਛੇ ਮਹੀਨਿਆਂ ਲਈ ਲਗਾ ਦਿੱਤਾ ਜਾਏ। ਇਹਨਾ ਰਾਜਾਂ ਵਿੱਚ ਨਵੰਬਰ, ਦਸੰਬਰ 2013 ਵਿੱਚ ਚੋਣਾਂ ਹੋਈਆਂ ਸਨ। ਜੋ ਹੁਣ 2018 'ਚ ਨਵੰਬਰ ਦਸੰਬਰ 'ਚ ਹੋਣੀਆਂ ਹਨ ਅਤੇ ਦੇਸ਼ ਦੀ ਲੋਕ ਸਭਾ ਚੋਣ ਅਪ੍ਰੈਲ, ਮਈ 2019 'ਚ ਹੋਣ ਵਾਲੀ ਹੈ। ਦੇਸ਼ ਦੀ ਹਾਕਮ ਜਮਾਤ ਇਸ ਵੇਲੇ ਇਸ ਮੌਕੇ ਦੀ ਭਾਲ ਵਿੱਚ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਣ, ਇਸ ਪਿੱਛੇ ਉਸ ਵਲੋਂ ਤਰਕ ਤਾਂ ਇਹ ਦਿੱਤਾ ਜਾ ਰਿਹਾ ਹੈ ਕਿ ਖਰਚ ਘਟਣਗੇ। ਚੋਣ ਜਾਬਤਾ ਵਾਰ-ਵਾਰ ਨਹੀਂ ਲਗਾਉਣਾ ਪਏਗਾ। ਚੋਣਾਂ ਵੇਲੇ ਸੁਰੱਖਿਆ ਦਾ ਖਰਚਾ ਘਟੇਗਾ ਅਤੇ ਨੇਤਾਵਾਂ ਨੂੰ ਲੋਕ ਸੇਵਾ ਦਾ ਵੱਧ ਮੌਕਾ ਮਿਲੇਗਾ, ਕਿਉਂਕਿ ਚੋਣਾਂ ਕਾਰਨ ਉਹ ਵੋਟ ਇੱਕਠੀਆਂ ਕਰਨ 'ਚ ਹੀ ਰੁਝੇ ਰਹਿੰਦੇ ਹਨ। ਪਰ ਅਸਲ ਵਿੱਚ ਸੂਬਾ ਕਰਨਾਟਕ ਵਿਚਲੀ ਭਾਜਪਾ ਨੂੰ ਮਿਲੀ ਹਾਰ ਅਤੇ ਹੋਰ ਭਾਜਪਾ ਸਾਸ਼ਤ ਸੂਬਿਆਂ 'ਚ ਕੁਸਾਸ਼ਨ ਮਹਿੰਗਾਈ, ਤੇਲ ਕੀਮਤਾਂ 'ਚ ਵਾਧੇ, ਨੋਟਬੰਦੀ, ਜੀ ਐਸ ਟੀ, ਰੁਪਏ ਦੀ ਕੀਮਤ ਦਾ ਨਿੱਤ ਡਿਗਣਾ ਉਸਦੀ ਵੱਡੀ ਚਿੰਤਾ ਹੈ, ਜਿਸਨੂੰ ਉਹ ਪ੍ਰਧਾਨ ਮੰਤਰੀ ਦੀ ਕਥਿਤ ਹਰਮਨ ਪਿਆਰਤਾ ਨਾਲ ਭੁਨਾਉਣਾ ਚਾਹੁੰਦੀ ਹੈ। ਚੋਣਾਂ ਤਾਂ ਲੋਕਤੰਤਰ ਦਾ ਸੁਭਾਵਿਕ ਹਿੱਸਾ ਹੋਣੀਆਂ ਚਾਹੀਦੀਆਂ ਹਨ। ਪਰ ਦੇਸ਼ ਵਿੱਚ ਤਾਂ ਇਹ ਇੱਕ ਆਫਤ ਵਾਂਗਰ ਆਉਂਦੀਆਂ ਹਨ। ਲੋਕਾਂ ਦੇ ਮਨਾਂ ਦਾ ਚੈਨ ਗੁਆਚ ਜਾਂਦਾ ਹੈ, ਰਾਹ ਜਾਂਦੀਆਂ ਮੁਸੀਬਤਾਂ ਉਸਦੇ ਗਲ ਪੈ ਜਾਂਦੀਆਂ ਹਨ, ਖਰਚੇ ਕਾਰਨ ਟੈਕਸਾਂ ਦਾ ਬੋਝ ਉਸ ਉਤੇ ਵੱਧ ਜਾਂਦਾ ਜਾਂਦਾ ਹੈ, ਧਰਮ, ਫਿਰਕੇ ਦੇ ਨਾਮ ਉਤੇ ਤ੍ਰੇੜਾਂ ਦਰਾੜਾਂ ਬਣ ਜਾਂਦੀਆਂ ਹਨ ਅਤੇ ਉਹਦਾ ਸੁਭਾਵਿਕ ਜੀਵਨ ਕਸ਼ਟ ਵਾਲਾ ਹੋ ਨਿਬੜਦਾ ਹੈ। ਕਿਉਂਕਿ ਚੋਣਾਂ ਨੂੰ ਇੱਕ ਇਹੋ ਜਿਹੀ ਘਟਨਾ ਦੇ ਰੂਪ ਵਿੱਚ ਨਹੀਂ ਦੇਖਿਆ ਜਾਂਦਾ, ਜੋ ਆਉਂਦੀ ਹੈ ਅਤੇ ਚਲੀ ਜਾਂਦੀ ਹੈ। ਅੱਜ ਇੱਕ ਪਾਰਟੀ ਸੱਤਾ ਵਿੱਚ ਹੈ ਕੱਲ ਸੱਤਾ ਤੋਂ ਬਾਹਰ ਹੋ ਸਕਦੀ ਹੈ। ਅਤੇ ਮੁੜ ਸੱਤਾ ਵਿੱਚ ਆ ਸਕਦੀ ਹੈ। ਪਰ ਅੱਜਕੱਲ ਦਾ ਚੋਣਾਂ ਮਰਨ-ਮਾਰਨ ਦਾ ਮੁੱਦਾ ਬਣ ਚੁੱਕੀਆਂ ਹਨ, ਇਵੇਂ ਲੱਗਦਾ ਹੈ ਕਿ ਦੇਸ਼ ਵਿੱਚ ਨੇਤਾ ਲੋਕ ਚੋਣਾਂ ਜਿੱਤਣ ਤੋਂ ਬਿਨ੍ਹਾਂ ਹੋਰ ਕੋਈ ਕੰਮ ਹੀ ਨਹੀਂ ਕਰਦੇ। ਨੇਤਾ ਲੋਕ ਤਾਂ ਅਸਲ ਵਿੱਚ ਇਹ ਭੁੱਲ ਹੀ ਚੁੱਕੇ ਹਨ ਕਿ ਨੇਤਾ ਦਾ ਕੰਮ ਸਿਰਫ ਚੋਣ ਲੜਨਾ, ਤੇ ਜਿੱਤਣਾ ਹੀ ਨਹੀਂ ਹੈ, ਉਸ ਦੀ ਭੂਮਿਕਾ ਤਾਂ ਬਹੁਤ ਵੱਡੀ ਹੈ। ਪਰ ਅੱਜ ਤਾਂ ਨੇਤਾ ਚੋਣਾਂ ਨੂੰ ਹੀ ਪ੍ਰਮੁੱਖਤਾ ਦਿੰਦੇ ਹਨ। ਕਿੱਡੀ ਵਿਡੰਬਨਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪਾਰਟੀ ਦੇ ਪ੍ਰਮੁੱਖ ਪ੍ਰਚਾਰਕ ਵਜੋਂ ਕੰਮ ਕਰਨਾ ਪੈਂਦਾ ਹੈ ਅਤੇ ਕਦੀ ਕਦੀ ਤਾਂ ਸਥਿਤੀ ਇਹ ਹੋ ਜਾਂਦੀ ਹੈ ਕਿ ਕੇਵਲ ਤੇ ਕੇਵਲ ਉਹ ਹੀ ਅਸਲੀ ਚੋਣ ਪ੍ਰਚਾਰਕ ਰਹਿ ਜਾਂਦਾ ਹੈ ਜਿਵੇਂ ਕਿ ਹੁਣ ਹੈ। ਭਾਜਪਾ ਦੇ ਉਪਰਲੇ ਨੇਤਾਵਾਂ ਨੇ ਇਹ ਸੰਕੇਤ ਦਿੱਤੇ ਸਨ ਕਿ ਜੇਕਰ ਉਹ 2019 ਦੀਆਂ ਲੋਕ ਸਭਾ ਚੋਣਾਂ 'ਚ ਮੁੜ ਜੇਤੂ ਰਹਿੰਦੇ ਹਨ ਤਾਂ ਉਹ ਇੱਕ ਰਾਸ਼ਟਰ-ਇੱਕ ਚੋਣ ਦੇ ਵਿਚਾਰ ਨੂੰ ਅਮਲੀ ਰੂਪ ਦੇਣ ਦੀ ਦਿਸ਼ਾਂ 'ਚ ਕੰਮ ਕਰਨਗੇ। ਪਰ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ 'ਚ ਭਾਜਪਾ ਦੀਆਂ ਹਾਰ ਦੀਆਂ ਸੰਭਾਵਨਾਵਾਂ ਨੂੰ ਵੇਖਦੇ ਹੋਏ ਇਹ ਚਰਚਾ ਸੁਨਣ ਨੂੰ ਮਿਲਦੀ ਹੈ ਕਿ 2019 ਵਿੱਚ ਲੋਕ ਸਭਾ ਚੋਣਾਂ ਦੇ ਨਾਲ ਨਾਲ 11 ਰਾਜਾਂ ਵਿੱਚ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ, ਜਿਹਨਾ ਵਿੱਚ ਰਾਜਸਥਾਨ, ਮੱਧਪ੍ਰਦੇਸ਼, ਛੱਤੀਸਗੜ੍ਹ ਰਾਜ ਵੀ ਸ਼ਾਮਲ ਹੋਣਗੇ ਤਾਂ ਕਿ ਮੋਦੀ ਦੇ ਵਿਅਕਤੀਤਵ ਅਤੇ ਹਰਮਨਪਿਆਰਤਾ ਨਾਲ ਇਹਨਾ ਸੂਬਿਆਂ 'ਚ ਪੈਦਾ ਹੋਏ ਸੱਤਾ ਵਿਰੋਧੀ ਰੁਝਾਨ ਨੂੰ ਰੋਕਿਆ ਜਾ ਸਕੇ। ਪਰ ਇੱਕ ਰਾਸ਼ਟਰ-ਇੱਕ ਚੋਣ ਦੇ ਪ੍ਰਸਤਾਵ ਦਾ ਵਿਆਪਕ ਵਿਰੋਧ ਹੋ ਰਿਹਾ ਹੈ। ਜੇਕਰ ਇਸ ਕਿਸਮ ਦਾ ਪ੍ਰਸਤਾਵ ਪਾਸ ਕਰਵਾਉਣਾ ਹੈ ਤਾਂ ਇਹ ਸੰਸਦ ਦੇ ਦੋਹਾਂ ਸਦਨਾ ਵਿੱਚ ਪਾਸ ਕਰਾਉਣਾ ਪਵੇਗਾ। ਲੋਕ ਸਭਾ ਵਿੱਚ ਤਾਂ ਐਨ ਡੀ ਏ ਕੋਲ ਬਹੁਮਤ ਹੈ ਪਰ ਰਾਜ ਸਭਾ ਵਿੱਚ ਦੋ ਤਿਹਾਈ ਬਹੁਮਤ ਲਈ ਉਸਨੂੰ ਕਰੜੀ ਮਿਹਨਤ ਕਰਨੀ ਪਵੇਗੀ। ਸਮਾਜਵਾਦੀ ਪਾਰਟੀ ਅਤੇ ਤਿਲੰਗਾਣਾ ਰਾਸ਼ਟਰ ਸੰਮਤੀ ਇੱਕ ਰਾਸ਼ਟਰ ਇੱਕ ਚੋਣ ਦੇ ਹੱਕ ਵਿੱਚ ਹੈ। ਪਰ ਇਹ ਸੰਭਵ ਨਹੀਂ ਲੱਗਦਾ ਕਿ ਇਹਨਾ ਚੋਣਾਂ ਤੋਂ ਪਹਿਲਾਂ ਇਹ ਪ੍ਰਸਤਾਵ ਪਾਸ ਹੋ ਸਕੇ।

# ਟਰੰਪ ਪ੍ਰਸ਼ਾਸ਼ਨ ਦੇ ਨਵੇਂ ਐਲਾਨ ਕਰਕੇ ਅਮਰੀਕਾ 'ਚ ਗਰੀਨ ਕਾਰਡ ਹਾਸਲ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਝਟਕਾ




'ਜੇ ਮੈਂ ਆਪਣਾ ਕੰਮ ਕਰਨ ਦਾ ਅਧਿਕਾਰ ਗੁਆ ਦਿੰਦੀ ਹਾਂ ਤਾਂ ਮੈਨੂੰ ਆਪਣਾ ਭਵਿੱਖ ਕੋਈ ਸਕਾਰਾਤਮਕ ਤੇ ਖ਼ੁਸ਼ਹਾਲ ਕੰਮ ਨਜ਼ਰ ਨਹੀਂ ਆਉਂਦਾ।"

**ਕੀ ਹੈ H-4**

2015 ਵਿੱਚ ਓਬਾਮਾ ਪ੍ਰਸ਼ਾਸਨ ਸਮੇਂ ਲਾਗੂ ਹੋਇਆ 8-4 514 ਨਿਯਮ ਦਾ ਮਕਸਦ ਅਮਰੀਕਾ 'ਚ ਕੰਮ ਕਰਦੇ ਹੁਨਰਮੰਦ ਵਿਦੇਸ਼ੀ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ 'ਗ੍ਰੀਨ ਕਾਰਡ' ਪ੍ਰਕਿਰਿਆ ਦੇ ਦੌਰ ਤੋਂ ਗੁਜ਼ਰਦੇ ਸਮੇਂ ਸਵੈ-ਨਿਰਭਰਤਾ ਮੁਹੱਈਆ ਕਰਵਾਉਣੀ ਅਤੇ ਉਨ੍ਹਾਂ ਨੂੰ ਸੰਭਾਲਣਾ ਸੀ।

ਰੁਜ਼ਗਾਰ ਅਧਿਕਾਰ ਦਸਤਾਵੇਜ ਜਾਂ 514 ਕਾਰਡ ਨੂੰ ਬਹੁਤਾ ਵਰਕ ਪਰਮਿਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ।514 ਕਾਰਡ ਯੂਨਾਈਟਿਡ ਸਟੇਟਸ ਸਿਟਿਜਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਜ਼ (USCIS) ਵੱਲੋਂ ਜਾਰੀ ਕੀਤਾ ਜਾਂਦਾ ਹੈ, ਜਿਸ ਨਾਲ ਅਮਰੀਕਾ 'ਚ ਗ਼ੈਰ-ਨਾਗਰਿਕਾਂ ਨੂੰ ਆਰਜ਼ੀ ਤੌਰ 'ਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ।"ਗ੍ਰੀਨ ਕਾਰਡ" ਨੂੰ ਅਧਿਕਾਰਤ ਤੌਰ 'ਤੇ ਪਰਮਾਨੈਂਟ ਰੈਜ਼ੀਡੈਂਟ ਕਾਰਡ (ਪੱਕੇ ਵਸਨੀਕ) ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਜਿਸ ਨਾਲ ਤੁਹਾਨੂੰ ਅਮਰੀਕਾ ਵਿੱਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਮਿਲ ਜਾਂਦੀ ਹੈ।

ਯੂਨਾਈਟਿਡ ਸਟੇਟਸ ਸਿਟਿਜਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਜ਼ (USCIS) ਦੀ ਡਾਇਰੈਕਟਰ ਫਰਾਂਸਿਸ ਸਿਸਨਾ ਨੇ ਸੈਨੇਟਰ ਗਰਾਸਲੇਅ ਨੂੰ ਇੱਕ ਪੱਤਰ 'ਚ ਲਿਖਿਆ ਹੈ, "ਸਾਡੀਆਂ ਯੋਜਨਾਵਾਂ ਵਿੱਚ 8-4 ਤਹਿਤ ਨਿਰਭਰ ਜੀਵਨਸਾਥੀਆਂ ਨੂੰ ਰੁਜ਼ਗਾਰ ਅਧਿਕਾਰ ਲਈ ਯੋਗ ਸ਼੍ਰੇਣੀ ਤੋਂ ਹਟਾਉਣ ਲਈ ਰੈਗੂਲੇਟਰੀ ਤਬਦੀਲੀਆਂ ਦਾ ਪ੍ਰਸਤਾਵ ਕਰਨਾ ਸ਼ਾਮਲ ਹੈ, ਜਿਸ ਨਾਲ 2015 ਦੇ ਅੰਤਮ ਨਿਯਮ ਵਿੱਚ ਬਦਲਾਅ ਸ਼ਾਮਿਲ ਹਨ।"

ਓਬਾਮਾ ਪ੍ਰਸ਼ਾਸਨ ਸਮੇਂ ਲਏ ਗਏ ਇਸ ਫ਼ੈਸਲੇ ਨੂੰ ਖ਼ਤਮ ਕਰਨ ਦੇ ਕਦਮ ਨਾਲ 70 ਹਜ਼ਾਰ ਤੋਂ ਵੱਧ ਉਨ੍ਹਾਂ 8-4 ਵੀਜ਼ਾ ਧਾਰਕਾਂ 'ਤੇ ਇਸ ਦਾ ਅਸਰ ਪਵੇਗਾ, ਜਿਨ੍ਹਾਂ ਕੋਲ ਵਰਕ ਪਰਮਿਟ ਹਨ।H-4 ਵੀਜ਼ਾ H-12 ਵੀਜ਼ਾ ਧਾਰਕਾਂ ਦੇ ਜੀਵਨਸਾਥੀ ਨੂੰ ਜਾਰੀ ਹੁੰਦਾ ਹੈ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ (ਤਕਰੀਬਨ 93 ਫੀਸਦੀ) ਹੁਨਰਮੰਦ ਉਨ੍ਹਾਂ ਔਰਤਾਂ ਦੀ ਹੈ, ਜਿਹੜੀਆਂ ਭਾਰਤ ਤੋਂ ਹਨ।ਟਰੰਪ ਪ੍ਰਸ਼ਾਸਨ ਨੇ ਚੋਣ ਪ੍ਰਚਾਰ ਦੇ ਆਖਰੀ ਪੜਾਅ ਦੌਰਾਨ ਐਲਾਨ ਕੀਤਾ ਸੀ ਕਿ ਉਹ ਅਮਰੀਕਾ 'ਚ ਹੁਨਰਮੰਦ ਕਾਮਿਆਂ ਦੇ ਦਾਖਲੇ ਲਈ ਓਬਾਮਾ ਪ੍ਰਸ਼ਾਸਨ ਸਮੇਂ ਜਾਰੀ ਹੋਏ 81-2 ਵੀਜ਼ਾ ਨੂੰ ਖ਼ਤਮ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਇਹ ਬਦਲਾਅ ਜੂਨ ਮਹੀਨੇ 'ਚ ਆਉਣ ਦੀ ਸੰਭਾਵਨਾ ਹੈ, ਜਿਸ ਦਾ ਸਿੱਧਾ ਮਤਲਬ ਇਹ ਹੈ ਕਿ ਹਜ਼ਾਰਾਂ ਭਾਰਤੀ ਔਰਤਾਂ ਜਿਹੜੀਆਂ ਆਪਣੇ ਪਤੀ ਕਰਕੇ ਅਮਰੀਕਾ ਆਈਆਂ ਸਨ, ਉਨ੍ਹਾਂ ਨੂੰ ਆਪਣੀ ਨੌਕਰੀ ਛੱਡਣੀ ਪਵੇਗੀ, ਇਨ੍ਹਾਂ ਵਿੱਚੋਂ ਬਹੁਤੀਆਂ ਔਰਤਾਂ ਬੇਹੱਦ ਪੜ੍ਹੀਆਂ ਲਿਖੀਆਂ ਤੇ ਕੰਮ ਕਰਨ ਵਾਲੀਆਂ ਹਨ।ਚੋਣਾਂ ਸਮੇਂ ਪ੍ਰਚਾਰ ਦੌਰਾਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਡੌਨਲਡ ਟਰੰਪ ਨੇ ਆਪਣੇ ਵੋਟਰਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਅਮਰੀਕੀ ਲੋਕਾਂ ਦੀਆਂ ਨੌਕਰੀਆਂ ਬਚਾਉਣ ਲਈ ਇਮੀਗ੍ਰੇਸ਼ਨ ਬਾਬਤ ਕਦਮ ਚੁੱਕਣਗੇ।ਦਿੱਲੀ ਦੀ ਪ੍ਰਿਆ ਵਾਂਗ ਰੇਣੂਕਾ ਸਿਵਰਾਜਨ ਵੀ ਅਜਿਹੀ ਹੀ ਇੱਕ ਭਾਰਤੀ ਔਰਤ ਹੈ, ਜਿਹੜੀ ਮੁੰਬਈ ਤੋਂ ਹੈ ਅਤੇ ਉਸ 'ਤੇ ਵੀ ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਦਾ ਅਸਰ ਪਿਆ ਹੈ।

**ਮੁੰਬਈ ਦੀ ਰੇਣੂਕਾ ਦੀ ਕਹਾਣੀ**

ਰੇਣੂਕਾ 2003 ਵਿੱਚ ਤਕਨੀਕੀ ਖ਼ੇਤਰ 'ਚ ਕੰਮ ਕਰਨ ਲਈ *1 ਵੀਜ਼ਾ ਤਹਿਤ ਅਮਰੀਕਾ ਆਈ ਸੀ ਅਤੇ ਉਦੋਂ ਤੋਂ ਹੀ ਅਮਰੀਕਾ ਰਹਿ ਰਹੀ ਹੈ। ਉਸ ਦਾ ਵਿਆਹ 2006 ਵਿੱਚ ਹੋਇਆ ਅਤੇ 2007 ਵਿੱਚ ਰੇਣੂਕਾ ਤੇ ਉਸ ਦੇ ਪਤੀ ਨੇ ਪਹਿਲੇ ਬੱਚੇ ਬਾਰੇ ਸੋਚਿਆ।

ਉਸ ਸਮੇਂ ਦੋਵੇਂ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਕੰਮ ਕਰ ਰਹੇ ਸਨ।ਰੇਣੂਕਾ ਨਹੀਂ ਸੀ ਚਾਹੁੰਦੀ ਕਿ ਪ੍ਰੈਗਨੈਂਸੀ ਦੇ ਦੌਰ ਨੂੰ ਇਕੱਲੇ ਗੁਜ਼ਾਰੇ, ਇਸ ਲਈ ਉਸ ਨੇ ਆਪਣੇ ਪਤੀ ਕੋਲ ਜਾਣ ਦਾ ਫ਼ੈਸਲਾ ਕੀਤਾ। ਇਸ ਕਰਕੇ ਉਸ ਨੇ ਆਪਣੀ ਨੌਕਰੀ ਛੱਡੀ। ਇਸ ਦਾ ਮਤਲਬ ਇਹ ਵੀ ਸੀ ਕਿ ਉਸ ਨੂੰ ਆਪਣਾ *1 ਵੀਜ਼ਾ ਛੱਡਣਾ ਪਵੇਗਾ ਅਤੇ ਆਪਣੇ ਸਾਥੀ ਦੇ 84 ਵੀਜ਼ਾ 'ਤੇ ਨਿਰਭਰ ਰਹਿਣਾ ਹੋਵੇਗਾ। ਰੇਣੂਕਾ ਕਹਿੰਦੀ ਹੈ, "ਮੈਨੂੰ 84 ਵੀਜ਼ਾ ਤਹਿਤ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ। ਉਸ ਸਮੇਂ ਮੈਨੂੰ ਇਹ ਨਹੀਂ ਲੱਗਿਆ ਕਿ ਮੈਂ ਆਪਣੀ ਪਛਾਣ ਗੁਆ ਦੇਵਾਂਗੀ ਅਤੇ ਨਾਲ ਹੀ ਨਾਲ ਆਰਥਿਕ ਆਜ਼ਾਦੀ ਵੀ, ਜਿਹੜੀ ਕੰਮ ਕਰਨ ਨਾਲ ਆਉਂਦੀ ਹੈ। "ਮੈਂ ਬਹੁਤ ਪਰੇਸ਼ਾਨ ਤੇ ਗੁਆਚੀ ਹੋਈ ਮਹਿਸੂਸ ਕੀਤਾ, ਮੈਂ ਕੁਝ ਅਜਿਹਾ ਭਾਲ ਰਹੀ ਸੀ ਤਾਂ ਜੋ ਮੇਰੀ ਕਲਾਤਮਕਤਾ ਜ਼ਿੰਦਾ ਰਹੇ। "ਮੈਂ ਬਲਾਗ ਲਿਖਣੇ ਸ਼ੁਰੂ ਕੀਤੇ....ਕਿਉਂਕਿ ਮੈਨੂੰ ਬੱਚਿਆਂ ਨਾਲ ਕੰਮ ਕਰਨਾ ਚੰਗਾ ਲੱਗਦਾ ਸੀ, ਇਸ ਲਈ ਮੈਂ ਬੱਚਿਆਂ ਦੀ ਪੜ੍ਹਾਈ ਲਈ ਸਥਾਨਕ ਕਮਿਊਨਟੀ ਕਾਲਜ ਵਿੱਚ ਦਾਖਲਾ ਲੈ ਲਿਆ। ਰੇਣੂਕਾ ਕਹਿੰਦੀ ਹੈ, "ਮੈਨੂੰ 84 ਵੀਜ਼ਾ ਤਹਿਤ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ। ਉਸ ਸਮੇਂ ਮੈਨੂੰ ਇਹ ਨਹੀਂ ਲੱਗਿਆ ਕਿ ਮੈਂ ਆਪਣੀ ਪਛਾਣ ਗੁਆ ਦੇਵਾਂਗੀ ਅਤੇ ਨਾਲ ਹੀ ਨਾਲ ਆਰਥਿਕ ਆਜ਼ਾਦੀ ਵੀ, ਜਿਹੜੀ ਕੰਮ ਕਰਨ ਨਾਲ ਆਉਂਦੀ ਹੈ। ਮੈਂ ਬਹੁਤ ਪਰੇਸ਼ਾਨ ਤੇ ਗੁਆਚੀ ਹੋਈ ਮਹਿਸੂਸ ਕੀਤਾ, ਮੈਂ ਕੁਝ ਅਜਿਹਾ ਭਾਲ ਰਹੀ ਸੀ ਤਾਂ ਜੋ ਮੇਰੀ ਕਲਾਤਮਕਤਾ ਜ਼ਿੰਦਾ ਰਹੇ।" "ਮੈਂ ਬਲਾਗ ਲਿਖਣੇ ਸ਼ੁਰੂ ਕੀਤੇ....ਕਿਉਂਕਿ ਮੈਨੂੰ ਬੱਚਿਆਂ ਨਾਲ ਕੰਮ ਕਰਨਾ ਚੰਗਾ ਲੱਗਦਾ ਸੀ, ਇਸ ਲਈ ਮੈਂ ਬੱਚਿਆਂ ਦੀ ਪੜ੍ਹਾਈ ਲਈ ਸਥਾਨਕ ਕਮਿਊਨਟੀ ਕਾਲਜ ਵਿੱਚ ਦਾਖਲਾ ਲੈ ਲਿਆ।"

'ਇਸ ਫ਼ੈਸਲੇ ਨੇ ਮੇਰੀ ਨਵੀਂ ਪਛਾਣ ਅਤੇ ਜ਼ਿੰਦਗੀ ਦੇ ਮਕਸਦ ਨੂੰ ਲੱਭਣ ਵਿੱਚ ਮਦਦ ਕੀਤੀ।" ਇਸ ਤੋਂ ਬਾਅਦ 2015 ਵਿੱਚ ਰੇਣੂਕਾ ਫਰੀਮੌਂਟ, ਕੈਲੀਫ਼ੋਰਨੀਆ 'ਚ ਉੱਦਮੀ ਦੇ ਤੌਰ 'ਤੇ ਕੰਮ ਕਰਨ ਵਾਲਿਆਂ 'ਚ ਸ਼ਾਮਿਲ ਹੋਈ, ਜਿੱਥੇ ਉਹ ਆਪਣੇ ਪਤੀ ਅਤੇ 6 ਤੇ 8 ਸਾਲਾਂ ਦੇ ਦੋ ਪੁੱਤਰਾਂ ਨਾਲ ਰਹਿੰਦੀ ਹੈ। ਉਸ ਦੇ ਦੋਵੇਂ ਬੱਚਿਆਂ ਨੂੰ ਫ਼ੁੱਟਬਾਲ ਖੇਡਣਾ ਚੰਗਾ ਲੱਗਦਾ ਹੈ। ਹੁਣ ਉਹ ਆਪਣਾ ਫੈਮਿਲੀ ਚਾਈਲਡ ਕੇਅਰ ਬਿਜ਼ਨਸ ਚਲਾਉਂਦੀ ਹੈ। ਉਹ ਕਹਿੰਦੀ ਹੈ, "ਮੇਰੇ ਕਾਰੋਬਾਰ ਕਰਕੇ ਸਾਡੇ ਪਰਿਵਾਰ ਨੂੰ ਆਰਥਿਕ ਸਹਾਇਤਾ ਮਿਲਦੀ ਹੈ।""""ਇਸ ਨਾਲ ਸਾਡੇ ਅਮਰੀਕੀ ਨਾਗਰਿਕਤਾ ਹਾਸਿਲ ਬੱਚਿਆਂ ਨੂੰ ਬਿਹਤਰ ਜੀਵਨ ਮਿਲਦਾ ਹੈ। "ਕਾਰੋਬਾਰ ਕਰਕੇ ਮੇਰੇ ਸੇਵਾਮੁਕਤ ਮਾਪਿਆਂ ਅਤੇ ਸਹੁਰਿਆਂ ਨੂੰ ਭਾਰਤ ਵਿੱਚ ਮਦਦ ਹੁੰਦੀ ਹੈ।""""ਜੇ ਮੇਰੀ ਆਮਦਨੀ ਜਾਂਦੀ ਹੈ ਤਾਂ ਸਾਡੇ ਲਈ ਜ਼ਿੰਦਗੀ ਜਿਉਣਾ ਔਖਾ ਹੋ ਜਾਵੇਗਾ।"

ਉਹ ਅੱਗੇ ਕਹਿੰਦੀ ਹੈ, "ਇਸ ਦਾ ਅਸਰ ਸਿਰਫ਼ ਮੇਰੇ 'ਤੇ ਹੀ ਨਹੀਂ, ਸਗੋਂ ਉਨ੍ਹਾਂ 16 ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ-ਨਾਲ ਅਧਿਆਪਕਾਂ 'ਤੇ ਵੀ ਹੋਵੇਗਾ, ਜਿਹੜੇ ਮੇਰੇ ਫ਼ੈਮਿਲੀ ਚਾਈਲਡ ਕੇਅਰ ਦਾ ਹਿੱਸਾ ਹਨ।"

**ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਦੀ ਰੈਲੀ**

ਟਰੰਪ ਪ੍ਰਸ਼ਾਸਨ ਦੇ ਨਵੇਂ ਫ਼ੈਸਲੇ ਦੇ ਵਿਰੋਧ ਵਿੱਚ ਮਨੁੱਖੀ ਅਧਿਕਾਰਾਂ ਨਾਲ ਜੁੜੇ ਕਾਰਕੁਨ ਰੈਲੀਆਂ ਕਰ ਰਹੇ ਹਨ। ਇਹ ਕਾਰਕੁਨ ਪਾਲਿਸੀ ਬਣਾਉਣ ਵਾਲਿਆਂ ਅਤੇ ਹੋਰ ਲੋਕਾਂ ਨੂੰ ਵੀ ਆਪਣੀ ਮੁਹਿੰਮ ਨਾਲ ਜੋੜ ਰਹੇ ਹਨ ਤਾਂ ਜੋ ਟਰੰਪ ਪ੍ਰਸ਼ਾਸਨ ਆਪਣੇ ਫ਼ੈਸਲੇ ਵਿੱਚ ਸੋਧ ਕਰ ਸਕੇ। ਹਿੰਦੂ ਅਮਰੀਕੀ ਫ਼ਾਊਂਡੇਸ਼ਨ ਦੇ ਡਾਇਰੈਕਟਰ ਜੈ ਕਨਸਾਰਾ ਕਹਿੰਦੇ ਹਨ, "ਇਸ ਫ਼ੈਸਲੇ ਨਾਲ ਇੱਕ ਲੱਖ ਤੋਂ ਵੱਧ ਪਰਿਵਾਰ ਪ੍ਰਭਾਵਿਤ ਹੋਣਗੇ ਅਤੇ ਇਸ ਦਾ ਬਹੁਤਾ ਅਸਰ ਔਰਤਾਂ 'ਤੇ ਪਵੇਗਾ।"




# ਬ੍ਰਿਟੇਨ ਦਾ ਪਹਿਲਾ ਸਿੱਖ ਗਾਰਡਜ਼ਮੈਨ ਚਰਨਪ੍ਰੀਤ ਸਿੰਘ ਡਰੱਗਜ਼ ਟੈਸਟ 'ਚ ਫੇਲ੍ਹ

ਉਹ ਇਸ ਨੂੰ ਪਰਵਾਨ ਕਰਨਗੇ ਅਤੇ ਇਸ ਨੂੰ ਇਤਿਹਾਸ ਵਿੱਚ ਇੱਕ ਨਵੀਂ ਤਬਦੀਲੀ ਵਜੋਂ ਦੇਖਣਗੇ।"

"ਮੈਨੂੰ ਉਮੀਦ ਹੈ ਕਿ ਮੇਰੇ ਵਰਗੇ ਹੋਰ ਲੋਕ, ਨਾ ਸਿਰਫ਼ ਸਿੱਖ ਸਗੋਂ ਹੋਰ ਧਰਮਾਂ ਦੇ ਅਤੇ ਪਿਛੋਕੜਾਂ ਦੇ ਲੋਕਾਂ ਨੂੰ ਵੀ ਫੌਜ ਵਿੱਚ ਸ਼ਾਮਲ ਹੋਣ ਲਈ ਉਤਸ਼ਾਹ ਮਿਲੇਗਾ।" ਉਨ੍ਹਾਂ ਨੇ ਆਪਣੀ ਪੱਗ ਉੱਪਰ ਟੋਪਧਾਰੀ ਫੌਜੀਆਂ ਦੇ ਟੋਪ ਉੱਪਰ ਲਾਏ ਜਾਣ ਵਾਲੇ ਇੱਕ ਬੈਜ ਵਰਗਾ ਬੈਜ ਵੀ ਲਾਇਆ ਸੀ। ਉਨ੍ਹਾਂ ਨੇ ਕਿਹਾ ਸੀ, "ਮੈਨੂੰ ਬਹੁਤ ਮਾਣ ਹੈ ਅਤੇ ਮੈਨੂੰ ਪਤਾ ਹੈ ਕਿ ਬਹੁਤ ਸਾਰੇ ਹੋਰ ਲੋਕਾਂ ਨੂੰ ਵੀ ਮੇਰੇ 'ਤੇ ਮਾਣ ਹੈ।" ਮੇਰੇ ਆਪਣੇ ਲਈ, ਪਹਿਲੇ ਪੱਗ ਵਾਲੇ ਸਿੱਖ ਵਜੋਂ ਟ੍ਰੂਪ ਦਿ ਕਲਰ ਪਰੇਡ ਕਰਨਾ ਅਤੇ ਐਸਕੌਰਟ ਦਾ ਹਿੱਸਾ ਹੋਣਾ ਬਹੁਤ ਮਾਣ ਵਾਲੀ ਗੱਲ ਹੈ ਅਤੇ ਉਮੀਦ ਹੈ ਹੋਰਾਂ ਲਈ ਵੀ ਇੰਨੀ ਹੀ ਮਾਣ ਵਾਲੀ ਗੱਲ ਹੋਵੇਗੀ।ਟ੍ਰੂਪਿੰਗ ਦਿ ਕਲਰ ਪਰੇਡ ਪਿਛਲੇ 250 ਸਾਲਾਂ ਤੋਂ ਰਾਜ ਪ੍ਰਮੁੱਖ ਦੇ ਜਨਮ ਦਿਨ ਦੇ ਜਸ਼ਨਾਂ ਦਾ ਹਿੱਸਾ ਰਹੀ ਹੈ। ਜਿਸ ਵਿੱਚ ਫੌਜੀ ਕਰਤਬ ਮਿਊਜ਼ਿਕ ਅਤੇ ਘੋੜਸਵਾਰੀ ਦੇ ਕਰਤਬ ਵੀ ਦਿਖਾਏ ਜਾਂਦੇ ਹਨ। ਚਰਨਜੀਤ ਨੇ ਬ੍ਰਿਟੇਨ ਫੌਜ ਜਨਵਰੀ 2016 ਵਿੱਚ ਸ਼ਾਮਲ ਹੋਏ ਸਨ।

# ਬਾਦਲ ਪਿਉ-ਪੁੱਤਰ ਪੰਥ 'ਚੋਂ ਛੇਕੇ ਜਾਣ

## ਨਵਜੋਤ ਸਿੱਧੂ ਨੇ ਗਿਆਨੀ ਗੁਰਬਚਨ ਸਿੰਘ ਦੇ ਨਾਮ ਸੌਂਪਿਆ ਮੰਗ ਪੱਤਰ

ਬਾਦਲਾਂ ਦ ਰਾਜ ਭਾਗ ਦੌਰਾਨ ਸੂਬੇ ਵਿੱਚ ਸਾਲ 2015 ਤੋਂ ਸ਼ੁਰੂ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਾਦਰ ਦੀਆਂ ਘਟਨਾਵਾਂ ਦਾ ਜਿਕਰ ਕਰਦਿਆਂ ਕਾਂਗਰਸੀ ਮੰਤਰੀ ਨੇ ਕਿਹਾ ਹੈ ਕਿ ਇਸਦੀ ਅਸਲੀਅਤ ਲੱਭਣ ਲਈ ਸਾਲ 2007 ਵਿੱਚ ਸ਼ੁਰੂ ਹੋਏ ਬਾਦਲ ਦਲ-ਡੇਰਾ ਸਿਰਸਾ ਗਠਜੋੜ ਦੀ ਤਹਿ ਤੀਕ ਜਾਣਾ ਜ਼ਰੂਰੀ ਹੈ।ਉਨ੍ਹਾਂ ਲਿਖਆ ਹੈ ਕਿ ਸਾਲ 2007 ਵਿੱਚ ਜਦੋਂ ਡੇਰਾ ਸਿਰਸਾ ਮੁਖੀ ਨੇ ਸਿੱਖ ਪੰਥ ਵਿਰੋਧ ਕਾਰਵਾਈਆਂ ਨਾਲ ਹਿਰਦੇ ਵਲੂੰਧਰੇ ਤਾਂ ਉਸ ਵੇਲੇ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ ਜਿਸਨੇ ਡੇਰਾ ਮੁਖੀ ਦੀ ਇਸ ਘਿਨਾਉਣੀ ਹਰਕਤ ਤੇ ਡੇਰਾ ਪ੍ਰੇਮੀਆਂ ਦੀਆਂ ਆਪ ਹੁਦਰੀਆਂ ਖਿਲਾਫ ਪੁਲਿਸ ਕੇਸ ਵੀ ਦਰਜ ਕਰਨਾ ਜ਼ਰੂਰੀ ਨਹੀ ਸਮਝਿਆ। ਸਿੱਧੂ ਨੇ ਲਿਖਆ ਹੈ ਕਿ ਸਿੱਖ ਪੰਥ ਵਲੋਂ ਡੇਰਾ ਪ੍ਰਤੀ ਪ੍ਰਗਟਾਏ ਰੋਸ ਤੇ ਰੋਹ ਅੱਗੇ ਝੁਕਦਿਆਂ ਬਾਦਲਾਂ ਨੇ ਡੇਰੇ ਖਿਲਾਫ ਕੇਸ ਤਾਂ ਦਰਜ ਕਰ ਲਿਆ ਪ੍ਰੰਤੂ ਕਾਰਵਾਈ ਕੋਈ ਨਹੀ ਪਾਈ ਹਾਲਾਂਕਿ ਇਸ ਸਬੰਧੀ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਪੰਜ ਜਥੇਦਾਰ ਸਾਹਿਬਾਨ ਨੇ ਬਕਾਇਦਾ ਹੁਕਮਨਾਮਾ ਵੀ ਜਾਰੀ ਕੀਤਾ ਸੀ।ਪੰਜਾਬ ਸਰਕਾਰ ਦੇ ਵਜ਼ੀਰ ਲਿਖਦੇ ਹਨ ਕਿ ਸਾਲ 2009 ਦੀ ਲੋਕ ਸਭਾ ਚੋਣਾਂ ਮੌਕੇ ਬਾਦਲ ਪਰਿਵਾਰ ਦੀ ਨੂੰਹ ਨੂੰ ਬਠਿੰਡੇ ਤੋਂ ਜਿਤਾਉਣ ਲਈ ਜਦੋਂ ਡੇਰਾ ਸਿਰਸਾ ਨਾਲ ਸਮਝੌਤਾ ਹੋ ਗਿਆਂ ਤਾਂ ਡੇਰਾ ਮਾਮਲਾ ਠੰਡੇ ਬਸਤੇ ਪਾ ਦਿੱਤਾ ਗਿਆ।ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਦੀ ਸਰਕਾਰ ਨੇ ਡੇਰੇ ਖਿਲਾਫ ਦਰਜ ਪੁਲਿਸ ਕੇਸ ਰੱਦ ਕਰਨ ਦੀ ਸ਼ਿਫਾਰਸ਼ ਕਰ ਦਿੱਤੀ ।ਸਾਲ 2014 ਦੀ ਲੋਕ ਸਭਾ ਚੋਣ ਫਿਰ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣ ਲਈ ਡੇਰੇ ਖਿਲਾਫ ਚਲਦੇ ਅਦਾਲਤੀ ਕੇਸਾਂ ਵਿੱਚ ਚਾਰਜਸ਼ੀਟ ਹੀ ਨਹੀ ਦਾਖਲ ਕੀਤੀ ਗਈ।ਸਾਲ 2015 ਵਿੱਚ ਜਦੋਂ ਡੇਰਾ ਮੁਖੀ ਦੀ ਫਿਲਮ ਦਾ ਸਿੱਖ ਸੰਗਤਾਂ ਨੇ ਵਿਰੋਧ ਕੀਤਾ ਤਾਂ ਬਾਦਲਾਂ ਨੇ ਉਸ ਨਾਲ ਸੌਦਾ ਕਰਕੇ ਅਕਾਲ ਤਖਤ ਸਾਹਿਬ ਤੋਂ ਮੁਆਫੀ ਦਿਵਾ ਦਿੱਤੀ ।ਡੇਰੇ ਨੂੰ ਫਿਲਮ ਦੀ ਰਲੀਜ ਤੋਂ ਇੱਕ ਹਫਤੇ ਦੌਰਾਨ 104 ਕਰੋੜ ਰੁਪਏ ਦੀ ਆਮਦਨ ਹੋਈ। ਡੇਰਾ ਮੁਖੀ ਨੂੰ ਦਿੱਤੀ ਮੁਆਫੀ ਦਾ ਜਦੋਂ ਸਿੱਖ ਸੰਗਤ ਨੇ ਵਿਰੋਧ ਜਿਤਾਇਆ ਤਾਂ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਨਿਰਾਦਰ ਦੀ ਘਟਨਾ ਅੰਜ਼ਾਮ ਦਿਵਾ ਦਿੱਤੀ ਗਈ ।ਇਨਸਾਫ ਮੰਗ ਰਹੇ ਸਿੱਖਾਂ ਉਪਰ ਗੋਲੀ ਚਲਵਾਈ ਗਈ ।ਨਵਜੋਤ ਸਿੰਘ ਸਿੱਧੂ ਨੇ ਗਿਆਨੀ ਗੁਰਬਚਨ ਸਿੰਘ ਨੂੰ ਲਿਖਆ ਹੈ ਕਿ ਪਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਡੇਰਾ ਸਿਰਸਾ ਨਾਲ ਸਾਂਝ ਪਾਕੇ ਤੇ ਫਿਲਮ ਦਾ ਸੌਦਾ ਕਰਕੇ ਸਿੱਖ ਕੌਮ ਨਾਲ ਵਿਸ਼ਵਾਸ਼ਘਾਤ ਕੀਤਾ ਹੈ ।ਪਿਉ ਪੁੱਤਰਾਂ ਨੇ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ ।ਇਨ੍ਹਾਂ ਨੂੰ ਸਿੱਖ ਪੰਥ 'ਚੋਂ ਖਾਰਜ ਕੀਤਾ ਜਾਏ ਕਿਉਂਕਿ ਇਹ ਸਿਆਸਤਦਾਨ ਨਹੀ ਸੌਦਾਗਰ ਨੇ ਬਹਿਬਲ ਕਲਾਂ ਵਿੱਚ ਹੋਈਆਂ ਮੌਤਾਂ ਲਈ ਜਿੰਮੇਵਾਰ ਨੇ।ਜਿਕਰਯੋਗ ਹੈ ਕਿ ਗਿਆਨੀ ਗੁਰਬਚਨ ਸਿੰਘ ਦੇ ਨਾਮ ਮੰਗ ਪੱਤਰ ਦੇਣ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਮੁਲਾਕਾਤ ਵੀ ਕੀਤੀ।

**ਪਿੰਕੀ ਦੀ ਜਿੱਦ ਤੋਂ ਸੁਭਾਸ਼ ਨੇ ਅੰਦਾਜ਼ਾ ਲਗਾ ਲਿਆ ਕਿ ਉਹ ਮਾਂ ਬਾਪ ਦੇ ਦਬਾਅ ਵਿੱਚ ਆ ਕੇ ਅਜਿਹਾ ਕਰ ਰਹੀ ਹੈ। ਸੱਚ ਤਾਂ ਇਹ ਹੈ ਕਿ ਪਿੰਕੀ ਉਸਨੂੰ ਕਦੀ ਭੁੱਲ ਨਹੀਂ ਸਕਦੀ, ਨਾ ਉਸਦਾ ਪਿਆਰ ਠੁਕਰਾਉਣ ਦੀ ਹਿੰਮਤ ਕਰ ਸਕਦੀ ਹੈ। ਅਖੀਰ ਇਕ ਦਿਨ ਉਹ ਖੁਦ ਆਪਣੇ ਅਤੇ ਪਿੰਕੀ ਦੇ ਰਿਸ਼ਤੇ ਦੀ ਗੱਲ ਕਰਨ ਪਿੰਕੀ ਦੇ ਮਾਂ ਬਾਪ ਕੋਲ ਜਾ ਪਹੁੰਚਿਆ।ਉਹਨਾਂ ਦੋਵਾਂ ਨੇ ਵਿਆਹ ਲਈ ਰਜ਼ਾਮੰਦ ਹੋਣਾ ਤਾਂ ਦੂਰ, ਸੁਭਾਸ਼ ਨੂੰ ਧਮਕੀ ਦੇ ਕੇ ਭਜਾ ਦਿੱਤਾ। ਖੁਦ ਨੂੰ ਦੇਖੋ ਅਤੇ ਪਿੰਕੀ ਨੂੰ ਦੇਖੋ, ਉਸਦੇ ਬਾਅਦ ਤੁਲਨਾ ਕਰੋ ਤੂੰ ਪਿੰਕੀ ਦੇ ਪੈਰਾਂ ਦੀ ਧੂੜ ਵੀ ਨਹੀਂ। ਜਾਓ ਇੱਥੋਂ, ਅੱਗੇ ਤੋਂ ਅਜਿਹੀ ਬਕਵਾਸ ਨਾ ਕਰਨਾ।**

# ਜਨੂੰਨੀ ਆਸ਼ਕ ਦੇ ਹੱਥੋਂ ਮਾਰੀ ਗਈ ਪਿੰਕੀ



ਜਦੋਂ ਕਿਸੇ ਦੀ ਮੁਹੱਬਤ ਵਿੱਚ ਦਿਲ ਗ੍ਰਿਫ਼ਤਾਰ ਹੋ ਜਾਵੇ ਅਤੇ ਮਹਿਬੂਬ ਨੂੰ ਖ਼ਬਰ ਨਾ ਹੋਵੇ ਕਿ ਕੋਈ ਉਸਨੂੰ ਯਾਦ ਕਰਦਾ ਹੈ, ਉਸਦੇ ਲਈ ਹੌਕੇ ਲੈਂਦਾ ਹੈ ਤਾਂ ਇਹ ਸਮਾਂ ਅਜੀਬ ਹੁੰਦਾ ਹੈ। ਸੀਨਾ ਖਾਲੀ ਖਾਲੀ ਲੱਗਦਾ ਹੈ, ਨੀਂਦ ਅੱਖਾਂ ਤੋਂ ਜਾ ਚੁੱਕੀ ਹੁੰਦੀ ਹੈ।ਸੁਭਾਸ਼ ਦਾ ਵੀ ਇਹੀ ਹਾਲ ਸੀ। ਉਸਨੂੰ ਪਿੰਕੀ ਉਰਫ਼ ਸਾਕਸ਼ੀ ਨਾਲ ਪਿਆਰ ਹੋ ਗਿਆ ਸੀ। ਦਿਲ ਹਰ ਵਕਤ ਪਿੰਕੀ ਦੇ ਹੀ ਖਿਆਲਾਂ ਵਿੱਚ ਰਹਿੰਦਾ ਸੀ। ਸੁਭਾਸ਼ ਦੀ ਪਿੰਕੀ ਦੇ ਘਰ ਆਵਾਜਾਈ ਵੱਧ ਗਈ। ਉਸਦੀਆਂ ਨਜ਼ਰਾਂ ਪਿੰਕੀ ਦਾਹੀ ਪਿੱਛਾ ਕਰਦੀਆਂ ਸਨ। ਆਖਿਰ ਉਸ ਨੇ ਦਿਲ ਦੀ ਗੱਲ ਕਹਿ ਹੀ ਦਿੱਤੀ। ਸੁਭਾਸ਼ ਦੀ ਭੈਣ ਦਾ ਵਿਆਹ ਪਿੰਕੀ ਦੇ ਚਚੇਰੇ ਭਰਾ ਨਾਲ ਹੋਇਆ ਸੀ। ਪਿੰਕੀ ਤੋਂ ਇਲਾਵਾ ਪਰਿਵਾਰ ਵਿੱਚ ਕੋਈ ਦੂਜੀ ਲੜਕੀ ਨਹੀਂ ਸੀ, ਸੋ ਪਲ ਭਰ ਵਿੱਚ ਹੀ ਉਹ ਸਮਝ ਗ ?. ਕਿ ਸੁਭਾਸ਼ ਦਾ ਇਸ਼ਾਰਾ ਉਸ ਵੱਲ ਹੈ।

17 ਸਾਲ ਦੀ ਉਮਰ ਘੱਟ ਨਹੀਂ ਹੁੰਦੀ। ਪਿੰਡਾਂ ਵਿੱਚ ਇਸ ਉਮਰ ਦੀਆਂ ਲੜਕੀਆਂ ਮਾਂ ਬਣ ਜਾਂਦੀਆਂ ਹਨ। ਸੁਭਾਸ਼ ਨੇ ਉਸਦੇ ਮੋਢੇ ਤੇ ਹੱਥ ਰੱਖ ਦਿੱਤਾ।

ਸਾਕਸ਼ੀ ਉਰਫ਼ ਪਿੰਕੀ ਬੁੱਧਵਿਹਾਰ ਨਵੀਂ ਦਿੱਲੀ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਸੀ। ਉਸਦੀ ਮਾਂ ਦਾ ਨਾਂ ਕੌਸ਼ਲਿਆ ਅਤੇ ਪਿਤਾ ਦਾ ਨਾਂ ਪ੍ਰੀਤਮ ਸੀ। ਮਾਤਾ ਪਿਤਾ ਦੋਵੇਂ ਕੰਮਕਾਜੀ ਸਨ। ਕੌਸ਼ੱਲਿਆ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਕੰਮ ਕਰਦੀ ਸੀ, ਜਦਕਿ ਪਿਤਾ ਪਲੰਬਰ ਦਾ ਕੰਮ ਕਰਦਾ ਸੀ।

ਮਾਂ-ਬਾਪ ਦੀ ਇਕਲੌਤੀ ਸੰਤਾਨ ਪਿੰਕੀ ਨੇ ਹਾਲ ਹੀ ਵਿੱਚ ਬਾਰਵੀਂ ਕੀਤੀ ਸੀ। ਇਸ ਪ੍ਰੀਖਿਆ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਹ ਲੈਂਗੂਏਜ਼ ਕੋਰਸ ਕਰਨਾ ਚਾਹੁੰਦੀ ਸੀ। ਸੰਨ 2002 ਵਿੱਚ ਪਿੰਕੀ ਦੇ ਚਚੇਰੇ ਭਰਾ ਦਾ ਵਿਆਹ ਸੁਭਾਸ਼ ਦੀ ਭੈਣ ਨਾਲ ਹੋਇਆ ਸੀ। 28 ਸਾਲਾ ਸੁਭਾਸ਼ ਉਰਫ਼ ਰੋਹਿਤ ਦੇ ਪਿਤਾ ਹਰੀਨਿਵਾਸ ਦੀ ਮੌਤ ਹੋ ਚੁੱਕੀ ਸੀ, ਜਦਕਿ ਉਸਦੀ ਮਾਂ ਸ਼ਾਹਦਰਾ ਨਗਰ ਨਿਗਮ ਵਿੱਚ ਸਫ਼ਾਈ ਕਰਮਚਾਰੀ ਸੀ। ਕੇਵਲ 8 ਕਲਾਸਾਂ ਪੜ੍ਹਿਆ ਸੁਭਾਸ਼ ਵੀ ਲੋਨੀ ਨਗਰ ਪਾਲਿਕਾ ਵਿੱਚ ਸਫ਼ਾਈ ਕਰਮਚਾਰੀ ਸੀ। ਉਹ ਆਪਣੀ ਮਾਂ ਅਤੇ ਛੋਟੇ ਭਰਾ ਸਚਿਨ ਦੇ ਨਾਲ ਗਾਜ਼ੀਆਬਾਦ ਵਿੱਚ ਰਹਿੰਦਾ ਸੀ।

ਪਿੰਕੀ ਜਦੋਂ 17 ਸਾਲ ਦੀ ਹੋਈ ਤਾਂ ਸੁਭਾਸ਼ ਦੀ ਖਾਮੋਸ਼ ਚਾਹਤ ਜ਼ਾਹਿਰ ਹੋ ਗਈ। ਉਸਦਾ ਵਿਚਾਰ ਸੀ ਕਿ 17 ਸਾਲ ਦੀਆਂ ਲੜਕੀਆਂ ਨੂੰ ਸਮਝ ਆ ਜਾਂਦੀ ਹੈ। ਪਿੰਕੀ ਦੇ ਮਾਂ ਬਾਪ ਸਵੇਰੇ ਕੰਮ ਤੇ ਚਲੇ ਜਾਂਦੇ ਸਨ। ਸਕੂਲ ਵਿੱਚ ਆਉਣ ਤੋਂ ਬਾਅਦ ਪਿੰਕੀ ਘਰ ਵਿੱਚ ਆਮ ਤੌਰ ਤੇ ਇਕੱਲੀ ਹੁੰਦੀ ਸੀ। ਸੁਭਾਸ਼ ਨੂੰ ਉਸ ਪਰਿਵਾਰ ਦੇ ਤਿੰਨ ਮੈਂਬਰਾਂ ਦੇ ਬਾਹਰ ਜਾਣ ਅਤੇ ਵਾਪਸ ਘਰ ਆਉਣ ਦੇ ਵਕਤ ਦਾ ਪਤਾਸੀ। ਉਹ ਅਕਸਰ ਅਜਿਹੇ ਵਕਤ ਹੀ ਆਉਂਦਾ ਜਦੋਂ ਪਿੰਕੀ ਇਕੱਲੀ ਹੁੰਦੀ ਸੀ।

ਉਸ ਦਿਨ ਵੀ ਉਹ ਗਿਆ ਅਤੇ ਪਿੰਕੀ ਇਕੱਲੀ ਸੀ। ਸੁਭਾਸ਼ ਨੇ ਆਪਣੇ ਦਿਲ ਦੀ ਗੱਲ ਕਹਿ ਦਿੱਤੀ। ਇਸ ਤੋਂ ਬਾਅਦ ਉਹ ਦੋ ਦਿਨ ਘਰ ਨਾ ਆਇਆ ਅਤੇ ਪਿੰਕੀ ਨੇ ਗਹਿਰਾਈ ਨਾਲ ਸੋਚਿਆ। ਜਿਸ ਦਿਨ ਉਹ ਆਇਆ ਪਿੰਕੀ ਨੇ ਮੁਸਕਰਾ ਕੇ ਉਸਦਾ ਸਵਾਗਤ ਕੀਤਾ ਤਾਂ ਉਹ ਸਮਝ ਗਿਆ ਕਿ ਉਸ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਗਿਆ ਹੈ। ਉਸ ਦਿਨ ਤੋਂ ਦੋਵਾਂ ਦਾ ਰੋਮਾਂਸ ਚੱਲ ਪਿਆ।ਸੁਭਾਸ਼ ਨੇ ਉਸ ਨੂੰ ਇਕ ਮਹਿੰਗਾ ਮੋਬਾਇਲ ਗਿਫ਼ਟ ਕੀਤਾ। ਪਿੰਕੀ ਦੇ ਮਾਂ ਬਾਪ ਹੈਰਾਨ ਹੋਏ। ਮਾਂ ਨੇ ਪੁੱਛਿਆ ਪਿੰਕੀ ਤੈਨੂੰ ਪੈਸੇ ਕਿਸਨੇ ਦਿੱਤੇ, ਇਹ ਮੋਬਾਇਲ ਤੇਰੇ ਕੋਲ ਕਿਵੇਂ ਆਇਆ ?

ਉਹਨਾਂ ਨੂੰ ਪਤਾ ਲੱਗਿਆ ਕਿ ਸੁਭਾਸ਼ ਉਹਨਾਂ ਦੀ ਗੈਰ ਹਾਜ਼ਰੀ ਵਿੱਚ ਘਰ ਆਉਂਦਾ ਹੈ। ਲੜਕੀ ਜਵਾਨ ਹੋ ਗਈ ਹੋਵੇ ਅਤੇ ਕੋਈ ਫ਼ੋਨ ਗਿਫ਼ਟ ਕਰੇ ਤਾਂ ਹੈਰਾਨੀ ਹੋਵੇਗੀ ਹੀ। ਪਿੰਕੀ ਨੇ ਦੱਸ ਦਿੱਤਾ ਕਿ ਇਹ ਮੋਬਾਇਲ ਉਸਨੂੰ ਸੁਭਾਸ਼ ਨੇ ਦਿੱਤਾ ਹੈ। ਕੌਸ਼ੱਲਿਆ ਨੇ ਪਿੰਕੀ ਨੂੰ ਸਪਸ਼ਟ ਪੁੱਛ ਲਿਆ ਕਿ ਸੁਭਾਸ਼ ਰੋਜ਼ ਕੀ ਕਰਨ ਆਉਂਦਾ ਹੈ।ਜਿਸ ਘਰ ਵਿੱਚ ਲੜਕੀ ਜਵਾਨ ਹੋਵੇ, ਉਸ ਘਰ ਵਿੱਚ ਇਸ ਤਰ੍ਹਾਂ ਕਿਸੇ ਲੜਕੇ ਦਾ ਆਉਣਾ ਠੀਕ ਨਹੀਂ। ਪਿੰਕੀ ਨੇ ਮਾਂ ਨੂੰ ਭਰੋਸਾ ਦਿੱਤਾ ਕਿ ਮੈਂ ਉਹਨਾਂ ਨੂੰ ਕਹਿ ਦਿਆਂਗੀ ਕਿ ਜਦੋਂ ਮਾਂ ਬਾਪ ਘਰ ਹੋਣ ਉਦੋਂ ਹੀ ਆਉਣਾ।

ਪਿੰਕੀ ਨੇ ਸਾਰੀ ਗੱਲ ਸੁਭਾਸ਼ ਨੂੰ ਦੱਸ ਦਿੱਤੀ। ਸੁਭਾਸ਼ ਨੇ ਕਿਹਾ ਕਿ ਸਾਡੀ ਪਹਿਲਾਂ ਹੀ ਰਿਸ਼ਤੇਦਾਰੀ ਹੈ, ਨਵੀਂ ਰਿਸ਼ਤੇਦਾਰੀ ਜੋੜਨ ਵਿੱਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਸ ਤੋਂ ਬਾਅਦ ਸੁਭਾਸ਼ ਨੇ ਪਿੰਕੀ ਨੂੰ ਸਮਝਾਇਆ ਕਿ ਮੋਬਾਇਲ ਫ਼ੋਨ ਵਾਪਸ ਕਰਨ ਦੀ ਲੋੜ ਨਹੀਂ। ਉਸਨੂੰ ਲੁਕੋ ਕੇ ਰੱਖੋ। ਮੌਕਾ ਮਿਲਣ ਤੇ ਉਸਨੂੰ ਚਾਲੂ ਕਰਕੇ ਗੱਲ ਕਰ ਲਿਆ ਕਰੇ। ਪ੍ਰੇਮ ਦੀਵਾਨੀ ਪਿੰਕੀ ਨੇ ਸੁਭਾਸ਼ ਦੀ ਇਹ ਗੱਲ ਮੰਨ ਲਈ।

ਆਪਸੀ ਗੱਲਬਾਤ ਵਿੱਚ ਦੋਵਾਂ ਨੇ ਤਹਿ ਕਰ ਲਿਆ ਕਿ ਹੁਣ ਸੁਭਾਸ਼ ਪਿੰਕੀ ਨੂੰ ਮਿਲਣ ਉਸਦੇ ਘਰ ਨਹੀਂ ਆਵੇਗਾ। ਫ਼ੋਨ ਤੇ ਪ੍ਰੋਗਰਾਮ ਤਹਿ ਕਰਕੇ ਕਿਤੇ ਬਾਹਰ ਮਿਲ ਲਿਆ ਕਰਾਂਗੇ। ਪਿੰਕੀ ਅਤੇ ਸੁਭਾਸ਼ ਬਾਹਰ ਮਿਲਣ ਲੱਗੇ ਤਾਂ ਲੋਕਾਂ ਦੀਆਂ ਨਜ਼ਰਾਂ ਵਿੱਚ ਆ ਗਏ। ਪਿੰਕੀ ਦੇ ਮਾਪਿਆਂ ਤੱਕ ਗੱਲ ਪਹੁੰਚੀ ਤਾਂ ਉਹ ਭੜਕ ਗਏ। ਉਹਨਾਂ ਨੇ ਪਿੰਕੀ ਨੂੰ ਸਮਝਾਇਆ ਕਿ ਉਸਦਾ ਅਤੇ ਸੁਭਾਸ਼ ਦਾ ਕੋਈ ਮੇਲ ਨਹੀਂ ਹੈ, ਬੇਮੇਲ ਰਿਸ਼ਤੇ ਵਿਗੜ ਜਾਂਦੇ ਹਨ।

ਪਿਤਾ ਨੇ ਸਮਝਾਇਆ ਕਿ ਰਿਸ਼ਤਾ ਜੋੜਨ ਵਿੱਚ ਦਿਲ ਦੇ ਨਾਲ ਦਿਮਾਗ ਵੀ ਵਰਤਣਾ ਚਾਹੀਦਾ ਹੈ, ਵਰਨਾ ਅੱਗੇ ਜਾ ਕੇ ਮੁਸ਼ਕਿਲਾਂ ਆ ਜਾਂਦੀਆਂ ਹਨ।

ਪਿਤਾ ਦੀਆਂ ਨਸੀਹਤਾਂ ਪਿੰਕੀ ਦੇ ਦਿਲ ਤੇ ਅਸਰ ਕਰ ਗਈਆਂ। ਦਿਲ ਨੂੰ ਪਿੱਛੇ ਛੱਡ ਕੇ ਉਸਨੇ ਦਿਮਾਗ ਨਾਲ ਸੋਚਿਆ ਤਾਂ ਇਸ ਨਤੀਜੇ ਤੇ ਪਹੁੰਚੀ ਕਿ ਮਾਂ ਬਾਪ ਸਹੀ ਹਨ। ਹਰ ਕੋਈ ਆਪਣੇ ਕਾਬਲ ਜੀਵਨ ਸਾਥੀ ਚੁਣਦਾ ਹੈ ਪਰ ਸੁਭਾਸ਼ ਤਾਂ ਉਸ ਤੋਂ ਬਹੁਤ ਪੱਛੜਿਆ ਹੋਇਆ ਹੈ। ਉਸਦੇ ਨਾਲ ਵਿਆਹ ਕਰ ਲਿਆ ਤਾਂ ਚਾਰ ਦਿਨ ਦੀ ਚਾਂਦਨੀ ਤੋਂ ਬਾਅਦ ਹਨੇਰਾ ਹੱਥ ਲੱਗੇਗਾ।

ਆਖਿਰ ਪਿੰਕੀ ਨੇ ਗਲਤੀ ਸੁਧਾਰਨ ਦਾ ਮਨ ਬਣਾ ਲਿਆ। ਪ੍ਰੀਖਿਆ ਖ਼ਤਮ ਹੋਣ ਤੋਂ ਬਾਅਦ ਪਿੰਕੀ ਸੁਭਾਸ਼ ਨੂੰ ਅੰਗੂਠਾ ਦਿਖਾਉਣ ਲੱਗੀ। ਪਿੰਕੀ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੰਦੀ ਪਰ ਕਿਸੇ ਤਰ੍ਹਾਂ ਇਕ ਦਿਨ ਪਿੰਕੀ ਨੂੰ ਉਸ ਨੇ ਮਨਾ ਲਿਆ। ਪਿੰਕੀ ਨੇ ਸਪਸ਼ਟ ਕਿਹਾ ਕਿ ਮੇਰੇ ਮਾਪੇ ਇਸ ਵਿਆਹ ਲਈ ਤਿਆਰ ਨਹੀਂ ਹਨ। ਸੁਭਾਸ਼ ਕੋਰਟ ਮੈਰਿਜ ਲਈ ਜਿੱਦ ਕਰਨ ਲੱਗਿਆ।ਤੂੰ ਹੁਣ ਬਾਲਗ ਹੋ ਗਈ ਹੈਂ, ਇਸ ਕਰਕੇ ਵਿਆਹ ਵਿੱਚ ਕੋਈ ਅੜਿੱਕਾ ਨਹੀਂ ਹੈ।

ਸੁਭਾਸ਼ ਮੇਰੀ ਮਜਬੂਰੀ ਸਮਝਣ ਦੀ ਕੋਸ਼ਿਸ਼ ਕਰੋ, ਮੈਂ ਆਪਣੇ ਮਾਂ ਬਾਪ ਦੀ ਬੇਇੱਜ਼ਤੀ ਨਹੀਂ ਕਰਵਾ ਸਕਦੀ। ਸੁਭਾਸ਼ ਭੜਕ ਗਿਆ, ਪਿੰਕੀ ਤੂੰ ਇਸ ਤਰ੍ਹਾਂ ਬੇਵਫ਼ਾਈ ਨਹੀਂ ਕਰ ਸਕਦੀ।

ਮੈਂ ਆਪਣੀ ਗਲਤੀ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਉਹ ਗਲਤੀ ਜੋ ਕੱਚੀ ਉਮਰ ਵਿੱਚ ਕੀਤੀ ਸੀ, ਹੁਣ ਨਹੀਂ ਕਰਨਾ ਚਾਹੁੰਦੀ। ਆਪਣੇ ਵਾਅਦਿਆਂ ਅਤੇ ਕਰਾਰਾਂ ਨੂੰ ਯਾਦ ਕਰੋਪਿੰਕੀ, ਜੋ ਤੂੰ ਮੇਰੇ ਮੋਢੇ ਤੇ ਸਿਰ ਰੱਖ ਕੇ ਕੀਤੇ ਸਨ।

ਉਹ ਬਚਪਨੇ ਦੀ ਗਲਤੀ ਸੀ, ਮੈਂ ਭੁੱਲ ਚੁੱਕੀ ਹਾਂ, ਤੁਸੀਂ ਵੀ ਭੁੱਲ ਜਾਓ। ਪਿੰਕੀ ਮੈਂ ਤੈਨੂੰ ਭੁੱਲ ਕੇ ਜਿੰਦਾ ਨਹੀਂ ਰਹਿ ਸਕਦਾ। ਤਾਂ ਨਾ ਰਹੋ ਜਿੰਦਾ, ਮਰ ਜਾਓ। ਪਿੰਕੀ ਬਿਲਕੁਲ ਸਪਸ਼ਟ ਹੋ ਗਈ। ਦੁਨੀਆਂ ਵਿੱਚ ਲੱਖਾਂ ਨਾਕਾਮ ਆਸ਼ਿਕ ਮੌਤ ਦੇ ਮੂੰਹ ਪੈਂਦੇ ਹਨ। ਤੂੰ ਵੀ ਮਰ ਕੇ ਉਹਨਾਂ ਆਸ਼ਕਾਂ ਦੀ ਲਿਸਟ ਵਿੱਚ ਆਪਣਾ ਨਾਂ ਦਰਜ ਕਰਵਾ ਲਓ। ਪਿੰਕੀ ਨੇ ਬਿਲਕੁਲ ਸਪਸ਼ਟ ਕਰ ਦਿੱਤਾ ਅਤੇ ਚਲੀ ਗਈ।

ਸੁਭਾਸ਼ ਸੰਨਾਟੇ ਵਿੱਚ ਘਿਰਿਆ ਬੈਠਿਆ ਰਿਹਾ। ਇਸ ਵਾਕੇ ਤੋਂ ਬਾਅਦ ਵੀ ਸੁਭਾਸ਼ ਨੇ ਕਈ ਵਾਰ ਪਿੰਕੀ ਨੂੰ ਮਿਲ ਕੇ ਮਨਾਉਣ ਦੀ ਕੋਸ਼ਿਸ਼ ਕੀਤੀ। ਆਪਣੇ ਪਿਆਰ ਦੀ ਦੁਹਾਈ ਦਿੱਤੀ ਪਿੰਕੀ ਨੂੰ ਉਸਦੀਆਂ ਕਸਮਾਂ ਯਾਦ ਕਰਵਾਈਆਂ ਪਰ ਉਹ ਟੱਸ ਤੋਂ ਮੱਸ ਨਾ ਹੋਈ। ਉਹ ਇਕ ਹੀ ਰੱਟ ਲਗਾਉਂਦੀ ਰਹੀ, ਮੇਰਾ ਖਿਆਲ ਮਨ ਤੋਂ ਕੱਢ ਦਿਓ। ਮੈਨੂੰ ਪ੍ਰਾਪਤ ਕਰਨ ਦੀ ਇੱਛਾ ਕਦੀ ਪੂਰੀ ਨਹੀਂ ਹੋਵੇਗੀ। ਮੈਂ ਸਭ ਕੁਝ ਭੁੱਲ ਚੁੱਕੀ ਹਾਂ, ਤੂੰ ਵੀ ਭੁੱਲ ਜਾਹ।

ਪਿੰਕੀ ਦੀ ਜਿੱਦ ਤੋਂ ਸੁਭਾਸ਼ ਨੇ ਅੰਦਾਜ਼ਾ ਲਗਾ ਲਿਆ ਕਿ ਉਹ ਮਾਂ ਬਾਪ ਦੇ ਦਬਾਅ ਵਿੱਚ ਆ ਕੇ ਅਜਿਹਾ ਕਰ ਰਹੀ ਹੈ। ਸੱਚ ਤਾਂ ਇਹ ਹੈ ਕਿ ਪਿੰਕੀ ਉਸਨੂੰ ਕਦੀ ਭੁੱਲ ਨਹੀਂ ਸਕਦੀ, ਨਾ ਉਸਦਾ ਪਿਆਰ ਠੁਕਰਾਉਣ ਦੀ ਹਿੰਮਤ ਕਰ ਸਕਦੀ ਹੈ। ਅਖੀਰ ਇਕ ਦਿਨ ਉਹ ਖੁਦ ਆਪਣੇ ਅਤੇ ਪਿੰਕੀ ਦੇ ਰਿਸ਼ਤੇ ਦੀ ਗੱਲ ਕਰਨ ਪਿੰਕੀ ਦੇ ਮਾਂ ਬਾਪ ਕੋਲ ਜਾ ਪਹੁੰਚਿਆ।

ਉਹਨਾਂ ਦੋਵਾਂ ਨੇ ਵਿਆਹ ਲਈ ਰਜ਼ਾਮੰਦ ਹੋਣਾ ਤਾਂ ਦੂਰ, ਸੁਭਾਸ਼ ਨੂੰ ਧਮਕੀ ਦੇ ਕੇ ਭਜਾ ਦਿੱਤਾ। ਖੁਦ ਨੂੰ ਦੇਖੋ ਅਤੇ ਪਿੰਕੀ ਨੂੰ ਦੇਖੋ, ਉਸਦੇ ਬਾਅਦ ਤੁਲਨਾ ਕਰੋ। ਤੂੰ ਪਿੰਕੀ ਦੇ ਪੈਰਾਂ ਦੀ ਧੂੜ ਵੀ ਨਹੀਂ। ਜਾਓ ਇੱਥੋਂ, ਅੱਗੇ ਤੋਂ ਅਜਿਹੀ ਬਕਵਾਸ ਨਾ ਕਰਨਾ।

ਸੁਭਾਸ਼ ਨਿਰਾਸ਼ ਹੋ ਕੇ ਵਾਪਸ ਆ ਗਿਆ। ਇੰਨਾ ਸਭ ਕੁਝ ਹੋਣ ਤੋਂ ਬਾਅਦ ਵੀ ਸੁਭਾਸ਼ ਨਰਾਜ਼ ਨਾ ਹੋਇਆ। ਬਿਰਾਦਰੀ ਦੇ ਕੁਝਲੋਕਾਂ ਦੇ ਜ਼ਰੀਏ ਉਸਨੇ ਪ੍ਰੀਤਮ ਨਾਲ ਵਿਆਹ ਦੀ ਗੱਲ ਤੋਰੀ, ਖੁਦ ਵੀ ਪ੍ਰੀਤਮ ਨੂੰ ਫ਼ੋਨ ਕਰਦਾ ਰਿਹਾ, ਪਰ ਉਸਦਾ ਹਰ ਯਤਨ ਅਸਫ਼ਲ ਹੋ ਗਿਆ। ਪਿੰਕੀ ਵੀ ਲਗਾਤਾਰ ਮੂੰਹ ਮੋੜਦੀ ਰਹੀ। ਸੁਭਾਸ਼ ਦੀ ਕਿਸੇ ਗੱਲ ਦਾ ਉਸ ਤੇ ਅਸਰ ਨਹੀਂ ਹੋ ਰਿਹਾ ਸੀ।

ਸਾਰੇ ਯਤਨ ਕਰਕੇ ਸੁਭਾਸ਼ ਹਾਰ ਗਿਆ। ਉਸਨੂੰ ਭਰੋਸਾ ਹੋ ਗਿਆ ਕਿ ਪਿੰਕੀ ਉਸਨੂੰ ਹਾਸਲ ਹੋਣ ਵਾਲੀ ਨਹੀਂ ਹੈ। ਇਸ ਕਰਕੇ ਉਸ ਤੇ ਜਨੂੰਨ ਸਵਾਰ ਹੋ ਗਿਆ। ਉਸਨੇ ਫ਼ੈਸਲਾ ਕੀਤਾ ਕਿ ਉਹ ਉਸ ਨੂੰ ਮਾਰ ਕੇ ਆਤਮ ਹੱਤਿਆ ਕਰ ਲਵੇਗਾ। ਇਸ ਦੁਨੀਆਂ ਵਿੱਚ ਨਾ ਸਹੀ, ਮਰਨ ਤੋਂ ਬਾਅਦ ਉਸ ਦੁਨੀਆ ਵਿੱਚ ਉਹ ਪਿੰਕੀ ਨੂੰ ਮਿਲੇਗਾ।

ਉਸਨੇ ਇਕ ਦੇਸੀ ਪਿਸਤੌਰ ਅਤੇ ਕਾਰਤੂਸ ਪ੍ਰਾਪਤ ਕਰ ਲਏ। 10 ਮਈ ਨੂੰ ਸੁਭਾਸ਼ ਨੇ ਪਿਸਤੌਰ ਲੋਡ ਕਰਕੇ ਆਪਣੇ ਨਾਲ ਲੈ ਲਿਆ ਅਤੇ ਪਿੰਕੀ ਦੇ ਘਰ ਜਾ ਪਹੁੰਚਿਆ। ਪਿੰਕੀ ਦੇ ਘਰ ਦਾ ਦਰਵਾਜ਼ਾ ਖੁੱਲ੍ਹਾ ਸੀ। ਸੁਭਾਸ਼ ਨੇ ਬਾਈਕ ਦਰਵਾਜ਼ੇ ਦੇ ਸਾਹਮਣੇ ਖੜ੍ਹੀ ਕੀਤੀ ਅਤੇ ਮਕਾਨ ਵਿੱਚ ਦਾਖਲ ਹੋ ਕੇ ਦਰਵਾਜ਼ਾ ਅੰਦਰ ਤੋਂ ਬੰਦ ਕਰ ਲਿਆ। ਉਸ ਵਕਤ 11 ਵਜੇ ਸਨ ਅਤੇ ਪਿੰਕੀ ਰਸੋਈ ਵਿੱਚ ਕੁਝ ਕੰਮ ਕਰ ਰਹੀ ਸੀ। ਉਹ ਸੁਭਾਸ਼ ਨੂੰ ਦੇਖ ਕੇ ਹੈਰਾਨ ਹੋਈ, ਫ਼ਿਰ ਤਲਖੀ ਨਾਲ ਸਵਾਲ ਕੀਤਾ, ਕੀ ਕਰਨ ਆਏ ਹੋ ?

ਇਹ ਪੁੱਛਣ ਕਿ ਕੀ ਤੂੰ ਮੇਰੇ ਨਾਲ ਵਿਆਹ ਕਰੇਂਗਾ ਜਾਂ ਨਹੀਂ। ਪੰਜਾਹ ਵਾਰ ਕਹਿ ਚੁੱਕੀ ਹਾਂ ਕਿ ਮੇਰੇ ਅਤੇ ਤੁਹਾਡਾ ਮੇਲ ਨਹੀਂ ਹੈ। ਇਸ ਕਰਕੇ ਮੈਂ ਵਿਆਹ ਨਹੀਂ ਕਰਾਂਗੀ, ਮੇਰੇ ਪਿੱਛੇ ਕਿਉਂ ਪਏ ਹੋ।

ਸੁਭਾਸ਼ ਦੀਆਂ ਅੱਖਾਂ ਵਿੱਚ ਅੰਗਾਰ ਆ ਗਏ। ਪਿੰਕੀ ਮੈਂ ਆਖਰੀ ਵਾਰ ਪੁੱਛ ਰਿਹਾ ਹਾਂ, ਵਿਆਹ ਕਰੇਂਗੀ ਜਾਂ ਨਹੀਂ।

ਉਸਨੇ ਪਿਸਤੌਲ ਕੱਢ ਲਿਆ, ਹੁਣ ਵੀ ਦੱਸ ਦਿਓ ਕਿ ਵਿਆਹ ਕਰਨਾ ਹੈ ਕਿ ਨਹੀਂ, ਵਰਨਾ ਮੈਂ ਤੈਨੂੰ ਜਾਨ ਤੋਂ ਮਾਰ ਦਿਆਂਗਾ ਅਤੇ ਖੁਦ ਵੀ ਆਤਮ ਹੱਤਿਆ ਕਰ ਲਵਾਂਗਾ।

ਪਿੰਕੀ ਦੇ ਸਿਰ ਤੇ ਮੌਤ ਮੰਡਰਾ ਰਹੀ ਸੀ। ਫ਼ਿਰ ਵੀ ਉਹ ਭੈਅਭੀਤ ਨਹੀਂ ਹੋਈ। ਸੁਭਾਸ਼ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬੋਲੀ, ਜਾਓ ਮੈਨੂੰ ਗਿੱਦੜ ਧਮਕੀਆਂ ਦੇਣ ਆਏ ਹੋ। ਇਹ ਖਿਡੌਣਾ ਜੇਬ ਵਿੱਚ ਰੱਖੋ ਅਤੇ ਚੁੱਪਚਾਪ ਜਾਓ, ਵਰਨਾ ਮੈਂ ਚੱਪਲ ਕੱਢ ਲਵਾਂਗੀ। ਇਸ ਤੋਂ ਬਾਅਦ ਫ਼ਾਇਰ ਦੀ ਆਵਾਜ਼ ਸੁਣੀ, ਪਿੰਕੀ ਉਥੇ ਹੀ ਢੇਰ ਹੋ ਗਈ। ਫ਼ਾਇਰ ਦਾ ਧਮਾਕਾ ਸੁਣ ਕੇ ਪੜੋਸੀ ਈਸ਼ਵਰ ਚੰਦ ਪ੍ਰੀਤਮ ਦੇ ਘਰ ਵੱਲ ਦੌੜਿਆ। ਉਦੋਂ ਹੀ ਦਰਵਾਜ਼ਾ ਖੁੱਲ੍ਹਿਆ, ਸੁਭਾਸ਼ ਬਾਹਰ ਨਿਕਲਿਆ ਅਤੇ ਆਪਣੀ ਬਾਈਕ ਤੇ ਸਵਾਰ ਹੋ ਕੇ ਦੌੜ ਗਿਆ। ਸੁਭਾਸ਼ ਨੂੰ ਦੌੜਦੇ ਕਈਆਂ ਨੇ ਦੇਖਿਆ। ਅੰਦਰ ਦੇਖਿਆ ਤਾਂ ਪਿੰਕੀ ਲਹੂ ਲੁਹਾਣ ਸੀ। ਕੁਝ ਪੜੋਸੀਆਂ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

ਪੁਲਿਸ ਨੂੰ ਸੂਚਨਾ ਮਿਲੀ ਤਾਂ ਪੁਲਿਸ ਵੀ ਹਸਪਤਾਲ ਪਹੁੰਚ ਗਈ।

ਪਿੰਕੀ ਦੀ ਲਾਸ਼ ਦਾ ਪੋਸਟ ਮਾਰਟਮ ਆਰੰਭ ਹੋਇਆ। ਪਰਚਾ ਦਰਜ ਕਰ ਲਿਆ ਗਿਆ। ਸੁਭਾਸ਼ ਦੀ ਗ੍ਰਿਫ਼ਤਾਰੀ ਲਈ ਪੁਲਿਸ ਨੇ ਲੋਨੀ ਸਥਿਤ ਇਲਾਕੇ ਵਿੱਚ ਛਾਪਾ ਮਾਰਿਆ ਪਰ ਉਹ ਫ਼ਰਾਰ ਮਿਲਿਆ। ਪੁੱਛਗਿੱਛ ਕਰਨ ਤੇ ਸੁਭਾਸ਼ ਦੇ ਪਰਿਵਾਰ ਵਾਲਿਆਂ ਤੋਂ ਪਤਾ ਲੱਗਿਆ ਕਿ ਉਹ ਆਪਣੀ ਰਿਸ਼ਤੇਦਾਰੀ ਵਿੱਚ ਬਾਗਪਤ ਜਾਂ ਬੜੌਤ ਜਾ ਸਕਦਾ ਹੈ।

ਪੁਲਿਸ ਨੇ ਉਥੇ ਛਾਪੇਮਾਰੀ ਕੀਤੀ ਅਤੇ ਸੁਭਾਸ਼ ਨੂੰ ਗ੍ਰਿਫ਼ਤਾਰ ਕਰ ਲਿਆਂਦਾ। ਸੁਭਾਸ਼ ਦੀ ਨਿਸ਼ਾਨਦੇਹੀ ਤੇ ਉਸਦੇ ਖ਼ੂਨ ਨਾਲ ਲਿੱਬੜੇ ਕੱਪੜੇ, ਹੱਤਿਆ ਵਿੱਚ ਪਾਇਆ ਗਿਆ ਕੱਟਾ ਅਤੇ ਬਾਈਕ ਬਰਾਮਦ ਕਰ ਲਈ ਗਈ। ਉਸਨੇ ਦੱਸਿਆ ਕਿ ਉਹ ਮੌਕੇ ਤੇ ਤਾਂ ਫ਼ਰਾਰ ਹੋ ਗਿਆ ਪਰ ਆਤਮ ਹੱਤਿਆ ਕਰਨਾ ਚਾਹੁੰਦਾ ਸੀ। ਮੈਂ ਮਰਨ ਦੀ ਯੋਜਨਾ ਬਣਾ ਹੀ ਰਿਹਾ ਸੀ ਕਿ ਮੈਨੂੰ ਪਕੜ ਲਿਆ ਗਿਆ।





ਪਰਮਜੀਤ ਕੌਰ ਸਰਹਿੰਦ
ਮੋਬਾਈਲ 98726-98599

# ਨਾਰਵੇ ਦਾ ਸੁੰਦਰ ਪਹਾੜ ਗਾਊਸਤਾ ਥੌਪਨ

ਉਂਜ ਤਾਂ ਨਾਰਵੇ ਦੇਸ਼ ਦੇ ਸਾਰੇ ਹੀ ਪਹਾੜ ਸੁੰਦਰਤਾ ਨਾਲ਼ ਮਾਲਾਮਾਲ ਹਨ ਪਰ ਕੁਝ ਇਕ ਆਪਣੀ ਸੁੰਦਰਤਾ ਦੇ ਨਾਲ-ਨਾਲ਼ ਕੋਈ ਹੋਰ ਖੂਬੀ ਵੀ ਰੱਖਦੇ ਹਨ ਜਿਸ ਕਾਰਨ ਦੁਨੀਆ ਭਰ ਵਿੱਚੋਂ ਸੈਲਾਨੀ ਇੱਥੇ ਪੁੱਜਦੇ ਹਨ। ਅਜਿਹਾ ਹੀ ਇਕ ਵਿਲੱਖਣ ਪਹਾੜ ਹੈ 'ਗਾਊਸਤਾ-ਥੌਪਨ'। ਇਸ ਖ਼ੂਬਸੂਰਤ ਥਾਂ ਨੂੰ ਦੇਖਣ ਲਈ ਅਸੀਂ ਵੀ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਦੋਸਤਾਂ-ਸਹੇਲੀਆਂ ਨਾਲ਼ ਉੱਥੇ ਘੁੰਮਣ ਗਏ। ਗਾਊਸਤਾ ਥੌਪਨ ਦਰਮਨ ਤੋਂ ਪੱਛਮ ਵੱਲ ਨੂੰ 85 ਕਿਲੋਮੀਟਰ ਦੀ ਦੂਰੀ



ਉੱਤੇ ਹੈ। ਅਸੀਂ ਦਰਮਨ ਤੋਂ ਕਾਰ ਰਾਹੀਂ ਘੰਟੇ ਕੁ ਦਾ ਸਫ਼ਰ ਤਹਿ ਕਰਕੇ ਨੂਥੂਦਨ ਸ਼ਹਿਰ ਪੁੱਜੇ। ਇਹ ਵੀ ਸੋਹਣੇ ਪਹਾੜਾਂ ਤੇ ਨਦੀਆਂ-ਦਰਿਆਵਾਂ ਵਾਲਾ ਰਾਹ ਸੀ ਕਈ ਥਾਵਾਂ 'ਤੇ ਝਰਨੇ ਤੇ ਹਰ ਸੁੰਦਰ ਦ੍ਰਿਸ਼ ਮੱਲੋ- ਮੱਲੀ ਕਾਰ ਦੀ ਰਫ਼ਤਾਰ ਘਟਾਉਣ ਲਈ ਮਜਬੂਰ ਕਰ ਦਿੰਦੇ ਪਰ ਪਿੱਛੇ ਲੱਗੀ ਹੋਰ ਕਾਰਾਂ ਦੀ ਕਤਾਰ ਦੇਖ ਕੇ ਅਸੀਂ ਅਸਲੀ ਰਫ਼ਤਾਰ ਨਾਲ ਤੁਰ ਪੈਂਦੇ। ਇੱਥੇ ਨਾ ਹੀ ਕੋਈ ਕਿਸੇ ਨੂੰ ਓਵਰਟੇਕ ਕਰ ਸਕਦਾ ਹੈ ਨਾ ਛੇਤੀ ਕੀਤਿਆਂ ਹਾਰਨ ਮਾਰਦਾ ਹੈ। ਹਾਰਨ ਮਾਰਨ ਨੂੰ ਇਹ ਲੋਕ ਗਾਲ ਦੇਣ ਬਰਾਬਰ ਸਮਝਦੇ ਹਨ। ਸੋ ਅਸੀਂ ਗਾਲ (ਹਾਰਨ) ਸੁਣਨ ਨਾਲੋਂ ਅੱਗੇ ਤੁਰ ਪੈਣਾ ਹੀ ਠੀਕ ਸਮਝਦੇ ਸਾਂ। ਇਹ ਲੋਕ ਅਸੂਲਾਂ ਦੇ ਬਹੁਤ ਪਾਬੰਦ ਹਨ। ਗੱਡੀ ਦੀ ਰਫ਼ਤਾਰ ਵੀ ਸੜਕ ਉੱਤੇ ਲੱਗੇ ਬੋਰਡਾਂ ਮੁਤਾਬਿਕ ਰੱਖਦੇ ਹਨ। ਕਿਤੇ ਕੋਈ ਵੀ ਟ੍ਰੈਫਿਕ ਪੁਲਿਸ ਵਾਲ਼ਾ ਨਜ਼ਰ ਨਹੀਂ ਆਉਂਦਾ ਪਰ ਜੇ ਕੋਈ ਵਾਹਨ ਚਾਲਕ ਬੇ-ਅਸੂਲੀ ਕਰਦਾ ਹੈ ਤਾਂ ਉਸ ਨੂੰ ਭਾਰੀ ਜੁਰਮਾਨਾ ਭਰਨਾ ਪੈਂਦਾ ਹੈ ਜਿਸ ਦਾ ਪਤਾ ਡਾਕ ਰਾਹੀਂ ਆਈ ਚਿੱਠੀ ਤੋਂ ਹੀ ਲੱਗਦਾ ਹੈ। ਅਸੂਲਾਂ ਦੇ ਪਾਬੰਦ ਹੋਣ ਕਾਰਨ ਇੱਥੇ ਬਹੁਤ ਹੀ ਘੱਟ ਸੜਕ ਹਾਦਸੇ ਹੁੰਦੇ ਹਨ। ਸਾਡੇ ਮੁਲਕ ਵਾਂਗ ਨਿੱਤ ਸੜਕਾਂ ਖ਼ੂਨ ਨਾਲ ਤੇ ਅਖ਼ਬਾਰਾਂ ਦਰਦਨਾਕ ਹਾਦਸਿਆਂ ਦੀਆਂ ਖ਼ਬਰਾਂ ਨਾਲ ਨਹੀਂ ਭਰੀਆਂ ਹੁੰਦੀਆਂ। ਸ਼ਾਇਦ ਇਸ ਮੁਲਕ ਦੀ ਖ਼ੁਸ਼ਹਾਲੀ ਦਾ ਇਹ ਵੀ ਇਕ ਵੱਡਾ ਕਾਰਨ ਹੈ। ਖ਼ੈਰ ! ਅਸੀਂ ਨੂਥੂਦਨ ਰੁਕ ਕੇ ਚਾਹ ਕੌਫ਼ੀ ਪੀਤੀ ਤੇ ਦੂਜੇ ਪਰਿਵਾਰ ਨੂੰ ਨਾਲ ਲੈ ਕੇ ਗਾਊਸਤਾ ਥੌਪਨ ਵੱਲ ਤੁਰ ਪਏ। ਨੂਥੂਦਨ ਤੋਂ ਬਾਹਰ ਨਿਕਲਦਿਆਂ ਹੀ ਬਾਕੀ ਦੇਖੀਆਂ ਥਾਵਾਂ ਨਾਲ਼ੋਂ ਅਲੱਗ ਦ੍ਰਿਸ਼ ਦੇਖਣ ਨੂੰ ਮਿਲੇ। ਸਾਡੇ ਦਾਮਾਦ ਅੰਮ੍ਰਿਤਪਾਲ ਸਿੰਘ ਨੇ ਸਾਨੂੰ ਦੱਸਿਆ ਸੀ ਕਿ ਇਸ ਪਾਸੇ ਵੱਲ ਸ਼ਹਿਰ ਘੱਟ ਪਿੰਡ ਜ਼ਿਆਦਾ ਹਨ। ਬਹੁਤ ਹੀ ਪਹਾੜੀ ਰਸਤਾ ਅਤੇ ਸਿਰਫ਼ ਦੂਜੀ ਸਾਹਮਣੇ ਤੋਂ ਆਉਂਦੀ ਗੱਡੀ ਨੂੰ ਪਾਸ ਦੇਣ ਲਈ ਹੀ ਸੜਕਾਂ ਦੀ ਚੌੜਾਈ ਸੀ ਪਰ ਇਹ ਸੜਕਾਂ ਵੀ ਬਹੁਤ ਵਧੀਆ ਸਨ ਕਿਤੇ ਵੀ ਕੋਈ ਟੁੱਟ-ਫੁੱਟ ਜਾਂ ਟੋਆ-ਟਿੱਬਾ ਨਹੀਂ ਸੀ। ਪਹਾੜਾਂ ਦੀਆਂ ਢਲਾਣਾਂ ਉੱਤੇ ਜੁਲਾਈ ਮਹੀਨੇ ਕਣਕ ਦੀ ਫ਼ਸਲ ਦੇਖ-ਦੇਖ ਅਸੀਂ ਆਪਣੇ ਪੰਜਾਬ ਦੀ ਮਾਰਚ-ਅਪ੍ਰੈਲ ਵਿਚ ਕੱਟ ਕੇ ਸਾਂਭੀ ਕਣਕ ਨੂੰ ਯਾਦ ਕਰ ਰਹੇ ਸਾਂ। ਕਿਧਰੇ ਸੜਕ ਕਿਨਾਰੇ ਦੋ-ਚਾਰ ਘਰ ਦਿਖਾਈ ਦਿੰਦੇ ਸਨ ਜੋ ਉੱਚੇ ਨੀਂਵੇ ਸਨ। ਦੂਰ ਪਹਾੜਾਂ ਉੱਤੇ ਜਾਂ ਜੰਗਲ ਜਿਹੇ ਵਿੱਚ ਕੋਈ ਟਾਵਾਂ-ਟਾਵਾਂ ਘਰ ਦਿਸਦਾ ਸੀ। ਕਿਤੇ-ਕਿਤੇ ਭੇਡਾਂ, ਬੱਕਰੀਆਂ ਜਾਂ ਗਾਵਾਂ ਵੀ ਘਾਹ ਚਰਦੀਆਂ ਦਿਖਾਈ ਦਿੰਦੀਆਂ ਸਨ। ਸਾਡੇ ਦਾਮਾਦ ਦੇ ਦੋਸਤ ਹਰਵਿੰਦਰ ਸਿੰਘ ਦੇ ਕਹਿਣ ਮੁਤਾਬਿਕ ਕਿ " ਰਾਤੀਂ ਪਤਾ ਲੱਗਦਾ ਹੈ ਕਿ ਇੱਥੇ ਤਾਂ ਪੰਜਾਬੀ ਕਹਾਵਤ ਵਾਂਗੂੰ ਬਾਰਾਂ ਕੋਹਾਂ ਉੱਤੇ ਦੀਵਾ ਜਗਦਾ ਦਿੱਸਦਾ ਹੈ। " ਉਸ ਦਾ ਭਾਵ ਸੀ ਕਿ ਬਹੁਤ ਘੱਟ ਵੱਸੋਂ ਵਾਲ਼ਾ ਇਲਾਕਾ ਹੈ। ਕੁਝ ਥਾਵਾਂ ਉੱਤੇ ਕਾਫ਼ੀ ਦੂਰ ਜਾਂ ਨੇੜੇ-ਨੇੜੇ ਪੰਜ-ਸੱਤ ਘਰ ਦਿਸਦੇ ਸਨ ਪਰ ਕੋਈ ਬੰਦਾ ਜਾਂ ਜਨਾਨੀ ਨਜ਼ਰ ਨਹੀਂ ਸੀ ਆਉਂਦਾ। ਕੁਝ ਛੋਟੇ-ਛੋਟੇ ਘਰ ਬੰਦ ਪਏ ਸਨ। ਬੱਚਿਆਂ ਨੇ ਦੱਸਿਆ ਕਿ ਇਹ ਤੂੜੀ ਜਾਂ ਘਾਹ ਨਾਲ ਭਰ ਕੇ ਬੰਦ ਕੀਤੇ ਹੋਏ ਹਨ ਕਿਉਂਕਿ ਗਰਮੀ ਦੀ ਰੁੱਤ ਵਿਚ ਘਾਹ ਕੱਟ ਕੇ ਸਾਂਭ ਲਿਆ ਜਾਂਦਾ ਹੈ ਅੱਗੇ ਸਤੰਬਰ ਤੋਂ ਹੀ ਸਰਦੀ ਸ਼ੁਰੂ ਹੋ ਜਾਂਦੀ ਹੈ ਅਤੇ ਕਈ ਵਾਰ ਉੱਚੀਆਂ ਥਾਵਾਂ ਉੱਤੇ ਤਾਂ ਅਕਤੂਬਰ ਮਹੀਨੇ ਬਰਫ਼ ਵੀ ਪੈ ਜਾਂਦੀ ਹੈ। ਜੁਲਾਈ ਦੇ ਮਹੀਨੇ ਵੀ ਉੱਥੇ ਪੰਜਾਬ ਦੇ ਦਸੰਬਰ ਵਰਗੀ ਠੰਢ ਸੀ ਸ਼ਾਇਦ ਤਾਂ ਹੀ ਕੋਈ ਇਨ੍ਹਾਂ ਘਰਾਂ ਦਾ ਬਾਸ਼ਿੰਦਾ ਸਾਨੂੰ ਨਹੀਂ ਸੀ ਦਿਸ ਰਿਹਾ। ਖੇਤਾਂ ਵਿਚ ਕਈ ਥਾਈਂ ਸਫ਼ੈਦ, ਨੀਲੇ ਜਾਂ ਗੁਲਾਬੀ ਰੰਗ ਦੇ ਗੋਲ-ਗੋਲ ਤੇ ਵੱਡੇ-ਵੱਡੇ ਪੈਕਟ ਦਿਖਾਈ ਦੇ ਰਹੇ ਸਨ। ਜਾਣਕਾਰੀ ਮਿਲੀ ਕਿ ਇਹ ਵੀ ਕਣਕ ਦੀ ਨਾੜ-ਤੂੜੀ ਜਾਂ ਘਾਹ ਦੀਆਂ ਪੰਜਾਬੀਆਂ ਵਾਂਗ ਬੰਨ੍ਹੀਆਂ ਪੰਡਾਂ ਹਨ। ਕੁਝ ਸਮਾਂ ਪਹਿਲਾਂ ਮੈਂ ਜਦੋਂ ਵੀ ਨਾਰਵੇ ਤੇ ਇੰਗਲੈਂਡ ਆਈ ਕੇਵਲ ਸਫ਼ੈਦ ਜਾਂ ਨੀਲੇ ਰੰਗ ਦੇ ਬੰਡਲ ਖੇਤਾਂ ਵਿਚ ਦਿਸਦੇ ਸਨ। ਗ਼ੁਲਾਬੀ ਰੰਗ ਇਸ ਵਾਰ ਹੀ ਦੇਖਣ ਵਿਚ ਆਇਆ। ਪੁੱਛਣ 'ਤੇ ਬੱਚਿਆਂ ਦੱਸਿਆ ਕਿ ਇਹ ਗ਼ੁਲਾਬੀ ਰੰਗ ਦੇ ਬੰਡਲ ਔਰਤਾਂ ਦੇ ਛਾਤੀ ਦੇ ਕੈਂਬਰ ਲਈ 'ਚੈਰਿਟੀ' ਲਈ ਬਣਾਏ ਗਏ ਹਨ। ਇਹ ਲੋਕ ਸਿਹਤ ਪ੍ਰਤੀ ਵੀ ਬਹੁਤ ਜਾਗਰੂਕ ਹਨ। ਨੀਲੇ ਬੰਡਲ ਮਰਦਾਂ ਦੇ ਕੈਂਸਰ ਦੀ 'ਚੈਰਿਟੀ' ਲਈ ਹਨ। ਰਸਤੇ ਵਿਚ ਕਈ ਥਾਵਾਂ ਉੱਤੇ ਸੈਲਾਨੀ ਆਪਣੀ ਚੱਲਦੇ ਫਿਰਦੇ ਘਰ ਵਰਗੀ ਗੱਡੀ ਲੈ ਕੇ ਰੁਕੇ ਹੋਏ ਦਿਸੇ। ਇਹ ਲੋਕ ਕੁਦਰਤੀ ਪ੍ਰੇਮ ਵਿੱਚ ਰੱਤੇ ਇਨ੍ਹਾਂ ਉਜਾੜ ਭਾਵ ਵੱਸੋਂ ਰਹਿਤ ਥਾਵਾਂ ਉੱਤੇ ਡੇਰੇ ਲਾ ਲੈਂਦੇ ਹਨ ਅਤੇ ਜੰਗਲਾਂ, ਪਹਾੜਾਂ ਜਾਂ ਨਦੀਆਂ ਦੇ ਦਰਿਆਵਾਂ ਉੱਤੇ ਘੁੰਮਦੇ ਹਨ। ਗਰਮੀ ਦੀਆਂ ਛੁੱਟੀਆਂ ਦੇ ਦੋ ਮਹੀਨੇ ਇਹ ਇਸੇ ਤਰ੍ਹਾਂ ਜੋਗੀਆਂ ਵਾਂਗ ਪਹਾੜਾਂ ਵਿਚ ਤੁਰੇ ਫਿਰਦੇ ਹਨ। ਇਨ੍ਹਾਂ ਵਿੱਚੋਂ ਕੁਝ ਲੋਕ ਤਾਂ ਸਰਦੀ ਦੇ ਮੌਸਮ ਵਿਚ ਗੋਡੇ-ਗੋਡੇ ਪਈ ਬਰਫ਼ ਵਿਚ ਵੀ ਅਜਿਹੀਆਂ ਥਾਵਾਂ ਉੱਤੇ ਛੁੱਟੀਆਂ ਦਾ ਅਨੰਦ ਮਾਣਦੇ ਹਨ। ਬਹੁਤ ਰਮਣੀਕ ਥਾਵਾਂ ਤੋਂ ਲੰਘਦੇ ਅਸੀਂ ਵੀ ਅਨੰਦਿਤ ਹੋ ਰਹੇ ਸਾਂ। ਬਹੁਤ ਔਖੇ ਪਹਾੜੀ ਰਾਹਾਂ ਉੱਤੇ ਬੱਚੇ ਇਉਂ ਗੱਡੀ ਭਜਾਈ ਜਾ ਰਹੇ ਸਨ ਜਿਵੇਂ ਕਿਸੇ ਖੁੱਲ੍ਹੇ-ਡੁੱਲ੍ਹੇ ਹਾਈ-ਵੇ ਭਾਵ ਚੌੜੀ ਮੁੱਖ ਸੜਕ ਉੱਤੇ ਜਾ ਰਹੇ ਹੋਣ। ਅਸੀਂ ਗਾਊਸਤਾ ਥੌਪਨ ਤੋਂ ਪਿੱਛੇ ਹੀ ਸਾਂ ਪਰ ਕਾਰ 'ਚ ਵੀ ਠੰਢਕ ਮਹਿਸੂਸ ਹੋ ਰਹੀ ਸੀ। ਤਕਰੀਬਨ ਢਾਈ ਕੁ ਘੰਟੇ ਬਾਅਦ ਅਸੀਂ ਇਕ ਗੰਜੇ ਜਿਹੇ ਪਹਾੜ ਦੀ ਚੋਟੀ ਉੱਤੇ ਪੁੱਜ ਗਏ। ਉੱਥੇ ਗੱਡੀਆਂ ਰੋਕਣ ਲਈ ਥਾਂ ਸੀ। ਜਿਉਂ ਹੀ ਅਸੀਂ ਕਾਰ ਵਿੱਚੋਂ ਪੈਰ ਬਾਹਰ ਰੱਖੇ ਸੀਤ ਹਵਾ ਦੇ ਬੁੱਲੇ ਕੰਬਣੀ ਛੇੜ ਗਏ। ਦਰਮਨ ਵਿਚ ਤਾਂ ਮੌਸਮ ਆਮ ਜਿਹਾ ਸੀ ਅਸੀਂ ਭਾਰੇ ਜਾਂ ਗਰਮ ਕੱਪੜੇ ਨਹੀਂ ਸਨ ਪਹਿਨੇ ਹੋਏ। ਪਰ ਇਹ ਲੋਕ ਕਾਰ ਵਿਚ ਜੈਕਟਾਂ-ਕੋਟ ਅਤੇ ਛਤਰੀਆਂ ਜ਼ਰੂਰ ਰੱਖਦੇ ਹਨ ਸੋ ਸਾਰਿਆਂ ਨੇ ਕੋਟ-ਜੈਕਟਾਂ ਪਹਿਨੀਆਂ ਅਤੇ ਉੱਥੇ ਘੁੰਮਦੇ ਰਹੇ। ਜੁਲਾਈ ਦੇ ਪਹਿਲੇ ਹਫ਼ਤੇ ਵੀ ਉੱਚੇ ਪਹਾੜਾਂ ਉੱਤੇ ਬਰਫ਼ ਪਈ ਹੋਈ ਸੀ। ਸਾਰੇ ਰਾਹਾਂ ਵਾਂਗ ਇਕ ਨਦੀ ਸਾਡੇ ਅੰਗ-ਸੰਗ ਰਹੀ। ਸਾਨੂੰ ਇੱਥੇ ਰੁਕੇ ਦੇਖ ਕੇ ਕੁਝ ਗੋਰੇ-ਗੋਰੀਆਂ ਵੀ ਉੱਥੇ ਆ ਰੁਕੇ ਪਰ ਉਹ ਸਾਡਾ ਪੰਜਾਬੀ ਪਹਿਰਾਵਾ ਖ਼ਾਸ ਕਰ ਪੱਗਾਂ ਵਾਲੇ ਸਰਦਾਰ ਨੂੰ ਦੇਖ ਕੇ ਹੈਰਾਨ ਹੁੰਦੇ ਮੁਸਕਰਾ ਰਹੇ ਸਨ। ਕੁਝ ਦੇਰ ਕੁਦਰਤ ਦੇ ਰੰਗ ਦੇਖ ਕੇ ਅਸੀਂ ਮੁੜ ਕਾਰਾਂ 'ਚ ਸਵਾਰ ਹੋ ਕੇ ਅੱਗੇ ਤੁਰ ਪਏ। ਥੋੜ੍ਹੀ ਦੇਰ ਪਿੱਛੋਂ ਅਸੀਂ ਗਾਊਸਤਾ ਥੌਪਨ ਪੁੱਜ ਗਏ। ਗਾਊਸਤਾ ਥੌਪਨ ਸਮੁੰਦਰੀ ਤਲ 'ਤੋਂ 1883 ਮੀਟਰ ਉੱਚਾ ਹੈ। ਗਾਊਸਤਾ ਇਸ ਸਥਾਨ ਦਾ ਨਾਂ ਅਤੇ ਥੌਪਨ ਨੌਸ਼ਿਕ ਭਾਸ਼ਾ ਵਿਚ ਟੌਪ ਭਾਵ ਚੋਟੀ ਨੂੰ ਕਹਿੰਦੇ ਹਨ। ਇਹ ਲੋਕ ਟੌਪਨ ਨੂੰ ਥੌਪਨ ਕਹਿੰਦੇ ਹਨ ਕਿਉਂਕਿ ਇਹ (ਟ) ਸ਼ਬਦ ਦਾ ਉਚਾਰਨ 'ਥ' ਅੱਖਰ ਤੋਂ ਕਰਦੇ ਹਨ। ਜਿਸ ਥਾਂ ਅਸੀਂ ਜਾ ਪੁੱਜੇ ਸਾਂ ਉਸ ਤੋਂ ਅੱਗੇ ਥੌਪਨ ਤਕ ਕੋਈ ਬੱਸ-ਕਾਰ ਆਦਿ ਨਹੀਂ ਜਾ ਸਕਦੀ। ਇਹ ਇਕ ਛੋਟਾ ਜਿਹਾ ਬੱਸ ਸਟਾਪ ਹੈ ਇਥੇ ਕਾਰ ਪਾਰਕਿੰਗ ਤੋਂ ਇਲਾਵਾ ਚਾਹ-ਕੌਫੀ ਦੇ ਆਰਜ਼ੀ ਜਿਹੇ ਦੋ ਸਟਾਲ ਵੀ ਸਨ। ਗਾਊਸਤਾਥੌਪਨ ਨੌਰਵੇ ਦੇ ਅਤਿ ਸੁੰਦਰ ਪਹਾੜਾਂ ਵਿੱਚੋਂ ਇਕ ਗਿਣਿਆ ਜਾਂਦਾ ਹੈ। ਭਾਵੇਂ ਇੱਥੇ ਤਾਪਮਾਨ ਬਹੁਤ ਘੱਟ ਰਹਿੰਦਾ ਹੈ ਪਰ ਫਿਰ ਵੀ ਇੱਥੇ ਹਰ ਸਾਲ 30,000 ਦੇ ਕਰੀਬ ਲੋਕ ਘੁੰਮਣ ਆਉਂਦੇ ਹਨ। ਬੱਸ ਸਟਾਪ ਦੇ ਨਾਲ ਹੀ ਇਕ ਝੀਲ ਵੀ ਹੈ। ਜਿਸ ਵਿਚ ਸੈਲਾਨੀ ਮੋਟਰ ਬੋਟ ਵਿਚ ਘੁੰਮਦੇ ਹਨ। ਸਰਦ ਰੁੱਤੇ ਇਹ ਝੀਲ ਜੰਮ ਕੇ ਬਰਫ਼ ਬਣ ਜਾਂਦੀ ਹੈ। ਇਹ ਖ਼ੂਬਸੂਰਤ ਪਹਾੜ ਦੀਆਂ ਚੋਟੀਆਂ ਅੰਬਰਾਂ ਨੂੰ ਛੋਹ ਰਹੀਆਂ ਸਨ ਤੇ ਬੱਦਲ ਜਿਵੇਂ ਉਨ੍ਹਾਂ ਦੇ ਮੋਢਿਆਂ ਉੱਤੇ ਚੜ੍ਹੇ ਬੈਠੇ ਅਠਖੇਲੀਆਂ ਕਰ ਰਹੇ ਸਨ। ਪਲਾਂ ਵਿਚ ਕਿਣ-ਮਿਣ ਤੇ ਪਲਾਂ ਵਿਚ ਮੌਸਮ ਸਾਫ਼ ਹੋ ਜਾਂਦਾ। ਸੜਕ ਦੇ ਕਿਨਾਰੇ ਗਾਊਸਤਾ ਥੌਪਨ ਦਾ ਬੋਰਡ ਲੱਗਾ ਹੋਇਆ ਸੀ। ਬੋਰਡ ਤੋਂ ਪੰਜ-ਸੱਤ ਕਦਮਾਂ ਦੀ ਵਿੱਥ ਉੱਤੇ ਬਜਰੀ ਵਾਲਾ ਰਸਤਾ ਸੀ ਅਤੇ ਉੱਥੇ ਲੱਕੜ ਦੀਆਂ ਫੱਟੀਆਂ ਦਾ ਸਾਦਾ ਤੇ ਛੋਟਾ ਜਿਹਾ ਗੇਟ ਲੱਗਾ ਹੋਇਆ ਸੀ। ਉੱਥੋਂ ਪਹਾੜ ਦੀ ਚੋਟੀ ਉੱਤੇ ਜਾਣ ਲਈ ਪੱਥਰਾਂ ਨੂੰ ਕੱਟ ਕੇ ਰਸਤਾ ਬਣਾਇਆ ਹੋਇਆ ਸੀ। ਗਾਊਸਤਾ ਦੀ ਥੌਪਨ ਉੱਤੇ ਪੁੱਜਣ ਲਈ ਉੱਚੇ-ਨੀਂਵੇ ਪੱਥਰਾਂ ਤੋਂ ਤੁਰਦਿਆਂ ਦੋ-ਢਾਈ ਘੰਟੇ ਦਾ ਸਮਾਂ ਲੱਗਦਾ ਹੈ। ਸਾਡੇ ਨਾਲ ਛੋਟੇ ਬੱਚੇ ਸਾਡੇ ਦੋਹਤਾ-ਦੋਹਤੀ ਵੀ ਸਨ। ਥੋੜ੍ਹੀ ਦੂਰ ਤਕ ਘੁੰਮ ਕੇ ਅਸੀਂ ਵਾਪਸ ਪਰਤਣਾ ਹੀ ਠੀਕ ਸਮਝਿਆ ਕਿਉਂਕਿ ਬਹੁਤ ਜ਼ਿਆਦਾ ਠੰਢ ਸੀ ਅਤੇ ਅਸੀਂ ਉੱਥੋਂ ਦੀ ਠੰਢ ਦੇ ਹਾਣ ਦੇ ਕੱਪੜੇ ਤੇ ਜੁੱਤੇ ਵੀ ਨਹੀਂ ਸਨ ਪਹਿਨੇ ਹੋਏ। ਪੰਜਾਬ ਦੇ ਪੋਹ-ਮਾਘ ਦੇ ਮਹੀਨਿਆਂ ਨਾਲੋਂ ਵੀ ਠੰਢੀਆਂ ਸੀਤ ਹਵਾਵਾਂ ਹੱਥ-ਪੈਰ ਸੁੰਨ ਕਰ ਰਹੀਆਂ ਸਨ ਪਰ ਸਾਡਾ ਮਨ ਪਿੱਛੇ ਮੁੜਨ ਨੂੰ ਨਹੀਂ ਸੀ ਕਰਦਾ। ਸਾਡੇ ਬੱਚੇ ਵੀ ਉੱਥੇ ਪਹਿਲੀ ਵਾਰ ਗਏ ਸਨ ਇਸ ਲਈ ਉਹ ਵੀ ਇਸ ਗੱਲੋਂ ਅਣਜਾਣ ਸਨ ਕਿ ਉੱਥੇ ਐਨੀ ਜ਼ਿਆਦਾ ਠੰਢ ਹੋਵੇਗੀ। ਉਸ ਚੋਟੀ ਦੇ ਉੱਪਰ ਜਾ ਕੇ ਨਾਰਵੇ ਦੇਸ਼ ਦਾ 1/6 ਭਾਗ ਦਿਖਾਈ ਦਿੰਦਾ ਹੈ। ਭਾਵ ਨਾਰਵੇ ਦਾ ਬਹੁਤ ਸਾਰਾ ਹਿੱਸਾ ਅਸੀਂ ਉੱਥੇ ਖੜ੍ਹੋ ਕੇ ਦੇਖ ਸਕਦੇ ਹਾਂ। ਬਹੁਤ ਸਮਾਂ ਪਹਿਲਾਂ ਮਿਲਟਰੀ ਨੇ ਇਸ ਪਹਾੜ ਵਿੱਚੋਂ ਰੇਲਵੇ ਲਾਈਨ ਪਾਈ ਸੀ ਜਿਸ ਦੀ ਲੰਬਾਈ 850 ਮੀਟਰ ਦੱਸੀ ਜਾਂਦੀ ਹੈ ਜਿੱਥੇ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਪੁਰਾਤਨ ਦੇਖਣਯੋਗ ਥਾਵਾਂ ਦੀ ਸੰਭਾਲ ਕਰਦੀਆਂ ਹਨ ਉੱਥੇ ਜਨਤਾ ਇਨ੍ਹਾਂ ਥਾਵਾਂ ਦੀ ਕਦਰਦਾਨ ਵੀ ਹੈ। ਇਸ ਸੁੰਦਰ ਥਾਂ ਨੂੰ ਦੇਖਣ ਤੋਂ ਬਿਨਾਂ ਮੈਂ ਇਸ ਰੇਲਵੇ ਲਾਈਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਪਹਾੜ ਵਿਚ ਰੇਲਵੇ ਲਾਈਨ ਪਾਉਣ ਲਈ ਜੋ ਟਨਲ ਬਣਾਈ ਗਈ ਉਹ ਵੀ ਨੌਸ਼ਿਕ ਹੀਦਰੋ ਕੰਪਨੀ ਨੇ ਬਣਾਈ ਸੀ। ਗਾਊਸਤਾ ਰੇਲਵੇ ਸਟੇਸ਼ਨ ਸਮੁੰਦਰੀ ਤਲ ਤੋਂ 1150 ਮੀਟਰ ਦੀ ਉਚਾਈ ਉੱਤੇ ਹੈ। ਨੌਸ਼ਿਕ ਲੋਕਾਂ ਅਨੁਸਾਰ ਗਾਊਸਤਾ ਦੀ ਇਹ ਥੌਪਨ ਭਾਵ ਚੋਟੀ ਇੱਥੋਂ 1800 ਮੀਟਰ ਉੱਚੀ ਹੈ। ਜਿਸ ਥਾਂ ਉੱਤੇ ਰੇਲ ਪਹੁੰਚਦੀ ਹੈ। ਰੇਲ ਦਾ ਇਹ ਸਫ਼ਰ 8 ਜੂਨ 1859 ਨੂੰ ਸ਼ੁਰੂ ਕੀਤਾ ਗਿਆ ਸੀ। ਸਟੇਸ਼ਨ ਤੋਂ ਰੇਲ ਕੇਵਲ 15 ਕੁ ਮਿੰਟ ਵਿਚ ਉੱਪਰ ਪੁੱਜ ਜਾਂਦੀ ਹੈ। ਗਰਮੀ ਦੀ ਰੁੱਤ ਵਿਚ ਤਾਂ ਸੈਲਾਨੀ ਪੈਦਲ ਹੀ ਉਸ ਥਾਂ ਤਕ ਜਾਣਾ ਪਸੰਦ ਕਰਦੇ ਹਨ ਪਰ ਸਰਦੀ ਦੀ ਰੁੱਤ ਵਿਚ ਬਰਫ਼ ਪੈਂਦੀ ਹੋਣ ਕਾਰਨ ਲੋਕ ਟਰੇਨ ਦਾ ਸਫ਼ਰ ਕਰਦੇ ਹਨ। ਵਰਨਣਯੋਗ ਹੈ ਕਿ ਇਸ ਮੁਲਕ ਵਿਚ ਰੇਲਵੇ ਸਫ਼ਰ ਬਹੁਤ ਮਹਿੰਗਾ ਹੈ। ਉਂਜ ਵੀ ਜਿੰਨੇ ਕੁ ਇਸ ਦੇ ਨੇੜਲੇ ਮੁਲਕਾਂ ਵਿਚ ਮੈਂ ਘੁੰਮੀ ਹਾਂ। ਉਨ੍ਹਾਂ ਵਿੱਚੋਂ ਇਹ ਹਰ ਪੱਖੋਂ ਮਹਿੰਗਾ ਹੈ। ਸਵੀਡਨ, ਡੈਨਮਾਰਕ, ਜਰਮਨੀ, ਵੇਲਜ਼ ਇੰਗਲੈਂਡ ਇਸ ਦੀ ਬਨਿਸਬਤ ਸਸਤੇ ਮੁਲਕ ਹਨ। ਇਹ ਗੱਲ ਵੀ ਅਹਿਮੀਅਤ ਰੱਖਦੀ ਹੈ ਕਿ ਇੱਥੇ ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਦੂਜੇ ਮੁਲਕਾਂ ਨਾਲੋਂ ਵੱਧ ਹਨ। ਪਰ ਕੁਦਰਤ ਨੂੰ ਪਿਆਰ ਕਰਨ ਵਾਲੇ ਜਾਂ ਘੁੰਮਣ-ਫਿਰਨ ਦਾ ਸ਼ੌਕ ਰੱਖਣ ਵਾਲ਼ੇ ਇਹ ਲੋਕ ਸਾਡੇ ਲੋਕਾਂ ਵਾਂਗ ਬੀਤੇ ਕੱਲ੍ਹ ਜਾਂ ਆਉਣ ਵਾਲੇ ਕੱਲ੍ਹ ਬਾਰੇ ਸੋਚ ਕੇ ਨਹੀਂ ਜਿਊਂਦੇ ਇਹ ਅੱਜ ਵਿਚ ਜਿਊਂਦੇ ਹਨ। ਇਹ ਲੋਕ ਕੰਮ ਦੇ ਦਿਨੀਂ ਪੂਰਾ ਕੰਮ ਕਰਦੇ ਹਨ ਪਰ ਛੁੱਟੀਆਂ ਵਿਚ ਪੂਰਾ ਮੰਨੋਰੰਜਨ ਕਰਦੇ ਹਨ। ਅਸੀਂ ਵੀ ਆਪਣੇ ਬੱਚਿਆਂ ਨਾਲ ਪੂਰਾ ਦਿਨ ਗਾਊਸਤਾ ਥੌਪਨ ਦੇ ਮਨਮੋਹਕ ਨਜ਼ਾਰੇ ਦੇਖੇ ਅਤੇ ਸ਼ਾਮੀਂ ਵਾਪਸ ਦਰਮਨ ਲਈ ਤੁਰ ਪਏ। ਗਾਊਸਤਾ ਥੌਪਨ ਦੀਆਂ ਅੰਬਰ ਛੂੰਹਦੀਆਂ ਚੋਟੀਆਂ ਅਤੇ ਹਰਿਆਵਲੇ ਪਹਾੜਾਂ ਉੱਤੇ ਝੂੰਮਦੇ ਬੱਦਲ ਅਜੇ ਵੀ ਮਨ-ਮਸਤਕ ਉੱਤੇ ਛਾਏ ਰਹਿੰਦੇ ਹਨ।•



# ਜ਼ਿੰਦਗੀ ਤੇ ਕਲਾ ਦਾ ਸੁਮੇਲ



**ਕਈ ਇਨਸਾਨ ਕਲਾ ਸਿੱਖਣ ਲਈ ਪੂਰੀ ਉਮਰ ਲਗਾ ਦਿੰਦੇ ਹਨ। ਇਹੋ ਜਿਹੇ ਇਨਸਾਨ ਹੀ ਇੱਕ ਦਿਨ ਮਾਈਕਲਏਂਜਲੋ ਦੇ ਨਾਂ ਨਾਲ ਪ੍ਰਸਿੱਧ ਹੋ ਜਾਂਦੇ ਹਨ। ਅੱਜਕੱਲ੍ਹ ਹਰ ਕੰਮ ਵਿੱਚ ਕਲਾ ਵਰਤੀ ਜਾਂਦੀ ਹੈ। ਰਸੋਈ ਵਿੱਚ ਭਾਂਡੇ ਟੀਂਡੇ ਤੇ ਹਰ ਚੀਜ਼ ਕਲਾ ਨਾਲ ਟਿਕਾਏ ਤੇ ਰੱਖੇ ਜਾਂਦੇ ਹਨ। ਘਰ ਵਿੱਚ ਡਰਾਇੰਗ ਰੂਮ ਵਿੱਚ ਸੋਫਾ ਸੈੱਟ ਤੇ ਮੇਜ਼ ਕੁਰਸੀ ਵੀ ਥਾਂ-ਪੁਰ-ਥਾਂ ਟਿਕਾਏ ਜਾਂਦੇ**



ਅਜੀਤ ਸਿੰਘ ਚੰਦਨ
ਸੰਪਰਕ: 95696-56510

ਕਲਾ ਬਿਨਾਂ ਇਨਸਾਨ ਦੀ ਕਿਧਰੇ ਕਦਰ ਨਹੀਂ ਪੈ ਸਕਦੀ। ਕਲਾ ਹੀ ਹੈ ਜੋ ਇਨਸਾਨ ਨੂੰ ਜ਼ਿੰਦਗੀ ਜਿਊਣ ਦੀ ਜਾਚ ਸਿਖਾਉਂਦੀ ਹੈ ਤੇ ਕਲਾ ਨਾਲ ਹੀ ਜ਼ਿੰਦਗੀ ਵਿੱਚ ਸਾਹ ਵਗਦੇ ਹਨ। ਜ਼ਿੰਦਗੀ ਦੇ ਸਾਰੇ ਰਾਹ ਕਲਾ ਵੱਲ ਜਾਂਦੇ ਹਨ। ਜਦ ਇਨਸਾਨ ਨੂੰ ਜ਼ਿੰਦਗੀ ਜਿਊਣ ਦੀ ਕਲਾ ਆ ਜਾਵੇ ਉਹ ਭਟਕਦਾ ਨਹੀਂ। ਉਹ ਤੁਰਦਾ ਵੀ ਸਹਿਜ ਨਾਲ ਹੈ ਤੇ ਹਰ ਰੁੱਤ ਜਾਂ ਮੌਸਮ ਵਿੱਚ ਇਨਸਾਨ ਪੂਰੀ ਛਬ-ਢਬ ਨਾਲ ਜਿਊਣ ਦਾ ਮਨ ਬਣਾ ਲੈਂਦਾ ਹੈ। ਇਸ ਲਈ ਕਲਾ ਸਿੱਖਣ ਲਈ ਇਨਸਾਨ ਕਿਸੇ ਸਕੂਲ, ਕਾਲਜ ਜਾਂ ਆਰਟ ਥਿਏਟਰ ਵਿੱਚ ਪਹੁੰਚ ਜਾਂਦਾ ਹੈ।

ਕਈ ਇਨਸਾਨ ਕਲਾ ਸਿੱਖਣ ਲਈ ਪੂਰੀ ਉਮਰ ਲਗਾ ਦਿੰਦੇ ਹਨ। ਇਹੋ ਜਿਹੇ ਇਨਸਾਨ ਹੀ ਇੱਕ ਦਿਨ ਮਾਈਕਲਏਂਜਲੋ ਦੇ ਨਾਂ ਨਾਲ ਪ੍ਰਸਿੱਧ ਹੋ ਜਾਂਦੇ ਹਨ। ਅੱਜਕੱਲ੍ਹ ਹਰ ਕੰਮ ਵਿੱਚ ਕਲਾ ਵਰਤੀ ਜਾਂਦੀ ਹੈ। ਰਸੋਈ ਵਿੱਚ ਭਾਂਡੇ ਟੀਂਡੇ ਤੇ ਹਰ ਚੀਜ਼ ਕਲਾ ਨਾਲ ਟਿਕਾਏ ਤੇ ਰੱਖੇ ਜਾਂਦੇ ਹਨ। ਘਰ ਵਿੱਚ ਡਰਾਇੰਗ ਰੂਮ ਵਿੱਚ ਸੋਫਾ ਸੈੱਟ ਤੇ ਮੇਜ਼ ਕੁਰਸੀ ਵੀ ਥਾਂ-ਪੁਰ-ਥਾਂ ਟਿਕਾਏ ਜਾਂਦੇ ਹਨ। ਨੁਮਾਇਸ਼ ਵਾਂਗ ਚੀਜ਼ਾਂ ਸਜਾਈਆਂ ਜਾਂਦੀਆਂ ਹਨ। ਅਜਿਹੇ ਕਿਸੇ ਘਰ ਵਿੱਚ ਪ੍ਰਵੇਸ਼ ਕਰਕੇ ਇਨਸਾਨ ਦਾ ਮਨ ਸ਼ਾਂਤੀ ਤੇ ਸਕੂਨ ਨਾਲ ਭਰ ਜਾਂਦਾ ਹਨ। ਸੁਆਣੀ ਚਾਹ, ਕੌਫੀ ਤੇ ਭੋਜਨ ਤਿਆਰ ਕਰਨ ਵਿੱਚ ਵੀ ਆਪਣੀ ਕਲਾ ਦੀ ਵਰਤੋਂ ਕਰਦੀ ਹੈ। ਸਾਰੇ ਪਰਿਵਾਰ ਦੇ ਜੀਅ ਇਸ ਕਲਾ ਤੋਂ ਪ੍ਰਭਾਵਿਤ ਵੀ ਹੁੰਦੇ ਹਨ ਤੇ ਖ਼ੁਸ਼ ਵੀ ਹੁੰਦੇ ਹਨ। ਅਜਿਹੀ ਸੁਆਣੀ ਨੂੰ ਹਰ ਕੋਈ ਮਾਣ-ਇੱਜ਼ਤ ਨਾਲ ਵੇਖਦਾ ਹੈ ਤੇ ਪ੍ਰਸ਼ੰਸਾ ਕਰਦਾ ਹੈ। ਘਰਾਂ ਨੂੰ ਕਿਸੇ ਨੁਮਾਇਸ਼ ਵਾਂਗ ਸਜਾ ਕੇ ਕਲਾ ਦੀ ਵਰਤੋਂ ਕੀਤੀ ਜਾਂਦੀ ਹੈ। ਇੱਥੋਂ ਤਕ ਕਿ ਕਿਸੇ ਨੂੰ ਮਿਲਣ ਵੇਲੇ ਬਾਹਰਲੀ ਘੰਟੀ ਵਜਾ ਕੇ ਬਾਹਰ ਸੱਦਿਆ ਜਾਂਦਾ ਹੈ ਤੇ ਕਈ ਕਈ ਵਾਰ ਮਿਲਣ ਦੀ ਆਗਿਆ ਵੀ ਲੈਣੀ ਪੈਂਦੀ ਹੈ।

ਅੱਜ ਦੇ ਨਵੇਂ ਜ਼ਮਾਨੇ ਵਿੱਚ ਕਲਾ ਏਨੀ ਤਰੱਕੀ ਕਰ ਗਈ ਹੈ ਕਿ ਇਨਸਾਨ ਇਸ ਕਲਾ ਰਾਹੀਂ ਹੀ ਆਪਣੀ ਰੋਟੀ ਕਮਾਉਂਦਾ ਹੈ ਤੇ ਰੁਜ਼ਗਾਰ ਵੀ ਤੋਰਦਾ ਹੈ। ਸ਼ਾਨਦਾਰ ਜ਼ਿੰਦਗੀ ਗੁਜ਼ਾਰਦਾ ਹੈ ਤੇ ਅਮੀਰੀ ਠਾਠ-ਬਾਠ ਨਾਲ ਰਹਿੰਦਾ ਹੈ। ਕਈ ਨਾਮੀ ਕਲਾਕਾਰ ਤੇ ਪੇਂਟਰ ਅਜਿਹੀਆਂ ਤਸਵੀਰਾਂ ਕੈਨਵਸ 'ਤੇ ਲਕੀਰਦੇ ਤੇ ਵਾਹੁੰਦੇ ਹਨ ਕਿ ਉਨ੍ਹਾਂ ਦੀ ਕੀਮਤ ਲੱਖਾਂ ਡਾਲਰਾਂ ਵਿੱਚ ਆਂਕੀ ਜਾਂਦੀ ਹੈ। ਪਿਕਾਸੋ ਤੇ ਵਿਨਸੈਂਟ ਵਾਨਗਾਗ ਦੀਆਂ ਕਲਾ ਕ੍ਰਿਤਾਂ ਦੀ ਹੁਣ ਕਦਰ ਪੈਣ ਕਰਕੇ ਇਹ ਤਸਵੀਰਾਂ ਜਾਂ ਪੇਂਟਿੰਗਾਂ ਕਰੋੜਾਂ ਡਾਲਰਾਂ ਵਿੱਚ ਵੀ ਵਿਕ ਜਾਂਦੀਆਂ ਹਨ। ਬਾਹਰਲੇ ਮੁਲਕਾਂ ਵਿੱਚ ਇਹ ਪੇਂਟਿੰਗਾਂ ਵੱਡੀਆਂ ਆਰਟ-ਗੈਲਰੀਆਂ ਵਿੱਚ ਲਟਕਾਈਆਂ ਹੋਈਆਂ ਹਨ। ਕਈ ਕਲਾ ਦੇ ਪੁਜਾਰੀ, ਕਲਾ ਸਿੱਖਣ ਵੇਲੇ ਤੰਗੀ ਤੁਰਸ਼ੀ ਵਿੱਚ ਵੀ ਗੁਜ਼ਾਰਾ ਕਰਦੇ ਰਹੇ ਹਨ। ਫਿਰ ਕਿਤੇ ਜਾ ਕੇ ਉਹ ਕਲਾ ਵਿੱਚ ਨਿਪੁੰਨ ਹੋ ਕੇ ਆਪਣੀ ਰੋਜ਼ੀ- ਰੋਟੀ ਕਮਾਉਣ ਦੇ ਕਾਬਲ ਬਣੇ। ਸੋਭਾ ਸਿੰਘ ਨੇ ਮਿਹਨਤ ਤੇ ਅਭਿਆਸ ਨਾਲ ਹੀ ਅਜਿਹੀਆਂ ਤਸਵੀਰਾਂ ਨੂੰ ਜਨਮ ਦਿੱਤਾ ਜੋ ਅੱਜ ਦੁਰਲੱਭ ਹਨ। ਸੋਹਣੀ-ਮਹੀਵਾਲ ਦੀ ਪੇਂਟਿੰਗ ਲੱਖਾਂ ਰੁਪਏ ਵਿੱਚ ਵਿਕਦੀ ਹੈ ਤੇ ਇੰਜ ਹੀ ਸਿੱਖ ਗੁਰੂਆਂ ਦੇ ਚਿੱਤਰ ਹਰ ਘਰ ਦਾ ਸ਼ਿੰਗਾਰ ਬਣੇ ਹੋਏ ਹਨ। ਪਰ ਇਹ ਕਲਾ ਸਿੱਖਣ ਵੇਲੇ ਸੋਭਾ ਸਿੰਘ ਨੇ ਭੁੱਖਾਂ ਤੇ ਦੁੱਖਾਂ ਦਾ ਮੁਕਾਬਲਾ ਕੀਤਾ। ਪਰ ਦ੍ਰਿੜ੍ਹਤਾ ਤੇ ਸਿਰੜ ਨਾਲ ਅੱਗੇ ਵਧਦਾ ਗਿਆ।

ਕਵਿਤਾ, ਨਾਵਲ ਤੇ ਕਹਾਣੀ ਕਲਾ ਵੀ ਇੰਜ ਹੀ ਵਿਕਸਤ ਹੁੰਦੀ ਗਈ ਤੇ ਅੱਜ ਨਾਮੀ ਲਿਖਾਰੀ ਆਪਣਾ ਨਾਂ ਇਸ ਕਲਾ ਵਿੱਚ ਚਮਕਾ ਕੇ ਇੱਜ਼ਤ -ਮਾਣ ਨਾਲ ਆਪਣਾ ਗੁਜ਼ਾਰਾ ਕਰਦੇ ਹਨ ਤੇ ਆਪਣਾ ਨਾਂ ਰੌਸ਼ਨ ਕਰੀ ਜਾ ਰਹੇ ਹਨ। ਰਾਵਿੰਦਰ ਨਾਥ ਟੈਗੋਰ ਦਾ ਨਾਂ ਕੌਣ ਨਹੀਂ ਜਾਣਦਾ ? ਉਸ ਨੇ ਕਲਾ ਰਾਹੀਂ ਹੀ ਸੰਸਾਰ ਪੱਧਰ 'ਤੇ ਆਪਣਾ ਨਾਂ ਰੌਸ਼ਨ ਕਰ ਵਿਖਾਇਆ। ਕਈ ਮੁਲਕਾਂ ਦੀ ਯਾਤਰਾ ਕੀਤੀ ਤੇ ਉੱਥੇ ਆਪਣੇ ਭਾਸ਼ਣ ਕਰਕੇ ਆਪਣੀ ਕਲਾ ਦਾ ਸਿੱਕਾ ਲੋਕਾਂ ਦੇ ਦਿਲਾਂ ਵਿੱਚ ਉਕਾਰ ਦਿੱਤਾ ਤੇ ਇਸ ਕਲਾ ਦੇ ਸਿਰ 'ਤੇ ਹੀ ਉਸ ਨੇ ਆਪਣੀ ਰਚਨਾ "ਗੀਤਾਂਜਲੀ" ਲਈ ਨੋਬਲ ਇਨਾਮ ਪ੍ਰਾਪਤ ਕੀਤਾ। ਕਈ ਹੋਰ ਭਾਸ਼ਾਵਾਂ ਵਿੱਚ ਉਸ ਦੀਆਂ ਰਚਨਾਵਾਂ ਦੇ ਅਨੁਵਾਦ ਕੀਤੇ ਗਏ। ਟੈਗੋਰ ਦੀਆਂ ਕਹਾਣੀਆਂ, ਨਾਵਲ ਤੇ ਕਵਿਤਾ ਅੱਜ ਸਾਰੇ ਸੰਸਾਰ ਵਿੱਚ ਪੜ੍ਹੇ ਜਾਂਦੇ ਹਨ।

ਜਿਹੜਾ ਇਨਸਾਨ ਅਨਪੜ੍ਹ ਤੇ ਸਾਧਾਰਨ ਹੈ ਉਸ ਨੂੰ ਉਜੱਡ ਸਮਝਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਨੂੰ ਤਾਂ ਗੱਲ ਕਰਨ ਦੀ ਵੀ ਤਮੀਜ਼ ਨਹੀਂ ਹੈ। ਤੁਰਨ ਦੀ ਜਾਚ ਇਸ ਨੇ ਅਜੇ ਸਿੱਖੀ ਨਹੀਂ। ਇਸੇ ਲਈ ਰਾਹਾਂ ਦੇ ਪੱਥਰਾਂ ਨੂੰ ਠੇਢੇ ਮਾਰਦਾ ਤੁਰੀ ਜਾਂਦਾ ਹੈ। ਲੋਕਾਂ ਨੂੰ ਗਾਲ੍ਹਾਂ ਕੱਢਦਾ ਹੈ ਤੇ ਉਨ੍ਹਾਂ ਨਾਲ ਲੜਦਾ ਹੈ। ਅਜਿਹੇ ਇਨਸਾਨ ਨੂੰ ਕਿਸੇ ਸਕੂਲ ਵਿੱਚ ਦਾਖਲ ਹੋਣ ਦੀ ਜ਼ਰੂਰਤ ਹੈ ਤਾਂ ਕਿ ਉਹ ਹਲੀਮੀ ਨਾਲ ਬੋਲਣਾ ਸਿੱਖ ਲਵੇ।

ਅੱਜਕੱਲ੍ਹ ਤਾਂ ਲੋਕਾਂ ਨੇ ਆਪਣੇ ਕੁੱਤਿਆਂ ਨੂੰ ਪਾਲ ਕੇ ਜ਼ਿੰਦਗੀ ਜਿਊਣ ਦੀ ਕਲਾ ਸਿੱਖ ਲਈ ਹੈ। ਤੁਸੀਂ ਵੀ ਵਕਤ ਅਜਾਈਂ ਨਾ ਗੁਆਓ! ਕਿਸੇ ਕਲਾ ਦੇ ਰਾਹ ਪੈ ਜਾਓ। ਕਲਾ ਦੇ ਬਹੁਤ ਖੇਤਰ ਹਨ। ਨੱਚਣਾ-ਗਾਉਣਾ ਤੇ ਹੱਸਣਾ ਸਭ ਕਲਾ ਨਾਲ ਸਬੰਧਤ ਹਨ। ਜੇ ਤੁਸੀਂ ਨੱਚਣਾ ਤੇ ਗਾਉਣਾ ਸਿੱਖ ਲਵੋ ਤਾਂ ਭੁੱਖੇ ਨਹੀਂ ਮਰੋਗੇ। ਅੱਜਕੱਲ੍ਹ ਹਜ਼ਾਰਾਂ ਨੌਜਆਨ ਮੁੰਡੇ ਇਸ ਕਲਾ ਵਿੱਚ ਆਪਣੀ ਕਿਸਮਤ ਅਜ਼ਮਾ ਰਹੇ ਹਨ। ਕੋਈ ਆਪਣੇ ਸਿਰ ਦੇ ਵਾਲ ਵੱਖਰੇ ਢੰਗ ਨਾਲ ਕਟਵਾ ਕੇ ਮਸ਼ਹੂਰ ਗਵੱਈਆ ਬਣਨ ਦੇ ਯਤਨ ਕਰਦਾ ਹੈ ਤੇ ਕੋਈ ਹੋਰ ਕਿਸੇ ਖੇਤਰ ਵਿੱਚ ਆਪਣਾ ਸਿੱਕਾ ਮਨਵਾਉਣਾ ਚਾਹੁੰਦਾ ਹੈ। ਗੱਲ ਕੀ ? ਕਲਾ ਬਿਨਾਂ ਜ਼ਿੰਦਗੀ ਅਧੂਰੀ ਹੈ ਤੇ ਸੁਹਣੀ-ਸੁਚੱਜੀ ਤੇ ਸੰਤੁਲਿਤ ਜ਼ਿੰਦਗੀ ਜਿਊਣ ਲਈ ਤੁਹਾਨੂੰ ਕਿਸੇ ਕਲਾ ਦੇ ਰਾਹ ਪੈਣਾ ਪਵੇਗਾ। ਕਲਾ ਬਿਨਾਂ ਜ਼ਿੰਦਗੀ ਬੇ-ਰਸ ਤੇ ਅਧੂਰੀ ਹੈ। ਇਸ ਨੂੰ ਮਾਣਨ ਤੇ ਜਾਣਨ ਲਈ ਕਲਾ ਜ਼ਰੂਰੀ ਹੈ।

## ਕੁਝ ਅਨਮੋਲ ਵਿਚਾਰ

1. ਕਿਤਾਬਾਂ ਭੂਤਕਾਲ ਦੀਆਂ ਜੜ੍ਹਾਂ ਦੇ ਦਰਸ਼ਨ ਕਰਵਾਉਂਦੀਆਂ ਹਨ, ਵਰਤਮਾਨ ਦਾ ਵਿਸ਼ੇਸ਼ਣ ਅਤੇ ਭਵਿੱਖ ਦੀ ਰਹਿਨੁਮਾਈ ਵਿੱਚ ਯੋਗਦਾਨ ਪਾਉਂਦੀਆਂ ਹਨ।
2. ਕਿਤਾਬਾਂ ਮਾਨਵ ਜਾਤੀ ਦੇ ਸਾਕਾਰ ਹੋਏ ਸੁਪਨੇ ਹੁੰਦੀਆਂ ਹਨ।
3. ਕਿਤਾਬਾਂ ਤਨ ਅਤੇ ਮਨ ਨੂੰ ਤਾਜ਼ਗੀ ਦਿੰਦੀਆਂ ਅਤੇ ਸ਼ਖ਼ਸੀਅਤ ਨੂੰ ਨਿਖਾਰਦੀਆਂ ਹਨ।
4. ਸਮੇਂ ਦਾ ਸਦਉਪਯੋਗ ਉਹੀ ਲੋਕ ਕਰ ਸਕਦੇ ਹਨ, ਜਿਹੜੇ ਕਿਤਾਬਾਂ ਦੇ ਵਰਕੇ ਪਲਟਣੇ ਜਾਣਦੇ ਹਨ।
5. ਕਿਤਾਬਾਂ ਵਿਚਾਰ ਬਦਲਣ ਵਿੱਚ ਸਹਾਈ ਹੁੰਦੀਆਂ ਹਨ। ਵਿਚਾਰ ਬਦਲਣ ਨਾਲ ਜ਼ਿੰਦਗੀ ਦੀ ਰਫ਼ਤਾਰ ਬਦਲ ਜਾਂਦੀ ਹੈ।
6. ਕਿਤਾਬਾਂ ਨੂੰ ਝਾੜ ਕੇ ਚਮਕਾ ਕੇ ਪੜ੍ਹੋ ਤੁਹਾਡੀ ਜ਼ਿੰਦਗੀ ਚਮਕ ਜਾਵੇਗੀ।
7. ਕਿਤਾਬਾਂ ਮਾਪੇ ਹੁੰਦੀਆਂ ਹਨ, ਬੱਚੇ ਭਾਵੇਂ ਕਿੰਨੇ ਵੱਡੇ ਹੋ ਜਾਣ, ਮਾਪੇ, ਮਾਪੇ ਹੀ ਹੁੰਦੇ ਹਨ।
8. ਕਿਤਾਬਾਂ ਨਾਲ ਜੁੜਿਆ ਮਨੁੱਖ ਇਕੱਲਾ ਮਹਿਸੂਸ ਨਹੀਂ ਕਰਦਾ।
9. ਚੰਗੀਆਂ ਕਿਤਾਬਾਂ ਮਿੱਤਰਾਂ ਦੀ ਘਾਟ ਮਹਿਸੂਸ ਨਹੀਂ ਹੋਣ ਦਿੰਦੀਆਂ।
10. ਚੰਗੀ ਕਿਤਾਬ, ਚੰਗੇ ਅਧਿਆਪਕ ਦਾ ਕੰਮ ਕਰਦੀ ਹੈ।
11. ਕਿਤਾਬਾਂ ਬੇੜੀ ਦੀ ਤਰ੍ਹਾਂ ਮਨੁੱਖ ਨੂੰ ਕਿਨਾਰੇ ਲਾ ਦਿੰਦੀਆਂ ਹਨ।
12. ਕਿਤਾਬਾਂ ਸੋਚ ਦੇ ਘੇਰੇ ਨੂੰ ਵਿਸ਼ਾਲ ਕਰਦੀਆਂ ਹਨ ਅਤੇ ਇਹ ਮਾਨਸਿਕ ਵਿਕਾਸ ਨੂੰ ਰੁਕਣ ਨਹੀਂ ਦਿੰਦੀਆਂ।
13. ਕਿਤਾਬਾਂ ਤੁਹਾਨੂੰ ਦੁਨੀਆਂ ਦੀਆਂ ਸਰਹੱਦਾਂ ਪਾਰ ਕਰਵਾ ਸਕਦੀਆਂ ਹਨ।
14. ਗਿਆਨਵਾਨ ਮਨੁੱਖ ਦੀ ਅਮੀਰੀ ਦਾ ਪਤਾ ਉਸ ਦੇ ਕਮਰੇ ਵਿੱਚ ਪਈਆਂ ਕਿਤਾਬਾਂ ਤੋਂ ਲੱਗਦਾ ਹੈ।
15. ਮੈਂ ਨਰਕ ਵਿੱਚ ਚੰਗੀਆਂ ਕਿਤਾਬਾਂ ਦੀ ਮੰਗ ਕਰਾਂਗਾ, ਮੈਨੂੰ ਯਕੀਨ ਹੈ ਕਿਤਾਬਾਂ ਨਰਕ ਨੂੰ ਸਵਰਗ ਬਣਾ ਦੇਣਗੀਆਂ।
16. ਜੇ ਤੁਸੀਂ ਕਿਤਾਬਾਂ ਨੂੰ ਸਲਾਮ ਕਰੋਗੇ ਲੋਕ ਤੁਹਾਨੂੰ ਸਲਾਮ ਕਰਨਗੇ।
17. ਘੋਖ ਕੇ ਪੜ੍ਹੀਆਂ ਕਿਤਾਬਾਂ ਮਨੁੱਖ ਨੂੰ ਸਾਹਿਤਕਾਰ ਬਣਾ ਦਿੰਦੀਆਂ ਹਨ।

**ਗੁਰਜੀਤ ਸਿੰਘ ਜਹਾਂਗੀਰ**

## ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ

ਗਗਨਦੀਪ ਸਿੰਘ
9592398822

ਭਾਰਤ ਵਿਚ ਪ੍ਰੈਸ ਦੀ ਆਜ਼ਾਦੀ ਉਤੇ ਵੱਡੇ ਹਮਲੇ ਅਕਸਰ ਹੀ ਹੁੰਦੇ ਰਹਿੰਦੇ ਹਨ। ਇਥੇ ਸਿਰਫ ਪੱਤਰਕਾਰਾਂ ਨੂੰ ਸੱਚ ਬੋਲਣ ਤੋਂ ਹੀ ਨਹੀਂ ਰੋਕਿਆ ਜਾਂਦਾ ਬਲਕਿ ਪੱਤਰਕਾਰਾਂ 'ਤੇ ਹਮਲੇ ਲਗਾਤਾਰ ਹੁੰਦੇ ਰਹਿੰਦੇ ਹਨ। ਅਫਸੋਸ ਦੀ ਗੱਲ ਇਹ ਹੈ ਕਿ ਸਿਆਸਤਦਾਨਾਂ ਦੀ ਸ਼ਹਿ ਉਤੇ ਪ੍ਰੈਸ ਦੀ ਆਜ਼ਾਦੀ ਦਾ ਗਲਾ ਘੋਟਿਆ ਜਾ ਰਿਹਾ ਹੈ। ਇਰਾਕ ਅਤੇ ਸੀਰੀਆ ਤੋਂ ਬਾਅਦ ਭਾਰਤ ਵਿਚ ਪੱਤਰਕਾਰਾਂ ਉਤੇ ਸਭ ਤੋਂ ਜ਼ਿਆਦਾ ਹਮਲੇ ਹੋ ਰਹੇ ਹਨ। ਰਿਪੋਰਟਸ ਵਿਦਾਊਟ ਬਾਰਡਰਜ਼ ਦੁਆਰਾ ਹਾਲ ਹੀ ਵਿਚ ਜਾਰੀ ਵਰਲਡ ਫ੍ਰੀਡਮ ਇਨਡੈਕਸ ਵਿਚ ਕੁੱਲ 180 ਦੇਸ਼ਾਂ ਦੀ ਸੂਚੀ ਵਿਚ ਭਾਰਤ ਨੂੰ 133ਵਾਂ ਸਥਾਨ ਹਾਸਲ ਹੋਇਆ ਹੈ। ਇਸ ਸੂਚੀ ਵਿਚ ਫਿਨਲੈਂਡ ਲਗਾਤਾਰ 6 ਸਾਲਾਂ ਤੋਂ ਪਹਿਲੇ ਸਥਾਨ 'ਤੇ ਚਲਿਆ ਆ ਰਿਹਾ ਹੈ, ਇਸ ਤੋਂ ਬਾਅਦ ਨੀਦਰਲੈਂਡ ਅਤੇ ਨਾਰਵੇ ਦਾ ਸਥਾਨ ਆਉਂਦਾ ਹੈ। ਪਿੱਛਲੀ ਵਾਰ ਤੋਂ ਭਾਰਤ 3 ਪੌੜੀਆਂ ਉਪਰ ਚੜ੍ਹਿਆ ਹੈ ਪਰ ਹੁਣ ਦੇ ਖਰਾਬ ਹਾਲਾਤ ਵਿਚੋਂ ਕਦੋਂ ਨਿਕਲੇਗਾ ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ। ਪੱਤਰਕਾਰਤਾ ਇੱਕ ਅਜਿਹਾ ਪੇਸ਼ਾ ਹੈ ਜਿਸ ਵਿਚ ਕੰਮ ਕਰਨ ਵਾਲੇ ਤੋਂ ਉਮੀਦ ਤਾਂ ਇਹ ਕੀਤੀ ਜਾਂਦੀ ਹੈ ਕਿ ਉਹ ਜਾਨ ਹਥੇਲੀ 'ਤੇ ਰੱਖ ਕੇ ਸੱਚ ਨੂੰ ਬਾਹਰ ਕੱਢੇ ਪਰ ਪੱਤਰਕਾਰਾਂ ਦੀ ਸੁਰੱਖਿਆ ਦਾ ਉਹੋ ਜਿਹਾ ਇੰਤਜ਼ਾਮ ਸਾਡੇ ਇੱਥੇ ਨਹੀਂ ਹੈ ਜਿਹੋ ਜਿਹੇ ਮਾਹੌਲ ਵਿਚ ਪੱਤਰਕਾਰ ਬਿਨ੍ਹਾਂ ਡਰ ਤੋਂ ਕੰਮ ਕਰ ਸਕਣ। ਅਕਸਰ ਦੇਖਣ ਵਿਚ ਆਇਆ ਹੈ ਕਿ ਕਦੇ ਕੋਈ ਧਾਰਮਿਕ ਸੰਗਠਨ ਪੱਤਰਕਾਰਾਂ ਦੇ ਵਿਰੁੱਧ ਹੋ ਜਾਂਦਾ ਹੈ ਜਾਂ ਕਦੇ ਸਮਾਜਿਕ ਸੰਗਠਨ। ਹੋਰ ਤਾਂ ਹੋਰ ਪਤਾ ਨਹੀਂ ਕਿੰਨੇ ਆਰਟੀਆਈ ਐਕਟੀਵਿਸਟ ਅਤੇ ਬਲਾਗਰ ਵੀ ਇਸ ਸੰਕਟ ਵਿਚ ਘਿਰੇ ਨਜ਼ਰ ਆਉਂਦੇ ਹਨ। ਫਿਲਹਾਲ ਭਾਰਤ ਵਿਚ ਮੀਡੀਆ ਉਤੇ ਦਬਾਅ ਦਾ ਦੂਜਾ ਪੱਖ ਵੀ ਹੈ ਜਿਸ 'ਤੇ ਗੱਲ ਕਰਨ ਦੀ ਉਮੀਦ ਰਿਪੋਰਟਸ ਵਿਦਾਊਟ ਬਾਰਡਰਜ਼ ਤੋਂ ਨਹੀਂ ਕੀਤੀ ਜਾ ਸਕਦੀ। ਅੰਗ੍ਰੇਜ਼ੀ ਰਾਜ ਮੌਕੇ ਅਕਬਰ ਇਲਾਹਾਬਾਦੀ ਨੇ ਕਿਹਾ ਸੀ ਕਿ ਜਦੋਂ ਤੋਪ ਦਾ ਮੁਕਾਬਲਾ ਨਾ ਹੁੰਦਾ ਹੋਵੇ ਤਾਂ ਅਖਬਾਰ ਕੱਢੋ ਪਰ ਭਾਰਤੀ ਮੀਡੀਆ ਦੇ ਅੱਜ ਇੱਕ ਹਿੱਸੇ ਦਾ ਹਾਲ ਇਹ ਹੈ ਕਿ ਉਹ ਸੱਤਾ ਦੀ ਭਾਸ਼ਾ ਬੋਲਣ ਨੂੰ ਹੀ ਆਪਣਾ ਫਰਜ਼ ਸਮਝਦਾ ਹੈ। ਇਸਦੇ ਚਲਦਿਆਂ ਜ਼ਿੰਮੇਵਾਰੀ ਨਾਲ ਆਪਣਾ ਕੰਮ ਕਰਨ ਵਾਲੇ ਮੀਡੀਆ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ। ਪ੍ਰੈਸ ਦੀ ਆਜ਼ਾਦੀ ਤਾਂ ਹੀ ਸੰਭਵ ਹੈ ਜਦੋਂ ਉਸ ਉਤੇ ਸਿਆਸੀ ਸੱਤਾ ਜਾਂ ਹੋਰ ਤਾਕਤਾਂ ਦਾ ਕੋਈ ਦਬਾਅ ਨਾ ਰਹੇ ਪਰ ਸਾਡੇ ਦੇਸ਼ ਵਿਚ ਇੰਨੇ ਸਾਰੇ ਰਿਪੋਰਟਰ ਹਰ ਸਾਲ ਅਜਿਹੀਆਂ ਤਾਕਤਾਂ ਦਾ ਸ਼ਿਕਾਰ ਹੋ ਰਹੇ ਹਨ ਕਿ ਇਸ ਵਿਚ ਕਿਸੇ ਇੱਕ ਨੂੰ ਸਭ ਤੋਂ ਵੱਡਾ ਦੁਸ਼ਮਣ ਕਹਿਣਾ ਸੰਭਵ ਨਹੀਂ ਹੈ। ਕਿੱਧਰੇ ਰੇਤ ਮਾਫੀਆ, ਕਿੱਧਰੇ ਬਿਲਡਰਜ਼, ਕਿੱਧਰੇ ਸਿਆਸਤਦਾਨ, ਕਿੱਧਰੇ ਧਰਮ ਗੁਰੂ ਉਨ੍ਹਾਂ ਦੀ ਜਾਨ ਦੇ ਪਿੱਛੇ ਪਏ ਹੋਏ ਹਨ। ਰਿਪੋਰਟਰਸ ਵਿਦਾਊਟ ਬਾਰਡਰਜ਼ ਦੀ ਰਿਪੋਰਟ ਵਿਚ ਸਾਫ ਕਿਹਾ ਗਿਆ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੀਡੀਆ ਕਵਰੇਜ਼ 'ਤੇ ਕੰਟਰੋਲ ਵਧਾਉਣ ਲਈ ਇੱਕ ਅਜਿਹੀ ਪੱਤਰਕਾਰਤਾ ਯੂਨੀਵਰਸਿਟੀ ਖੋਲ੍ਹਣ ਬਾਰੇ ਸੋਚ ਰਹੇ ਹਨ ਜਿਸ ਨੂੰ ਸੂਚਨਾ ਪ੍ਰਸਾਰਣ ਵਿਭਾਗ ਦੇ ਸੇਵਾਮੁਕਤ ਅਧਿਕਾਰੀ ਚਲਾਉਣਗੇ। ਇਹ ਤਾਂ ਪ੍ਰੈਸ ਦੀ ਆਜ਼ਾਦੀ ਨੂੰ ਹੀ ਸੁਪਨਾ ਬਣਾ ਦੇਣ ਦਾ ਰਸਤਾ ਹੈ। ਪੂਰੀ ਦੁਨੀਆਂ ਵਿਚ ਮੀਡੀਆ ਦੀ ਆਜ਼ਾਦੀ ਘੱਟ ਹੋਣ ਦੇ ਕਈ ਕਾਰਨ ਹਨ। ਜਿਨ੍ਹਾਂ ਵਿਚ ਇੱਕ ਉਸਦਾ ਆਮ ਵਿਅਕਤੀ ਦੇ ਸਰੋਕਾਰਾਂ ਤੋਂ ਦੂਰ ਹੋ ਜਾਣਾ ਵੀ ਹੈ। ਪ੍ਰੈਸ ਦੀ ਆਜ਼ਾਦੀ 'ਤੇ ਚਰਚਾ ਕਰਦੇ ਸਮੇਂ ਇਸ ਬਾਰੇ ਵਿਚ ਵੀ ਗੱਲ ਹੋਣੀ ਚਾਹੀਦੀ ਹੈ। ਪ੍ਰੈਸ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ। ਅਫਸੋਸ ਦੀ ਗੱਲ ਇਹ ਹੈ ਕਿ ਇਸ ਥੰਮ੍ਹ ਨੂੰ ਕਮਜ਼ੋਰ ਕਰਨ ਦੇ ਹੱਥਕੰਡੇ ਅਪਨਾਏ ਜਾ ਰਹੇ ਹਨ। ਇਹੀ ਕਾਰਨ ਹੈ ਕਿ ਲੋਕਤੰਤਰ ਵੀ ਕਮਜ਼ੋਰ ਹੁੰਦਾ ਜਾ ਰਿਹਾ ਹੈ। ਇਸ ਲਈ ਪ੍ਰੈਸ ਦੀ ਆਜ਼ਾਦੀ ਦੇ ਲਈ ਸਾਨੂੰ ਸਾਰਿਆਂ ਨੂੰ ਲੜਨਾ ਚਾਹੀਦਾ ਹੈ।

## ਲੋਪ ਹੋਏ ਪੰਜਾਬ ਦੇ ਰਵਾਇਤੀ ਗਹਿਣੇ



ਇਸ ਵਿੱਚ ਕੋਈ ਸ਼ੱਕ ਨਹੀ ਕਿ ਗਹਿਣੇ ਹਮੇਸ਼ਾਂ ਤੋਂ ਹੀ ਔਰਤਾਂ ਦੇ ਪਸੰਦੀਦਾ ਰਹੇ ਹਨ। ਪ੍ਰਾਚੀਨ ਸਮੇਂ ਤੋਂ ਹੀ ਭਾਰਤ ਵਿੱਚ ਇਸ ਦੇ ਪਹਿਨਣ ਦਾ ਰਿਵਾਜ ਆਮ ਹੈ। ਉਸ ਸਮੇਂ ਔਰਤਾਂ ਨੂੰ ਸੱਜਣ-ਸੰਵਰਣ ਦਾ ਬਹੁਤ ਸ਼ੌਕ ਸੀ। ਉਹ ਵਾਲਾਂ ਦੇ ਸ਼ਿੰਗਾਰ ਲਈ ਪਹਿਲਾਂ ਪੰਛੀਆਂ ਦੇ ਪਰਾਂ ਅਤੇ ਫੁੱਲਾਂ ਦੇ ਹਾਰਾਂ ਨਾਲ ਸਿਰ ਦਾ ਸ਼ਿੰਗਾਰ ਕਰਦੀਆਂ ਅਤੇ ਫਿਰ ਲਿਸ਼ਕਦਾਰ ਧਾਤਾਂ ਦਾ ਪ੍ਰਯੋਗ ਕਰਦੀਆਂ ਸਨ। ਉਸ ਸਮੇਂ ਧਨ ਦੇ ਸਾਧਨਾਂ ਦੀ ਘਾਟ ਹੋਣ ਕਰਕੇ ਸੋਨੇ ਅਤੇ ਚਾਂਦੀ ਤੋਂ ਬਿਨਾਂ ਲਾਖ, ਸ਼ੀਸ਼ੇ ਅਤੇ ਪਿੱਤਲ ਦੀਆਂ ਚੂੜੀਆਂ ਵਰਗੇ ਸਸਤੇ ਗਹਿਣੇ ਵੀ ਲੋਕਾਂ ਦੀ ਖਿੱਚ ਦਾ ਹਿੱਸਾ ਹੁੰਦੇ ਸਨ। ਪੰਜਾਬ ਦੇ ਰਵਾਇਤੀ ਗਹਿਣੇ ਔਰਤਾਂ ਅਤੇ ਮਰਦਾਂ ਦੇ ਹਰ ਅੰਗ ਲਈ ਬਣੇ ਹਨ। ਅਸਲ ਵਿੱਚ ਇਹ ਗਹਿਣੇ ਪੰਜਾਬੀ ਸੱਭਿਆਚਾਰ ਦਾ ਹਿੱਸਾ ਹਨ। ਔਰਤਾਂ ਦੇ ਗਹਿਣੀਆਂ ਵਿੱਚ 'ਸੱਗੀ' ਸਿਰ ਦੇ ਵਿਚਕਾਰ ਪਹਨਿਆ ਜਾਣ ਵਾਲਾ ਮੁੱਖ ਗਹਿਣਾ ਹੈ। ਇਸ ਦੇ ਨਾਲ ਸਿਰ 'ਤੇ ਦੁੱਪਟੇ ਨੂੰ ਜਾਂ ਕਿਸੇ ਹੋਰ ਕੱਪੜੇ ਨੂੰ ਟਿਕਾਈ ਰੱਖਣ ਵਿੱਚ ਮਦਦ ਮਿਲਦੀ ਹੈ। ਇਹ ਅਰਧ ਗੋਲੇ ਆਕਾਰ ਦਾ ਹੁੰਦਾ ਹੈ ਅਤੇ ਇਸ ਦੇ ਉਭਾਰ ਵਿੱਚ ਨੱਗ ਜੜਿਆ ਹੁੰਦਾ ਹੈ। ਇਸ ਦੇ ਆਲੇ-ਦੁਆਲੇ ਫੁੱਲਾਂ ਦੇ ਨਮੂਨੇ ਉੱਕਰੇ ਹੁੰਦੇ ਹਨ। ਇਸ ਲਈ ਇਸ ਨੂੰ 'ਸੱਗੀ ਫੁੱਲ' ਜਾਂ 'ਸੀਸ ਫੁੱਲ' ਕਿਹਾ ਜਾਂਦਾ ਹੈ। 'ਸੱਗੀ ਫੁੱਲ' ਤੋਂ ਬਿਨਾਂ ਸਰੀਰ ਦੇ ਸ਼ਿੰਗਾਰ ਲਈ ਹੋਰ ਕਈ ਗਹਿਣੇ ਹਨ। ਜਿਵੇਂ ਕਿ ਕੰਨਾਂ ਲਈ 'ਪਿੱਪਲ ਪੱਤੀਆਂ', 'ਲੋਟਣ', 'ਵਾਲੀ ਜਾਂ ਗੋਸ਼ਵਾਲ', 'ਝੁਮਕੇ' ਆਦਿ ਹਨ। ਇਸੇ ਤਰ੍ਹਾਂ ਨੱਕ ਵਿੱਚ 'ਨੱਥ'। ਇਹ ਵੱਡੇ ਆਕਾਰ ਦੀ ਸੋਲ ਹੈ ਜਿਸ ਵਿੱਚ ਹੀਰੇ ਮੋਤੀ ਜੜੇ ਤੇ ਹੋਰ ਗਹਿਣੇ ਸਜਾਵਟ ਲਈ ਲਟਕਾਏ ਹੁੰਦੇ ਹਨ। 'ਲੌਂਗ' ਨੱਕ ਦੇ ਇੱਕ ਪਾਸੇ ਪਹਿਨਿਆ ਜਾਣ ਵਾਲਾ ਕੋਕਾ ਹੁੰਦਾ ਹੈ। ਗਲੇ ਲਈ 'ਚੰਦਨਹਾਰ', 'ਮਾਲਾ', 'ਜੁਗਨੀ', 'ਮੋਹਰਾਂ' ਆਦਿ ਹਨ। 'ਬਾਹਾਂ' ਲਈ 'ਬਾਜੂਬੰਦ' ਜੋ ਕਿ ਪੇਟੀ ਵਰਗਾ ਚਾਂਦੀ ਦੀ ਪੱਟੀ 'ਤੇ ਜੜਿਆ ਗਹਿਣਾ ਹੁੰਦਾ ਹੈ। ਜਿਹੜਾ ਡੌਲੇ 'ਤੇ ਬੰਨ੍ਹਿਆਂ ਜਾਂਦਾ ਹੈ। ਗੁੱਟ ਲਈ 'ਕੰਗਣਾ' ਜਾਂ 'ਕੜਾ', 'ਗਜਰਾ', 'ਚੂੜੀਆਂ', 'ਬਾਂਕਾ' ਆਦਿ। 'ਉਂਗਲੀਆਂ' ਲਈ 'ਅੰਗੂਠੀ', 'ਛੱਲਾ', 'ਬ੍ਰਿਹਮ ਗੰਢ', 'ਖਾਰੀ ਪੰਜ ਅੰਗਲਾਂ' ਜੋ ਕਿ ਹੱਥ ਦੀਆਂ ਸਾਰੀਆਂ ਉਂਗਲੀਆਂ ਲਈ ਸਾਧਾਰਨ ਛੱਲਿਆਂ ਦਾ ਸੈੱਟ ਹੁੰਦਾ ਹੈ।


ਸਮੇਂ ਦੇ ਬਦਲਣ ਨਾਲ ਗਹਿਣਿਆਂ ਦਾ ਰਿਵਾਜ ਤੇ ਫੈਸ਼ਨ ਬਦਲਦਾ ਰਹਿੰਦਾ ਹੈ, ਪਰ ਇਹ ਹਰ ਸਮੇਂ ਹਰ ਯੁੱਗ ਵਿੱਚ ਪ੍ਰਚੱਲਿਤ ਹੁੰਦੇ ਰਹੇ ਹਨ।

ਅੱਜ ਦੇ ਇਸ ਨਵੀਨ ਯੁੱਗ ਵਿੱਚ ਗਹਿਣਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਜ਼ਿਆਦਾਤਰ ਗਹਿਣੇ ਬਣਾਉਣ ਲਈ ਸੋਨਾ ਹਮੇਸ਼ਾਂ ਮਨ ਪਸੰਦ ਧਾਤ ਰਹੀ ਹੈ। ਪੁਰਾਣੇ ਸਮੇਂ ਵਿੱਚ 'ਰਾਣੀ ਹਾਰ' ਬਹੁਤ ਪ੍ਰਚੱਲਿਤ ਸੀ। ਉਸ ਸਮੇਂ ਦੇ ਬਣੇ ਹੋਏ ਡਿਜ਼ਾਇਨਾਂ ਨੂੰ ਅੱਜ ਵੀ ਪਸੰਦ ਕੀਤਾ ਜਾਂਦਾ ਹੈ। ਅੱਜ ਦੇ ਯੁੱਗ ਵਿੱਚ ਔਰਤਾਂ ਗਹਿਣੇ ਤਾਂ ਪਹਿਨਦੀਆਂ ਹਨ, ਪਰ ਇਨ੍ਹਾਂ ਗਹਿਣਿਆਂ ਦਾ ਰੂਪ ਬਦਲ ਗਿਆ ਹੈ। ਟਿੱਕਾ, ਲੋਟਣ, ਸੱਗੀ ਫੁੱਲ, ਚੂੜੀਆਂ, ਮੋਹਰਾਂ ਅਤੇ ਸਿੰਘ ਤਵੀਤੀਆਂ ਦੀ ਜਗ੍ਹਾ ਬ੍ਰੈਸਲੇਟ, ਪੈਂਡੈਂਟ ਸੈੱਟ ਅਤੇ ਈਅਰਰਿੰਗਜ਼ ਨੇ ਲੈ ਲਈ ਹੈ। ਸਾਡੇ ਰਵਾਇਤੀ ਗਹਿਣੇ ਹੁਣ ਨਾਮ ਦੇ ਹੀ ਸੱਭਿਆਚਾਰ ਦਾ ਹਿੱਸਾ ਹਨ। ਅੱਜ ਦੇ ਸਮੇਂ ਵਿੱਚ ਇਹ ਸਭ ਗਹਿਣੇ ਮੇਲੇ, ਤੀਆਂ ਜਾਂ ਯੂਥ ਫੈਸਟੀਵਲ ਵਰਗੇ ਪ੍ਰੋਗਰਾਮਾਂ ਵਿੱਚ ਹੀ ਵੇਖਣ ਨੂੰ ਮਿਲਦੇ ਹਨ। ਲੋੜ ਹੈ ਸਾਨੂੰ ਆਪਣੇ ਵਿਰਾਸਤੀ ਗਹਿਣਿਆਂ ਨੂੰ ਸਾਂਭ ਕੇ ਰੱਖਣ ਦੀ ਤਾਂ ਜੋ ਇਹ ਵਿਰਸਾ ਹਮੇਸ਼ਾਂ ਅਮੀਰ ਰਹੇ।

**ਮਨਪ੍ਰੀਤ ਕੌਰ**




# ਬਜ਼ੁਰਗ ਮਾਂ ਦਾ ਦਰਦ



ਜ਼ਿੰਦਗੀ ਦੇ ਆਖਰੀ ਪਹਿਰ ਵਿਚ ਪਹੁੰਚੀ ਬੁੱਢੀ ਮਾਂ ਹੁਣ ਬਹੁਤ ਉਦਾਸ ਹੈ। ਜਦੋਂ ਢਿੱਡੋਂ ਜੰਮੇ ਪੁੱਤਰ ਹੀ ਬੇਗਾਨੇ ਹੋ ਜਾਣ, ਉਦੋਂ ਕਿਸੇ ਮਾਂ ਦੇ ਦਰਦ ਦੀ ਸ਼ਿੱਦਤ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਸਰੀਰਕ ਰੂਪ ਵਿਚ ਨਿਤਾਣੀ ਹੋਈ ਮਾਂ ਉਮਰ ਦੇ ਇਸ ਪੜਾਅ 'ਤੇ ਨਾ ਚੰਗੀ ਤਰ੍ਹਾਂ ਚੱਲ ਸਕਦੀ ਹੈ ਤੇ ਅੱਖਾਂ ਦੀ ਨਜ਼ਰ ਵੀ ਏਨੀ ਕਮਜ਼ੋਰ ਹੋ ਗਈ ਹੈ ਕਿ ਕਿਸੇ ਨੂੰ ਪਛਾਣਨ ਤੋਂ ਅਸਮਰੱਥ ਹੈ। ਗਿਣਤੀਆਂ-ਮਿਣਤੀਆਂ ਕਰਦੀ ਉਦਾਸ ਬੈਠੀ ਮਾਂ, ਬਹੁਤ ਪਿੱਛੇ ਰਹਿ ਗਏ ਉਨ੍ਹਾਂ ਵੇਲਿਆਂ ਨੂੰ ਯਾਦ ਕਰ-ਕਰ ਝੁਰਦੀ ਹੈ, ਜਦੋਂ ਪੁੱਤਰ ਦੀ ਖਾਤਰ ਉਸ ਨੇ ਪਤਾ ਨਹੀਂ ਕਿੱਥੇ-ਕਿੱਥੇ ਮੱਥੇ ਰਗੜੇ ਸਨ। ਜਦੋਂ ਉਹਦੀ ਆਸ ਨੂੰ ਫਲ ਪਿਆ ਤਾਂ ਉਹ ਜਿਵੇਂ ਖੁਸ਼ੀ ਨਾਲ ਪਾਗਲ ਹੋ ਉੱਠੀ। ਸਾਰਾ ਘਰ ਹੀ ਖੁਸ਼ੀਆਂ ਦੇ ਆਲਮ ਵਿਚ ਝੂਮ ਉੱਠਿਆ। ਮਾਂ ਨੇ ਜ਼ਿੰਦਗੀ ਦਾ ਹਰ ਪਲ ਜਿਵੇਂ ਆਪਣੇ ਲਾਡਲੇ ਦੀ ਪਾਲਣਾ ਦੇ ਲੇਖੇ ਲਾ ਦਿੱਤਾ, ਹਾਲਾਂਕਿ ਪਹਿਲਾ ਬੱਚਾ ਧੀ ਸੀ ਤੇ ਪੁੱਤਰ ਤੋਂ ਬਾਅਦ ਹੋਰ ਬੱਚੇ ਦੀ ਕੋਈ ਲੋੜ ਨਹੀਂ ਸੀ। ਪਰ ਮਾਂ ਦੇ ਮਨ ਵਿਚ ਪੁੱਤਰਾਂ ਦੀ ਜੋੜੀ ਹੋਣ ਦੀ ਰੀਝ ਨਾਲ ਛੇਤੀ ਹੀ ਮਾਂ ਦੀ ਝੋਲੀ ਇਕ ਹੋਰ ਪੁੱਤਰ ਨਾਲ ਭਰ ਗਈ। ਉਹ ਹਰ ਪਲ ਰੱਬ ਦਾ ਸ਼ੁਕਰ ਕਰਦੀ ਤੇ ਆਪਣੇ-ਆਪ ਨੂੰ ਭਾਗਾਂ ਵਾਲੀ ਸਮਝਦੀ। ਮਾਂ-ਬਾਪ ਹਰ ਵੇਲੇ ਇਹੀ ਸੋਚਦੇ ਕਿ ਸਾਡੇ ਪੁੱਤਰ ਚੰਗੇ ਪੜ੍ਹ-ਲਿਖ ਕੇ, ਉੱਚੇ ਅਹੁਦਿਆਂ 'ਤੇ ਪਹੁੰਚਣ। ਆਰਥਿਕ ਹਾਲਤ ਬਹੁਤ ਚੰਗੀ ਨਾ ਹੋਣ ਦੇ ਬਾਵਜੂਦ ਮਾਪਿਆਂ ਨੇ ਕਿਰਸਾਂ ਕਰ-ਕਰ ਕੇ ਆਪਣੇ ਲਾਡਲਿਆਂ ਨੂੰ ਉੱਚ-ਵਿੱਦਿਆ ਦਿਵਾਈ। ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਵੱਡਾ ਪੁੱਤਰ ਥਾਣੇਦਾਰ ਲੱਗ ਗਿਆ ਤੇ ਛੋਟਾ ਵੀ ਕਿਸੇ ਮਹਿਕਮੇ ਵਿਚ ਚੰਗੇ ਅਹੁਦੇ 'ਤੇ ਲੱਗ ਗਿਆ। ਮਾਂ ਹੁਣ ਫੁੱਲੀ ਨਹੀਂ ਸਮਾਉਂਦੀ ਸੀ। ਦੋਵੇਂ ਪੁੱਤਰ ਘਰੋਂ ਬਾਹਰ ਨੌਕਰੀਆਂ ਕਰਨ ਲੱਗੇ। ਹਫਤੇ-ਪੰਦਰੀਂ ਦਿਨੀਂ ਆਉਂਦੇ ਤਾਂ ਮਾਂ ਨੂੰ ਜਿਵੇਂ ਚਾਅ ਚੜ੍ਹ ਜਾਂਦਾ। ਹੌਲੀ-ਹੌਲੀ ਧੀ ਵਿਆਹੀ ਗਈ। ਪੁੱਤਰਾਂ ਦੇ ਵਿਆਹਾਂ ਸਮੇਂ ਵੀ ਮਾਂ-ਬਾਪ ਤੋਂ ਖੁਸ਼ੀ ਸਾਂਭੀ ਨਹੀਂ ਜਾਂਦੀ ਸੀ। ਦੋਵੇਂ ਪੁੱਤਰ ਆਪਣੀਆਂ ਘਰ ਵਾਲੀਆਂ ਨਾਲ ਪਰਚ ਗਏ। ਹੁਣ ਮਾਂ ਉਡੀਕਦੀ ਰਹਿੰਦੀ ਪਰ ਪੁੱਤਰ ਕਈ-ਕਈ ਮਹੀਨਿਆਂ ਬਾਅਦ ਖੜ੍ਹੇ-ਖੜ੍ਹੇ ਆਉਂਦੇ ਤੇ ਛੇਤੀ ਹੀ ਪਰਤ ਜਾਂਦੇ। ਜੀਵਨ ਸਾਥੀ ਦੇ ਵਿਛੜਨ ਤੋਂ ਬਾਅਦ ਮਾਂ ਇਕੱਲੀ ਰਹਿ ਗਈ। ਪੁੱਤਰਾਂ ਨੇ ਆਪਣੀਆਂ ਨੌਕਰੀਆਂ ਵਾਲੇ ਸ਼ਹਿਰਾਂ ਵਿਚ ਹੀ ਕੋਠੀਆਂ ਪਾ ਲਈਆਂ। ਕਦੇ-ਕਦੇ ਉਹ ਮਾਂ ਨੂੰ ਲੋਕਾਚਾਰੀ ਲਈ ਆਪਣੇ ਨਾਲ ਲੈ ਤਾਂ ਜਾਂਦੇ ਪਰ ਉਨ੍ਹਾਂ ਦੇ ਵਤੀਰੇ ਤੋਂ ਮਾਂ ਛੇਤੀ ਹੀ ਅੱਕ ਜਾਂਦੀ ਤੇ ਆਪਣੇ ਪਿੰਡ ਪਰਤ ਆਉਂਦੀ। ਉਮਰ ਦੇ ਤਕਾਜ਼ੇ ਨਾਲ ਮਾਂ ਬਿਰਧ ਹੋ ਗਈ। ਰੋਟੀ-ਪਾਣੀ ਤੋਂ ਵੀ ਔਖੀ ਹੋ ਗਈ। ਕੋਈ ਗੁਆਂਢਣ ਤਰਸ ਖਾ ਕੇ ਰੋਟੀ-ਪਾਣੀ ਤਾਂ ਦੇ ਦਿੰਦੀ ਪਰ ਰਾਤਾਂ ਨੂੰ ਘਰ ਵਿਚ ਪਸਰੀ ਸੁੰਨ ਤੇ ਇਕੱਲਤਾ ਨੇ ਮਾਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ। ਖ਼ੂਨ ਇੰਨਾ ਚਿੱਟਾ ਹੋ ਗਿਆ ਕਿ ਪੁੱਤਰਾਂ ਨੇ ਮਾਂ ਦੀ ਕੋਈ ਸਾਰ ਲੈਣੀ ਹੀ ਛੱਡ ਦਿੱਤੀ। ਉਹ ਆਪਣੇ ਸੁੱਖਾਂ ਵਿਚ ਇਸ ਕਦਰ ਗਲਤਾਨ ਹੋ ਗਏ ਕਿ ਬੁੱਢੀ ਮਾਂ ਨੂੰ ਹੀ ਭੁੱਲ ਗਏ। ਧੀ ਜਦੋਂ ਤੱਕ ਜਿਊਂਦੀ ਰਹੀ, ਉਹ ਮਾਂ ਨੂੰ ਆਪਣੇ ਕੋਲ ਲੈ ਆਉਂਦੀ ਰਹੀ। ਦੋ ਪੁੱਤਰਾਂ ਦੇ ਹੁੰਦਿਆਂ ਵੀ ਬਿਰਧ ਹੋਈ ਮਾਂ ਨੂੰ ਸਾਂਭਣ ਲਈ ਜਦੋਂ ਕੋਈ ਨਾ ਹੀ ਬਹੁੜਿਆ ਤਾਂ ਪੇਕਿਆ ਤੋਂ ਇਹ ਦੁੱਖ ਜਰਿਆ ਨਾ ਗਿਆ। ਬਹੁਤ ਉਦਾਸ ਹੈ ਹੁਣ ਬੁੱਢੀ ਮਾਂ। ਪੇਕੇ ਘਰ ਵਿਚ ਦੇਖ-ਭਾਲ ਹੋਣ ਦੇ ਬਾਵਜੂਦ ਵੀ, ਮਾਂ ਦਾ ਦਿਲ ਆਪਣੇ ਪੁੱਤਰਾਂ ਲਈ ਹੀ ਧੜਕਦਾ ਹੈ। ਕੋਠੀਆਂ, ਕਾਰਾਂ ਤੇ ਆਰਥਿਕ ਤੌਰ 'ਤੇ ਚੰਗੇ ਖਾਂਦੇ-ਪੀਂਦੇ ਪੁੱਤਰਾਂ ਨੂੰ ਆਪਣੀ ਬੁੱਢੀ ਮਾਂ ਦਾ ਚੇਤਾ ਭੁੱਲ ਜਾਣਾ, ਸਾਡੇ ਸਮਿਆਂ ਦਾ ਸਭ ਤੋਂ ਵੱਡਾ ਦਰਦ ਹੈ। ਜਦੋਂ ਵੀ ਕੋਈ ਖੜਾਕ ਹੁੰਦਾ ਹੈ ਤਾਂ ਬੁੱਢੀ ਮਾਂ ਨੂੰ ਜਾਪਦਾ ਹੈ, ਜਿਵੇਂ ਉਹਦੇ ਪੁੱਤਰ ਹੀ ਉਹਨੂੰ ਮਿਲਣ ਆਏ ਹੋਣ। ਉਦਾਸ ਹੋਈ ਬੁੱਢੀ ਮਾਂ ਦੇ ਮਨ ਵਿਚ ਦਰਦ ਦੇ ਜਿਹੜੇ ਵਾਵਰੋਲੇ ਉੱਠਦੇ ਹਨ, ਉਨ੍ਹਾਂ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਬਹੁਤ ਔਖਾ ਹੈ।

-ਗੁਰਬਿੰਦਰ ਸਿੰਘ ਮਾਣਕ

## ਰਸਤਾ ਲੱਭੋ



## ਕੀ ਤੁਸੀਂ ਬੁੱਝ ਸਕਦੇ ਹੋ ਹੇਠਾ ਦਿੱਤੇ ਚਿੱਤਰ ਵਿੱਚ ਕਿੰਨੀਆਂ ਚੀਜ਼ਾਂ ਹਨ...?



## ਬਿੰਦੂ ਮਿਲਾਓ





## ਦੁਨੀਆ ਦਾ ਸਭ ਤੋਂ ਵੱਡਾ ਮਹਾਂਸਾਗਰ ਸਫ਼ਾਈ ਅਭਿਆਨ ਸ਼ੁਰੂ

ਸਮੁੰਦਰ ਵਿੱਚ ਪਲਾਸਟਿਕ ਅਤੇ ਪ੍ਰਦੂਸ਼ਣ ਦੇ ਖਤਰੇ ਨੂੰ ਘੱਟ ਕਰਨ ਲਈ ਦੁਨਿਆਭਰ ਵਿੱਚ ਕਈ ਪ੍ਰਯੋਗ ਹੋ ਰਹੇ ਹਨ । ਬੀਤੇ ਦਿਨੀਂ ਸਮੰਦਰ ਨੂੰ ਸਾਫ਼ ਕਰਨ ਅਤੇ ਪ੍ਰਦੂਸ਼ਣ ਰਹਿਤ ਬਣਾਉਣ ਲਈ ਸੰਸਾਰ ਦਾ ਸਭ ਤੋਂ ਵੱਡਾ 'ਓਸ਼ਨ ਕਲੀਨਅਪ ਅਭਿਆਨ' ਲਾਂਚ ਕੀਤਾ ਗਿਆ। ਇਸ ਅਭਿਆਨ ਦੀ ਸ਼ੁਰੂਆਤ ਕਰਨਵਾਲੇ ਮੂਲ ਰੂਪ ਤੋਂ ਡਚ ਬੋਯਾਨ ਸਲਾਟ ਹਨ। ਬੋਯਾਨ ਦੱਸਦੇ ਹਨ ਕਿ 8 ਸਾਲ ਪਹਿਲਾਂ ਉਹ ਜਦੋਂ 16 ਸਾਲ ਦੇ ਸਨ ਤੱਦ ਉਸ ਨੇ ਸਮੁੰਦਰ ਮਾਰਗ ਤੋਂ ਗ੍ਰੀਸ ਦੀ ਯਾਤਰਾ ਕੀਤੀ ਸੀ । ਬੋਯਾਨ ਨੇ ਦੱਸਿਆ ਕਿ ਗ੍ਰੀਸ ਜਾਣ ਦੇ ਰਸਤੇ ਵਿੱਚ ਮੈਨੂੰ ਮਛੀਆਂ ਤੋਂ ਜ਼ਿਆਦਾ ਤਾਂ ਪਲਾਸਟਿਕ ਪਾਣੀ ਵਿੱਚ ਨਜ਼ਰ ਆ ਰਿਹਾ ਸੀ ਅਤੇ ਇਹ ਮੇਰੇ ਲਈ ਬਹੁਤ ਦੁਖਦ ਸੀ । ਪਿਛਲੇ 8 ਸਾਲ ਤੋਂ ਮੈਂ ਇਸ ਉੱਤੇ ਕੰਮ ਕਰ ਰਿਹਾ ਹਾਂ ਕਿ ਸਮੁੰਦਰ ਤੋਂ ਜ਼ਿਆਦਾ ਤੋਂ ਜ਼ਿਆਦਾ ਪਲਾਸਟਿਕ ਕਿਵੇਂ ਕੱਢਿਆ ਜਾ ਸਕੇ । ਬੋਯਾਨ ਅਤੇ ਉਨ੍ਹਾਂ ਦੀ ਟੀਮ 8 ਸਾਲ ਤੋਂ ਇਸ ਦਿਸ਼ਾ ਵਿੱਚ ਕੰਮ ਕਰ ਰਹੀ ਹੈ, ਅਤੇ 2000 ਫ਼ੁੱਟ ਦੇ ਯੂ ਸਰੂਪ ਵਾਲੇ ਕਲੇਕਸ਼ਨ ਸਿਸਟਮ ਨੂੰ ਲਾਂਚ ਕੀਤਾ ਗਿਆ। ਇਸਦੇ ਜ਼ਰਿਏ ਕੈਲੇਫੋਰਨੀਆ ਤੋਂ ਹਵਾਈ ਤੱਕ ਦੇ ਸਮੁੰਦਰ ਖੇਤਰ 600,000 ਵਿੱਚੋਂ ਕਚਰੇ ਨੂੰ ਕੱਢਕੇ ਪਾਣੀ ਨੂੰ ਸਾਫ਼ ਕਰਨਾ ਹੈ । ਟੀਮ ਦਾ ਟੀਚਾ ਹੈ ਕਿ ਹਰ ਸਾਲ ਸਮੁੰਦਰ ਤੋਂ 50 ਟਨ ਦੇ ਕਰੀਬ ਕੂੜਾ ਕੱਢਿਆ ਜਾ ਸਕੇ । ਨਾਲ ਹੀ ਪਲਾਸਟਿਕ ਅਤੇ ਸਮੁੰਦਰ ਤੋਂ ਕੱਢੇ ਗਏ ਕੂੜੇ ਨੂੰ ਰੀਸਾਇਕਲ ਕਰਨ ਦੀ ਵੀ ਯੋਜਨਾ ਹੈ ।

## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ । ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?



ਉੱਤਰ : ਝਾੜੂ ਦਾ ਹੈਂਡਲ, ਬਿੱਲੀ ਦੀ ਮੁੱਛ, ਚੂਹੇ ਦੀ ਪੂੰਛ, ਘਰ ਦਾ ਨੰਬਰ, ਪੱਤਾ ਅਤੇ ਲਾਇਟ ਗਾਇਬ ਹੈ।

# ਕਾਵਿ ਕਿਆਰੀ

## ਜ਼ਿੰਦਗੀ ਦੇ ਕਾਫ਼ਲੇ



ਮੌਲਦੇ ਨੇ ਹੌਸਲੇ,
ਤੇ ਜਾਗਦੇ ਨੇ ਵਲਵਲੇ ।
ਮੰਜ਼ਲਾਂ ਵਲ ਵਧ ਰਹੇ ਨੇ,
ਜ਼ਿੰਦਗੀ ਦੇ ਕਾਫ਼ਲੇ ।

ਮਿਲ ਗਈ ਹੈ ਤਾਜ਼ਗੀ,
ਤੇ ਦੂਰ ਹੋਈ ਬੇਬਸੀ,
ਇੱਕ ਨਵੇਲੇ ਹੁਸਨ ਤਾਈਂ,
ਹਾਣ ਸਾਡੇ ਜਾ ਮਿਲੇ ।

ਸਾਂਝ ਦੀ ਪਹਿਚਾਣ ਹੈ,
ਤੇ ਜ਼ਿੰਦਗੀ ਦਾ ਤਾਣ ਹੈ,
ਬੁੱਕਲਾਂ 'ਚ ਹੋਣੀਆਂ ਦੇ,
ਬਣ ਰਹੇ ਨੇ ਜ਼ਲਜ਼ਲੇ ।

ਕੰਮ ਦੀ ਤੇ ਵਿਹਲ ਦੀ,
ਇੱਕ ਲੜਾਈ ਅੱਜ ਛਿੜੀ,
ਜ਼ਿੰਦਗੀ ਤੇ ਮੌਤ ਦੇ ਹੁਣ,
ਛਿੜ ਪਏ ਨੇ ਮਾਮਲੇ ।

ਮਾਲਕਾਂ ਦੀ ਸੰਗ-ਦਿਲੀ,
ਹੈ ਗੈਰ ਮਿਹਨਤ ਤੇ ਪਲੀ,
ਮਿਹਨਤਾਂ ਤੋਂ ਹੀ ਬਣੇ ਨੇ,
ਇਨਕਲਾਬੀ ਸਿਲਸਿਲੇ ।

ਤਾੜਨਾ ਹਰ ਟਲ ਗਈ,
ਤੇ ਹਾਕਮੀ ਹਰ ਢਲ ਗਈ,
ਏਕਤਾ 'ਚੋਂ ਲਿਸ਼ਕਦੇ ਨੇ,
ਲੇਖ ਸਾਡੇ ਰਾਂਗਲੇ ।

ਹਿਰਖ ਚਮੜੀ ਦੀ ਸੜੀ,
ਪਿਆਰ ਹੋਇਆ ਸੂਰਜੀ,
ਇਸ਼ਕ ਦੀ ਨਵ-ਹਿੱਕੜੀ 'ਚੋਂ,
ਮੱਚ ਉਠੇ ਹਲਚਲੇ ।

ਮਿਹਨਤਾਂ ਨੇ ਵਾਜ ਮਾਰੀ,
ਤੇ ਕਿਸਾਨਾਂ ਸੁਣ ਲਈ,
ਲੋਕ-ਚਾਨਣ ਦਾ ਪਸਾਰਾ,
ਹੋਂਵਦਾ ਹਰ ਦਿਨ-ਢਲੇ ।

## ਮੁਕਲਾਵੇ ਮੈਨੂੰ ਤੋਰ ਨੀ ਮਾਂ

ਮਾਵਾਂ ਠੰਡੀਆਂ ਛਾਵਾਂ ਮਾਏ ।
ਲੱਖ ਤੇਰੇ ਗੁਣ ਗਾਵਾਂ ਮਾਏ ।
ਤੈਨੂੰ ਵਾਸਤੇ ਪਾਵਾਂ ਮਾਏ ।
ਇੱਕੋ ਪਰਦਾ ਮਾਵਾਂ ਧੀਆਂ ਦਾ,
ਆਖਾਂ ਤੈਨੂੰ ਠੋਰ ਨੀ ਮਾਂ ।

ਜੋਬ਼ ਜੁਆਨੀ ਤੇ ਹੁਸਨ ਕਹਿਰ ਦਾ ।
ਦਿਲੀ-ਵਹਿਣ ਦਰਿਆਈ ਲਹਿਰ ਦਾ ।
ਹੋ ਗਿਆ ਜਾਂ ਸੌ ਸਾਲ ਪਹਿਰ ਦਾ ।
ਦੋ ਤੀਆਂ ਦੇ ਕਰੂਏ ਲੰਘੇ,
ਕਿਵੇਂ ਲੰਘਾਵਾਂ ਹੋਰ ਨੀ ਮਾਂ ।

ਖੇਡ ਲਿਆ ਹੁਣ ਰੱਜ ਅੰਮੜੀਏ ।
ਅੱਗੇ ਦਾ ਕੀ ਹੱਜ ਅੰਮੜੀਏ ।
ਤੋਰੀਂ ਸਹੁਰੇ ਅੱਜ ਅੰਮੜੀਏ ।
ਆਪ ਗੰਵਾਵੇ ਤਾਂ ਸ਼ਹੁ ਪਾਵੇ,
ਹਰਦਮ ਸ਼ਹੁ ਦਾ ਲੋਰ ਨੀ ਮਾਂ ।

ਕੰਮ ਨੀ ਮੁਕਣਾ ਤੇਰੇ ਘਰ ਦਾ ।
ਹੋ ਗਿਆ ਲਾਲਚ ਤੈਨੂੰ ਜ਼ਰ ਦਾ ।
ਕੀ ਕਰਨਾ ਹੈ ਫੇਰ ਮੈਂ ਵਰ ਦਾ ।
ਰੋ ਕੇ ਪਿੱਟ ਕੇ ਥੱਕ ਲਵਾਂਗੀ,
ਧੀਆਂ ਦਾ ਕੀ ਜ਼ੋਰ ਨੀ ਮਾਂ ।

ਗੋਲਾ ਧੰਦਾ ਮੈਂ ਨਹੀਂ ਕਰਨਾ ।
ਨਿੱਤ ਨਵੇਂ ਦਿਨ ਹਉਂਕੇ ਭਰਨਾ ।
ਮਾਹੀਏ ਬਾਝੋਂ ਹੁਣ ਕੀ ਸਰਨਾ ।
ਮੱਘਰ ਤੇ ਪੋਹ ਟੱਪ ਗਏ ਜੇ,
ਸੱਧਰਾਂ ਹੋਸਣ ਖੋਰ ਨੀ ਮਾਂ ।

ਸੜ ਜਾਏ ਤੇਰਾ ਪੇਟਾ ਤਾਣਾ ।
ਚਰਖਾ ਘੂਕੇ ਮੈਂ ਸਹੁਰੀਂ ਜਾਣਾ ।
ਮਾਹੀਆ ਮੇਰੇ ਦਿਲ ਦਾ ਰਾਣਾ ।
ਮਹਿੰਦੀ ਦਾ ਰੰਗ ਉਡਦਾ ਜਾਂਦਾ,
ਢੂੰਡੇ ਦਿਲ ਦਾ ਚੋਰ ਨੀ ਮਾਂ ।

ਮਸਤ-ਘਟਾਵਾਂ ਅੰਬਰ ਛਾਈਆਂ ।
ਠੋਸੇ ਦੇਵਣ ਮੈਨੂੰ ਆਈਆਂ ।
ਹਰ ਇਕ ਜੋੜਾ ਲਾਵੇ ਸਾਈਆਂ ।
ਹਵਾ ਝੰਜੋੜੇ ਮੋਢਿਓਂ ਫੜਕੇ,
ਪਊਣ ਉਮੰਗਾਂ ਸ਼ੋਰ ਨੀ ਮਾਂ ।

## ਚਾਨਣ

ਜ਼ਿੰਦਗੀ ਦੇ ਘੋਲ 'ਚੋਂ,
ਤੇ ਜਜ਼ਬਿਆਂ ਦੀ ਛਲਕ 'ਚੋਂ ।
ਗੀਤ ਨਵਾਂ ਛੋਹ ਲਿਆ ਮੈਂ,
ਚਾਨਣੇ ਦੀ ਝਲਕ 'ਚੋਂ ।
ਵਿਪਤਾਵਾਂ ਰਾਸਤੇ ਨੇ,
ਮੇਰੀ ਜੀਵਨ-ਚਾਲ ਲਈ ।
ਤਣ ਨਹੀਂ ਸਕਦਾ ਜਾਲ,
ਕੋਈ ਮੇਰੇ ਖ਼ਿਆਲ ਲਈ ।
ਗ਼ਮੀਆਂ ਨੂੰ ਖ਼ੁਸ਼ੀਆਂ 'ਚ,
ਮੈਂ ਪਲਟਾ ਦਿਆਂਗਾ ।
ਜ਼ਮਾਨੇ ਦੀ ਮੱਠੀ ਚਾਲ ਨੂੰ,
ਮੈਂ ਉਲਟਾ ਦਿਆਂਗਾ ।
ਬਾਹਾਂ ਦੇ ਉਲਾਰ ਨੇ,
ਛੂਹਣਾ ਨਹੀਂ ਪਰਕਾਸ਼ ਨੂੰ ।
ਆਪ ਝੁਕਣਾ ਪਏਗਾ,
ਮੇਰੇ ਤੇ ਆਕਾਸ਼ ਨੂੰ ।
ਤਿਣਕਾ ਵੀ ਛੁਪਿਆ ਰਹਿਣਾ ਨੀ,
ਊਸ਼ਾ ਦੇ ਨੂਰ ਤੋਂ ।
ਰੋਮ ਰੋਮ ਕੰਬ ਪਏਗਾ,
ਉੱਠ ਰਹੇ ਸਰੂਰ ਤੋਂ ।
ਬੰਦ ਹੋਈਆਂ ਕਲੀਆਂ ਨੂੰ,
ਭੌਰੇ ਟੁੰਬ ਜਗੌਣਗੇ ।
ਟੁੱਟੇ ਹੋਏ ਸਾਜ਼ 'ਚੋਂ ਉਹ,
ਗੀਤ ਨਵਾਂ ਗੌਣਗੇ ।

- ਰਾਮ ਸਰੂਪ ਅਣਖੀ -

## ਪਾਕ ਪਾਪ



ਇਹ ਜੋਸ਼ ਮਿਰਾ ਨਿੱਤ ਭਖੇ ਠਰੇ,
ਇੱਕ ਜੋਸ਼-ਕਥਾ ਇਹ ਬਣੀ ਅਜਬ ।
ਧੜਕਣ ਕੁਝ ਵਟਦੀ ਹੋਰ ਰੂਪ,
ਖਿਆਲਾਂ ਦਾ ਐਂਦਾ ਜਦੋਂ ਗਜ਼ਬ ।

ਇਕ ਦਿਨ ਉਸ ਦਾ ਰੂਪ ਹੈ ਬਣਨਾ,
ਇਹ ਚਾਹ ਚਿਰਾਂ ਤੋਂ ਘੜੀ ਰਹੀ ।
ਭਾਵੇਂ ਇਸ਼ਕ ਸ਼ਰ੍ਹਾ ਤੋਂ ਬਾਹਰ,
ਪਰ ਵਹਿਮਾਂ ਦੀ ਕੰਧ ਖੜੀ ਰਹੀ ।

ਇੱਕ ਸੱਧਰ ਹੈ ਅਧਵਾਟ ਖੜੀ,
ਤੇ ਟੁੱਟ ਪਿਆ ਇਕ ਨਵਾਂ ਕਹਿਰ ।
ਛੱਡੀਏ ਇਹ ਕਿ ਛੱਡੀਏ ਉਹ ?
ਇਸ ਦਿਲ ਦੀ ਸੁੰਦਰ ਹੋਰ ਬਹਿਰ ।

ਬੱਸ ਉਸ ਦੀ ਇਕੋ ਝਾਤ ਬਹੁਤ,
ਕੋਈ ਹੋ ਜਾਂਦਾ ਤਦ ਨੂਰ ਨੂਰ ।
ਜਦ ਮਨ ਚੋਂ ਫੁਰਦੀ ਨਵੀਂ ਗੱਲ,
ਤਦ ਹਰ ਸ਼ੈ ਲਗਦੀ ਕੋਹਿ-ਤੂਰ ।

ਜਦੋਂ ਨਵੇਂ ਨਿਸ਼ਾਨੇ ਫੁਰਨ ਕਦੀ,
ਤਦ ਉਸ ਦਾ ਹੁੰਦਾ ਦਿਲੋਂ ਜਾਪ ।
ਲੁਕ ਲੁਕ ਕੇ ਚੋਰੀਂ ਲੋਕਾਂ ਤੋਂ,
ਮੈਂ ਕਰਦਾ ਹਾਂ ਤਦ ਪਾਕ ਪਾਪ ।

## ਲੱਭ ਲਏ ਪਿਆਰ ਮੇਰੇ ਨੇ ਹੀਲੇ

ਧਰਤੀ ਜੇਡੀ ਹਿੱਕ ਏਸਦੀ,
ਦਿਲ ਦਰਿਆ ਦੀਆਂ ਵਹਿਣਾਂ,
ਸੀਨਾ ਚੌੜਾ ਅੰਬਰ ਜੇਡਾ,
ਕੀ ਕੋਈ ਏਸ ਨੂੰ ਕੀਲੇ ।
ਲੱਭ ਲਏ ਪਿਆਰ ਮੇਰੇ ਨੇ ਹੀਲੇ ।

ਦੂਰ ਖੜਾ ਕੋਈ ਵਾਜਾਂ ਮਾਰੇ,
ਕਸ ਕਸ ਕੇ ਅੰਗੜਾਈਆਂ ਲੈਂਦਾ,
ਲੱਖਾਂ 'ਕੱਚੇ' ਖੁਰ ਗਏ ਭਾਵੇਂ,
ਅਜੇ ਉਡੀਕਣ 'ਤੀਲੇ' ।
ਲੱਭ ਲਏ ਪਿਆਰ ਮੇਰੇ ਨੇ ਹੀਲੇ ।

ਪਿਆਰ-ਭੁੱਖ ਦੇ ਭਾਂਬੜ ਮੱਚੇ,
ਸੁਪਨੇ ਹੁੰਦੇ ਜਾਪਣ ਸੱਚੇ,
ਖਿੜ ਖਿੜ ਦੁਨੀਆਂ ਖੇੜਾ ਹੋ ਗਈ,
ਮਸਤੇ ਨੈਣ ਨਸ਼ੀਲੇ ।
ਲੱਭ ਲਏ ਪਿਆਰ ਮੇਰੇ ਨੇ ਹੀਲੇ ।

## ਰੰਗ ਕਰਤਾਰ ਦੇ

ਵਾਹ ਦੁਨੀਆਂ ਦਿਆ ਮਾਲਕਾ,
ਰੰਗ ਤੇਰੇ ਹੀ ਨਿਆਰੇ ਨੇ।
ਕਿਤੇ ਗੰਜ ਮਾਇਆ ਦੇ ਲਾ ਛੱਡੇ,
ਕਿਤੇ ਮੰਗਣ ਚੜ੍ਹੇ ਦੁਆਰੇ ਨੇ।

ਕੋਈ ਭੁੱਖਣ ਭਾਣੇ ਸੌਂ ਜਾਂਦਾ,
ਕਿਸੇ ਰੱਜੇ ਨੂੰ ਵੀ ਨੀਂਦ ਨਹੀਂ।
ਕੋਈ ਮਰਦਾ ਲਈ ਗ਼ਰੀਬਾਂ ਦੇ,
ਕਿਸੇ ਸਰਦੇ ਕੋਲੋਂ ਉਮੀਦ ਨਹੀਂ।

ਕੋਈ ਮੌਜਿਆਂ ਬਾਝੋਂ ਪੈਰਾ ਤੋਂ,
ਪਿਆ ਹਰ ਦਮ ਫਿਰਦਾ ਨੰਗਾ ਏ।
ਏਥੇ ਬੜੇ ਨੇ ਚੰਗੇ ਕਈਆਂ ਤੋਂ,
ਕੋਈ ਬਹੁਤਿਆਂ ਨਾਲੋਂ ਚੰਗਾ ਏ।

ਕੋਈ ਤਰਸਦਾ ਰੁੱਖੇ ਟੁਕੜਿਆਂ ਨੂੰ,
ਕੋਈ ਖਾਂਦਾ ਪੀਂਦਾ ਮਰਦਾ ਏ।
ਕੋਈ ਹੁੰਦੇ ਸੁੰਦਿਆਂ ਔਖਾ ਏ,
ਕੋਈ ਭੁੱਖਾ ਮੌਜਾਂ ਕਰਦਾ ਏ।

ਕੋਈ ਲੰਗਰ ਤੱਕ ਨਸੀਬ ਨਹੀਂ,
ਕੋਈ ਛਕਣ ਕਤਾਰ 'ਚ ਬਹਿ ਜਾਂਦਾ।
ਕੋਈ ਭੁੱਖਾ ਢਿੱਡ ਲੈ ਮੁੜ ਜਾਵੇ,
ਕੋਈ ਬੰਨ੍ਹ ਕੇ ਘਰ ਨੂੰ ਲੈ ਜਾਂਦਾ।

ਕੋਈ ਸੁੱਤਾ ਪਿਆ ਵੀ ਹੱਸਦਾ ਰਹੇ,
ਕੋਈ ਜਾਗਦਾ ਰੋਂਦਾ ਵਿਰਦਾ ਨਹੀਂ।
ਸਭ ਰੰਗ ਨੇ 'ਭਗਤਾ' ਜ਼ਿੰਦਗੀ ਦੇ,
ਇਹ ਗੇੜ ਕੋਈ ਥੋੜ੍ਹੇ ਚਿਰ ਦਾ ਨਹੀਂ।

**ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'**
604-751-1113 (ਕੈਨੇਡਾ)

## ਵਕਤ



ਕੱਲ ਦੀਆਂ ਹੀ ਗੱਲਾਂ ਨੇ, ਜਦ ਸਾਡੀ ਉਮਰ ਨਿਆਣੀ ਸੀ।
ਵੇਹਦਿਆਂ ਵੇਹਦਿਆਂ ਜੰਮੇ ਜਾਏ, ਬਣ ਗਏ ਆਪਣੇ ਹਾਣੀ ਜੀ।
ਆ ਗਿਆ ਬੁਢੇਪਾ ਲੱਗਦਾ, ਬਦਨ ਥੱਕ ਟੁੱਟ ਹਾਰ ਗਿਆ।
ਚੋਰ ਭਲਾਈਆਂ ਦੇ ਕੇ ਲੱਗਦਾ, ਵਕਤ ਉਡਾਰੀ ਮਾਰ ਗਿਆ।

ਸੌਂ ਜਾਣਾ ਜਿਉਂ ਵੇਚ ਕੇ ਘੋੜੇ, ਲੱਗਦੀ ਨੀਂਦ ਪਿਆਰੀ ਸੀ।
ਰੁੱਖੀ ਮਿੱਸੀ ਖਾ ਲੈਣੀ, ਨਾਂ ਲੱਗਦੀ ਕੋਈ ਬੀਮਾਰੀ ਸੀ।
ਹੁਣ ਬਹੁਤੀਆਂ ਜਿਮੇਵਾਰੀਆਂ ਦਾ ਸਿਰ ਉੱਤੇ ਭਾਰ ਪਿਆ।
ਚੋਰ ਭਲਾਈਆਂ ਦੇ ਕੇ … …

ਛੱਤ ਪਈ ਸੀ ਚੋਉਂਦੀ ਮੀਂਹ ਵਿੱਚ, ਕੋਠਾ ਸਾਡਾ ਕੱਚਾ ਸੀ।
ਜਦੋਂ ਖੁਦਾਵੰਦ ਮੇਹਰ ਕਰੀ, ਤਾਂ ਫੇਰ ਬਣਾ ਲਿਆ ਪੱਕਾ ਜੀ।
ਝੱਖੜ ਵਿੱਚ ਹਨੇਰੀਆਂ ਦੇ, ਲਾ ਉਹ ਬੇੜੀ ਪਾਰ ਗਿਆ।
ਚੋਰ ਭਲਾਈਆਂ ਦੇ ਕੇ… …

ਰਹਿੰਦਾ ਟੱਬਰ ਇੱਕਠਾ ਉਦੋਂ, ਇਕੋ ਬੱਲਦਾ ਚੁੱਲਾ ਸੀ।
ਪੈਸੇ ਦੀ ਸੀ ਤੰਗੀ ਭਾਂਵੇ, ਪਰ ਦਿਲ ਸੱਭਦਾ ਖੁੱਲ੍ਹਾ ਸੀ।
ਅੱਜ ਕੱਲ ਹਰ ਕੋਈ "ਪ੍ਰੀਤ" ਇੱਕ ਦੂਜੇ ਤੋਂ ਖਾਂਦਾ ਖਾਰ ਪਿਆ।
ਚੋਰ ਭਲਾਈਆਂ ਦੇ ਕੇ ਲੱਗਦਾ, ਵਕਤ ਉਡਾਰੀ ਮਾਰ ਗਿਆ।

**ਹਰਪ੍ਰੀਤ ਕੌਰ, 604-442-7619**

## ਇੱਕ ਬਾਗ਼ ਦੇ ਫੁੱਲ ਅਸੀਂ ਹਾਂ

-ਸੁਰਜੀਤ ਰਾਮਪੁਰੀ

ਇੱਕ ਬਾਗ਼ ਦੇ ਫੁੱਲ ਅਸੀਂ ਹਾਂ
ਇੱਕ ਅਰਸ਼ ਦੇ ਤਾਰੇ
ਕੌਣ ਅਸਾਡੀ ਖ਼ੁਸ਼ਬੋ ਖੋਹੇ ?
'ਨੇਰ੍ਹੇ ਕੌਣ ਪਸਾਰੇ ?

ਛਲ ਛਲ ਕਰਦੇ ਵਗਦੇ ਨਾਲੇ,
ਦਰਿਆਵਾਂ ਦੇ ਅਸੀਂ ਉਛਾਲੇ,
ਦੋਸਤੀਆਂ ਦੇ ਕੰਢਿਆਂ ਅੰਦਰ
ਵਹਿੰਦੇ ਹਾਂ ਰਲ ਸਾਰੇ ।

ਕਦਮ ਮਿਲਾ ਕੇ ਟੁਰਦੇ ਜਾਈਏ
ਕਦਮ ਕਦਮ ਤੇ ਜੋਤ ਜਗਾਈਏ
ਜਿੱਥੇ ਕਦਮ ਅਸੀਂ ਹਾਂ ਰਖਦੇ
ਮਿਟ ਜਾਂਦੇ ਅੰਧਿਆਰੇ ।

ਝੋਲ ਅਸਾਡੀ ਗੀਤ ਛੁਪੇ ਨੇ
ਪਿਆਰਾਂ ਦੇ ਸੰਗੀਤ ਛੁਪੇ ਨੇ
ਮਿੱਤ੍ਰਤਾ ਦੇ ਮੀਤ ਅਸੀਂ ਹਾਂ
ਨਫ਼ਰਤ ਨੂੰ ਅੰਗਿਆਰੇ ।

ਇਸ ਦੁਨੀਆਂ ਦੀ ਇੱਜ਼ਤ ਸਾਡੀ
ਸ਼ਾਂਤੀ ਅਤੇ ਮੁਹੱਬਤ ਸਾਡੀ
ਅਸੀਂ ਜੰਗ ਨੂੰ ਘ੍ਰਿਣਾ ਕਰਦੇ
ਅਮਨਾਂ ਦੇ ਵਣਜਾਰੇ ।

ਹੱਥਘੁੱਟਣੀ ਬਣ ਕੇ ਟੁਰਦੇ ਹਾਂ,
ਗਲਵਕੜੀ ਬਣ ਕੇ ਟੁਰਦੇ ਹਾਂ,
ਧਰਤੀ ਉਪਰ ਫੁੱਲ ਖਿੜਾਈਏ
ਅਰਸ਼ਾਂ ਵਿੱਚ ਸਿਤਾਰੇ ।



## ਭਾਈ ਘਨੱਈਆ ਜੀ ਨੂੰ ਯਾਦ ਕਰਦਿਆਂ

ਚੌਮੁਖੀਆ ਚਿਰਾਗ
ਚੇਤੇ ਆਉਂਦਾ ਹੈ
ਹਨ੍ਹੇਰੀ ਰਾਤ ਵਿੱਚ ਜਗਦਾ,
ਮਘਦਾ ਸੁਰਖ਼ ਸੂਰਜ
ਅੰਬਰ ਚ ਦਗਦਾ
ਸਮੂਲਚਾ ਵਜੂਦ
ਬਾਬੇ ਨਾਨਕ ਦਾ ਵਾਰਿਸ ਲੱਗਦਾ।

ਝਨਾਂ ਕੰਢੇ ਸੋਹਦਰੇ ਚ
ਮਾਂ ਸੁੰਦਰੀ ਦਾ ਜਾਇਆ
ਬਾਬਲ ਨੱਥੂ ਰਾਮ ਦੇ
ਬਿਰਖ਼ ਦੀ ਸਦੀਵਕਾਲੀ ਛਾਇਆ।
ਦਸ ਪਾਤਿਸ਼ਾਹੀਆਂ ਦੀ ਛਾਵੇਂ
ਤੁਰਦਾ ਤੁਰਦਾ
ਆਨੰਦਪੁਰ ਸਾਹਿਬ ਆਇਆ।

ਯੁੱਧ ਵਿੱਚ ਨਾ ਕੋਈ
ਵੈਰੀ ਨਾ ਬੇਗਾਨਾ
ਗੁਰੂ ਦਾ ਸੰਦੇਸ਼
ਜਿਸ ਸੱਚ ਕਰ ਮਾਨਾ।
ਮੁਗਲ ਜਾਂ ਪਹਾੜੀਆ
ਤੇਰਾ ਹੀ ਬੰਦਾ
ਦਿਸੇ ਬਲਿਹਾਰੀਆ।

ਨਿਰਛਲ ਨਿਰਭਉ ਤੇ ਨਿਰਵੈਰ।
ਸਰਬੱਤ ਦਾ ਭਲਾ ਲੋੜਦੇ ਕਰ ਪੈਰ
ਪਿਆਸਿਆਂ ਲਈ
ਨਿਰਮਲ ਜਲਧਾਰਾ
ਦਸਮੇਸ਼ ਗੁਰੂ ਨੂੰ
ਜਾਨੋਂ ਪਿਆਰਾ।

ਦੂਤੀਆਂ ਕਿਹਾ
ਇਹ ਮੁਗਲ ਬਚਾਵੇ।
ਮਰਦਿਆਂ ਦੇ ਮੂੰਹ ਪਾਣੀ ਪਾਵੇ।
ਇਸਨੂੰ ਕਹੋ ਇਹ ਇੰਜ ਕਰੇ ਨਾ,
ਸਾਨੂੰ ਇਹ ਕੰਮ ਮੂਲ ਨਾ ਭਾਵੇ।

ਦਸਮ ਪਿਤਾ ਹੱਸੇ ਮੁਸਕਰਾਏ।
ਬੋਲੇ ਮੇਰਿਓ ਭੋਲਿਓ ਪੁੱਤਰੋ,
ਇਹ ਤਾਂ ਆਪਣਾ
ਧਰਮ ਨਿਭਾਏ।
ਤੁਹਾਨੂੰ ਕਿਉਂ ਇਹ
ਸਮਝ ਨਾ ਆਏ।

ਹਿੱਕ ਨਾਲ ਲਾ ਕੇ
ਇਹ ਫੁਰਮਾਇਆ।
ਤੂੰ ਮੇਰੇ ਸ਼ਬਦਾਂ ਦੀ ਲੋਏ
ਤੁਰਦਾ ਤੁਰਦਾ ਉਸ ਥਾਂ ਆਇਆ
ਜਿੱਥੇ ਪੁੱਜ ਕੇ ਨਾ ਕੋਈ ਵੈਰੀ
ਨਾ ਹੀ ਰਹੇ ਕੋਈ ਬੇਗਾਨਾ।
ਇਹ ਹੀ ਧਰਮ ਦਾ
ਅਸਲ ਨਿਸ਼ਾਨਾ।

ਆਹ ਫੜ ਪੱਟੀਆਂ ਮੱਲਮ ਦੀ ਡੱਬੀ।
ਤੂੰ ਸੇਵਾ ਚੋਂ ਮਾਣਕ ਮੋਤੀ
ਉੱਚੀ ਸੁੱਚੀ ਹਸਤੀ ਲੱਭੀ।
ਹਰ ਜ਼ਖਮੀ ਨੂੰ ਸਮ ਕਰ ਜਾਣੀਂ।
ਮੂੰਹ ਵਿੱਚ ਪਾਵੇਂਗਾ ਜਦ ਪਾਣੀ।
ਚੁੱਪ ਕਰਕੇ ਤੂੰ ਉਸ ਪਲ ਸੁਣ ਲਈਂ
ਅਰਥ ਸਣੇ ਗੁਰੂਆਂ ਦੀ ਬਾਣੀ।
ਸਰਬ ਕਾਲ ਦਾ ਬਣ ਕੇ ਹਾਣੀ।

**ਗੁਰਭਜਨ ਗਿੱਲ | 98726 31199**







ਡਾ. ਬਲਵਿੰਦਰ ਸਿੰਘ ਥਿੰਦ
-94176 06572

ਨੈਤਿਕ ਕਦਰਾਂ-ਕੀਮਤਾਂ, ਇਖਲਾਕ, ਸਚਿਆਰ, ਸਦਾਚਾਰ 'ਤੇ ਉਸਰੇ ਮਾਡਲ ਨੂੰ ਧਰਮ ਕਿਹਾ ਜਾਂਦਾ ਹੈ ਅਤੇ ਇਹ ਗੁਣ ਸਿੱਖ ਧਰਮ ਦੀ ਬੁਨਿਆਦ ਹਨ। ਅਸਲ ਵਿਚ ਸਿੱਖ ਧਰਮ ਜਿੱਥੇ ਪ੍ਰਯੋਗੀ ਹੋਣ ਕਰਕੇ ਬਾਹਰਮੁਖੀ ਹੈ, ਉਥੇ ਸਿਧਾਂਤਕ ਹੋਣ ਕਰਕੇ ਅੰਤਰਮੁਖੀ ਵਧੇਰੇ ਹੈ। ਅੰਤਰ ਮਨ 'ਚ ਵਸੇ ਅਕਾਲ ਪੁਰਖ ਅਤੇ ਮੌਤ ਨਾਲ ਸਿੱਖ ਦੀ ਯਥਾਰਥਕ ਸਾਂਝ ਹੈ। ਇਹੀ ਕਾਰਨ ਹੈ ਕਿ ਸਿੱਖ ਜ਼ਿੰਦਗੀ ਅਤੇ ਮੌਤ ਨੂੰ ਇਕ ਹੀ ਸਿੱਕੇ ਦੇ ਦੋ ਪਾਸੇ ਸਮਝ ਕੇ ਸਮਸਰਿ ਜਾਣਦਾ ਹੈ।

ਮੌਤ ਦੀ ਅਟੱਲ ਸਚਾਈ ਨੂੰ ਰੋਕਣਾ ਅੱਜ ਤੱਕ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੋ ਸਕਿਆ, ਭਾਵੇਂ ਅਜੋਕੇ ਸਮੇਂ ਵਿਗਿਆਨ ਤੇ ਤਕਨੀਕ ਨੇ ਬੇਸ਼ੁਮਾਰ ਤਰੱਕੀ ਕਰ ਲਈ ਹੈ ਅਤੇ ਨਾ ਹੀ ਇਸ ਦੇ ਰਹੱਸ ਨੂੰ ਪਾਇਆ ਜਾ ਸਕਿਆ ਹੈ। ਪਰ ਇਸ ਦੇ ਉਲਟ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਵਿਚ ਅਣਖ, ਸੱਚ, ਸਵੈਮਾਨ, ਇਖਲਾਕ ਦੇ ਰਸਤੇ 'ਤੇ ਚਲਦਿਆਂ ਜ਼ੁਲਮ ਦੇ ਘੋਲ ਵਿਚ ਨਹੀਂ ਘੁਲਦੇ ਬਲਕਿ ਉਸ ਕੁਦਰਤੀ ਮੌਤ ਦੀ ਉਡੀਕ ਨਾ ਕਰਦਿਆਂ ਮੌਤ ਨੂੰ ਆਪ ਗਲ਼ੇ ਜਾ ਮਿਲਦੇ ਹਨ। ਅਜਿਹੇ ਲੋਕਾਂ ਨੂੰ ਸਬੰਧਿਤ ਕੌਮ ਦੇ ਇਤਿਹਾਸ ਵਿਚ 'ਸ਼ਹੀਦ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਸਦੀ ਕੁਰਬਾਨੀ ਨੂੰ 'ਸ਼ਹਾਦਤ'' ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ।

'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ: 'ਖ਼ੁਦਾ ਦੇ ਰਾਹ 'ਤੇ ਮਾਰਿਆ ਜਾਣ ਵਾਲਾ ਗਵਾਹ, ਸਾਖੀ, ਸ਼ਾਹਦੀ ਭਰਨ ਵਾਲਾ।' ਇਸ ਤਰ੍ਹਾਂ 'ਸ਼ਹੀਦ' ਆਪਣੀ 'ਸ਼ਹਾਦਤ' ਦੇ ਕੇ ਆਪਣੇ ਅਕੀਦੇ ਦੀ ਗਵਾਹੀ ਦਾ ਸਬੂਤ ਖ਼ੁਦ ਦਿੰਦਾ ਹੈ।

ਬੁਜ਼ਦਿਲੀ ਦੀ ਮੌਤ ਦੇਸ਼, ਕੌਮ ਤੇ ਸਮਾਜ ਲਈ ਭਾਰੂ ਹੁੰਦੀ ਹੈ; ਜਦੋਂ ਕਿ ਸ਼ਹੀਦ ਦੀ ਬਹਾਦਰੀ ਭਰੀ ਮੌਤ ਆਪਣੇ ਪਿੱਛੇ ਸੁਨਹਿਰਾ ਇਤਿਹਾਸ, ਸੂਰਬੀਰਤਾ ਦੀ ਜਾਗ ਅਤੇ ਸਦਾ ਚੜ੍ਹਦੀ ਕਲਾ ਦਾ ਸੁਨੇਹਾ ਦੇ ਕੇ ਅਮਰ ਹੋ ਜਾਂਦੀ ਹੈ। ਅਜਿਹੀ ਮੌਤ ਹੀ ਕਿਸੇ ਮਨੁੱਖ ਨੂੰ ਲੋਕ/ਪਰਲੋਕ ਵਿਚ ਇੱਜ਼ਤ ਦਾ ਹੱਕਦਾਰ ਬਣਾਉਂਦੀ ਹੈ। ਸ਼ਹੀਦ ਦੇ ਪੈਰੋਕਾਰਾਂ ਲਈ ਅਜਿਹੀ ਮੌਤ ਉਸ ਕੌਮ ਦੀ ਅਮਾਨਤ ਤੇ ਵਡਮੁੱਲਾ ਖ਼ਜ਼ਾਨਾ ਹੁੰਦੀ ਹੈ, ਜਿਸ ਨਾਲ ਕਿਸੇ ਕੌਮ/ਧਰਮ ਨੂੰ ਅਮੀਰੀ ਮਿਲਦੀ ਹੈ।

ਸਿੱਖ ਧਰਮ ਵਿਚ ਸ਼ਹਾਦਤ ਦਾ ਇਤਿਹਾਸ ਗੁਰੂ ਸਾਹਿਬਾਨ ਨੇ ਖ਼ੁਦ ਧਰਮ ਕਾਫ਼ਲੇ ਦੇ ਮੋਹਰੀ ਬਣ ਕੇ ਸਿਰਜਿਆ ਹੈ, ਜਿਸ ਦੇ ਪਕੇਰੇ ਸਿੱਟੇ ਵਜੋਂ ਸਮੁੱਚੀ ਸਿੱਖ ਕੌਮ ਵਿਚੋਂ ਇਹੀ ਕੁਰਬਾਨੀ ਦਾ ਜਜ਼ਬਾ ਦ੍ਰਿਸ਼ਟੀਗੋਚਰ ਹੁੰਦਾ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਜੀ ਦੁਆਰਾ ਸ਼ਹਾਦਤ ਦਾ ਸੰਕਲਪ ਇਉਂ ਪੇਸ਼ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ 10 ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412)*

ਗੁਰੂ ਨਾਨਕ ਜੀ ਦੁਆਰਾ ਪੇਸ਼ ਸ਼ਹਾਦਤ ਦੇ ਸੰਕਲਪ ਨੂੰ ਅੱਗੇ ਤੋਰਦਿਆਂ ਗੁਰੂ ਅਰਜਨ ਜੀ ਜ਼ਿੰਦਗੀ ਦਾ ਰਾਜ ਸਮਝਾਉਂਦੇ ਹੋਏ ਕਹਿੰਦੇ ਹਨ:

*ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ ॥*
*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ ॥*
*(ਪੰਨਾ 1425)*

ਇਸੇ ਕਹਿਣੀ ਨੂੰ ਕਰਨੀ ਵਿਚ ਬਦਲਦਿਆਂ 'ਸ਼ਹੀਦਾਂ ਦੇ ਸਿਰਤਾਜ' ਗੁਰੂ ਅਰਜਨ ਦੇਵ ਜੀ ਨੇ ਮੌਤ ਦਾ ਯਥਾਰਥਕ ਜਾਮਾ ਪਹਿਨਿਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਵਿਚ ਨਿਵੇਕਲੀ ਤੇ ਯੁੱਗ ਪਲਟਾਊ ਹੈ, ਜਿਸ ਨਾਲ ਸਿੱਖ ਧਰਮ ਵਿਚ ਇਕ ਨਵਾਂ ਮੋੜ ਆਇਆ। ਨੈਤਿਕ ਆਦਰਸ਼ਾਂ ਨੂੰ ਬਰਕਰਾਰ ਰੱਖਣ ਅਤੇ ਜ਼ੁਲਮ ਦਾ ਖ਼ਾਤਮਾ ਕਰਨ ਲਈ ਤਲਵਾਰ ਚੁੱਕਣੀ ਜ਼ਰੂਰੀ ਹੋ ਗਈ। ਸੋ ਭਗਤੀ ਨਾਲ ਸ਼ਕਤੀ ਦਾ ਮਿਲਾਪ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਕਰਵਾਇਆ। ਗੁਰਮਤਿ ਵਿਚਾਰਧਾਰਾ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਦਾਸ ਜੀ 'ਸ਼ਹੀਦ' ਪ੍ਰਤੀ ਲਿਖਦੇ ਹਨ ਕਿ ਸਬਰ ਤੇ ਸਿਦਕ 'ਸ਼ਹੀਦ' ਦੇ ਬੁਨਿਆਦੀ ਤੱਤ ਹਨ। ਸਬਰ ਇਕ ਅਜਿਹੀ ਸਵੈ-ਵਿਸ਼ਵਾਸ ਤੇ ਦ੍ਰਿੜ੍ਹਤਾ ਵਾਲੀ ਰੂਹਾਨੀ ਜੋਤ ਹੈ ਜੋ ਸ਼ਹੀਦ ਨੂੰ ਸੱਚੇ-ਸੁੱਚੇ ਅਕੀਦੇ ਵੱਲ ਜਾਣ ਲਈ ਬਲ ਬਖ਼ਸ਼ਦੀ ਹੈ। ਅਜਿਹੀ ਕਰਤਾਰੀ ਜੋਤ ਦੇ ਆਸਰੇ ਹੀ ਸ਼ਹੀਦ ਆਤਮਾ ਭਰਮ/ਭਉ ਤੋਂ ਮੁਕਤ ਹੋ ਜਾਂਦੀ ਹੈ:

*ਮੁਰਦਾ ਹੋਇਆ ਮੁਰੀਦ ਨ ਗਲੀ ਹੋਵਣਾ ॥*
*ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ ॥*
*(ਵਾਰਾਂ ਭਾਈ ਗੁਰਦਾਸ)*

ਗੁਰਮਤਿ ਵਿਚਾਰਧਾਰਾ ਦਾ ਕੇਂਦਰੀ ਉਪਦੇਸ਼ ਮੂਲ ਮੰਤਰ ਹੈ, ਜਿਸ ਵਿਚ ਨਿਰਭਉ, ਨਿਰਵੈਰ ਪ੍ਰਭੂ ਦੇ ਗੁਣ ਹਨ ਅਤੇ ਇਨ੍ਹਾਂ ਉਪਦੇਸ਼ਾਂ 'ਤੇ ਚੱਲਣ ਵਾਲਾ ਧਰਮੀ ਹੋ ਨਿਬੜਦਾ ਹੈ। ਇਹ ਧਰਮ ਦਾ ਮਾਰਗ ਹੀ ਸ਼ਹੀਦੀ ਲਈ ਪ੍ਰੇਰਦਾ ਹੈ। ਇਸ ਮਾਰਗ ਦੇ ਪਾਂਧੀ 'ਸ਼ਹੀਦ' ਦੀ ਆਤਮਾ ਨਾ ਕਿਸੇ ਤੋਂ ਡਰਦੀ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦੀ ਹੈ। 'ਹਿੰਦ ਦੀ ਚਾਦਰ' ਨੌਵੇਂ ਗੁਰੂ ਤੇਗ ਬਹਾਦਰ ਜੀ ਇਸ ਸੰਕਲਪ ਦੀ ਵਿਆਖਿਆ ਪੇਸ਼ ਕਰਦੇ ਹੋਏ ਸ਼ਹਾਦਤ ਮਾਰਗ ਦੇ ਸ਼ਾਹ ਅਸਵਾਰ ਹੋਏ ਹਨ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥*
*(ਸਲੋਕ ਵਾਰਾਂ ਤੇ ਵਧੀਕ, ਪੰਨਾ 1427)*

ਜੇਕਰ ਧਰਮੀ ਗੁਣਾਂ ਵਾਲੇ ਰੱਥ 'ਤੇ ਅਸਵਾਰ ਹੋ ਕੇ ਸ਼ਹੀਦ ਆਪਣੀ ਸ਼ਹਾਦਤ ਦਿੰਦਾ ਹੈ ਤਾਂ ਉਸ ਸ਼ਹੀਦ ਦਾ ਡੁੱਲ੍ਹਿਆ ਖ਼ੂਨ ਧਰਮ ਰੂਪੀ ਕੇਸਰ ਕਿਆਰੀ ਨੂੰ ਹੋਰ ਸਿੰਜ ਜਾਂਦਾ ਹੈ, ਜਿਸ ਸਦਕਾ ਉਸ ਕਿਆਰੀ ਵਿਚੋਂ ਕ੍ਰਾਂਤੀ ਦੇ ਨਵੇਂ ਬੀਜ ਉੱਗਦੇ ਹਨ ਅਤੇ ਪਕੇਰੇ ਸਿੱਟੇ ਵਜੋਂ ਕੌਮ ਦੀ ਤਕਦੀਰ ਹੀ ਬਦਲ ਜਾਂਦੀ ਹੈ। ਲੋਕ ਤੱਥ ਹੈ:

*ਜਦੋਂ ਡੁਲ੍ਹਦਾ ਖ਼ੂਨ ਸ਼ਹੀਦਾਂ ਦਾ*
*ਤਕਦੀਰ ਬਦਲਦੀ ਕੌਮਾਂ ਦੀ।*

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਮਹਿਸੂਸ ਕੀਤਾ ਕਿ ਗੁਰੂ ਸਾਹਿਬਾਨ ਦੀਆਂ ਸ਼ਾਂਤ ਚਿੱਤ ਕੁਰਬਾਨੀਆਂ ਵਕਤ ਦੇ ਜਾਬਰ ਹਾਕਮਾਂ ਦੇ ਪੱਥਰ ਦਿਲਾਂ ਨੂੰ ਕਿਸੇ ਵੀ ਹੀਲੇ ਨਰਮ ਨਹੀਂ ਕਰ ਸਕਦੀਆਂ ਤਾਂ ਜ਼ੁਲਮ ਦਾ ਟਾਕਰਾ ਕਰਨਾ ਸਮੇਂ ਦੀ ਢੁਕਵੀਂ ਮੰਗ ਸੀ। ਇਸ ਮੰਗ ਦੀ ਪੂਰਤੀ ਲਈ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਹੱਕ, ਸੱਚ, ਇਨਸਾਫ਼ ਆਦਿ ਧਰਮੀ ਗੁਣਾਂ 'ਤੇ ਲੜਨ/ਮਰਨ ਵਾਲਿਆਂ ਦੀ ਚੋਣ ਕੀਤੀ ਗਈ। ਸਿੱਟੇ ਵਜੋਂ ਤਲਵਾਰ ਦੀ ਧਾਰ ਹੇਠ ਜ਼ਿੰਦਗੀ ਤੇ ਮੌਤ ਨੂੰ ਸਮਸਰਿ ਕਰਕੇ ਜਾਨਣ ਵਾਲੇ ਪੰਜ ਸੂਰਬੀਰਾਂ ਦੀ ਪਹਿਚਾਣ ਕੀਤੀ। ਉਨ੍ਹਾਂ ਸੂਰਬੀਰਾਂ ਨੂੰ ਦੋ ਧਾਰੀ ਖੰਡੇ ਦੀ ਪਹੁਲ ਨਾਲ ਤਿਆਰ ਕੀਤੇ ਅੰਮ੍ਰਿਤ ਨੂੰ ਛਕਾ ਕੇ ਅਤੇ ਖ਼ੁਦ ਉਨ੍ਹਾਂ ਪਾਸੋਂ ਛਕ ਕੇ ਬਾਣੀ ਨੂੰ ਬਾਣੇ ਦੇ ਰੂਪ 'ਚ ਸਾਕਾਰ ਕੀਤਾ। ਇਹ ਉਹ ਇਨਕਲਾਬ ਸੀ, ਜਿਥੇ ਪੰਜ ਪਿਆਰਿਆਂ ਦੇ ਨਾਮ ਅਤੇ ਆਪਣੇ ਨਾਮ ਨਾਲ 'ਸਿੰਘ' ਸ਼ਬਦ ਜੋੜ ਕੇ ਸ਼ੇਰਾਂ ਦੀ ਇਕ ਅਜਿਹੀ ਕੌਮ ਤਿਆਰ ਕਰ ਦਿੱਤੀ, ਜਿਸ ਨੂੰ ਮਰਨਾ ਚਾਅ ਜਾਪਣ ਲੱਗਿਆ। ਇਸ ਚਾਅ ਪਿੱਛੇ ਕਾਰਜਸ਼ੀਲ ਬਾਣੀ ਹੈ:

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥*
*(ਸਲੋਕ ਭਗਤ ਕਬੀਰ, ਪੰਨਾ 1367)*

ਇਹ ਹਰਿ ਦਾ ਦੁਆਰ ਧਰਮ ਦਾ ਉਹ ਸੱਚਾ ਮਾਰਗ ਹੀ ਤਾਂ ਸੀ ਜਿਥੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਅਡੋਲ ਚਿਹਰਾ ਚੜ੍ਹਦੇ ਸੂਰਜ ਵਾਂਗ ਪੂਰੇ ਜਲੌਅ ਵਿਚ ਸੀ ਤੇ ਕੌਮ ਨੂੰ ਸੰਦੇਸ਼ ਦੇ ਰਹੇ ਸਨ:

*ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ*
*ਚਾਰ ਮੁਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ ॥*

ਗੁਰੂ ਸਾਹਿਬ ਦੇ ਰੂਹਾਨੀ ਅਨੁਭਵ ਤੇ ਜ਼ਿੰਦਗੀ ਦੇ ਪ੍ਰਯੋਗੀ ਵਰਤਾਰੇ ਵਿਚੋਂ ਪ੍ਰਾਪਤ ਵਿਦਵਤਾ, ਅਡੋਲਤਾ, ਨਿਡਰਤਾ, ਬਹਾਦਰੀ ਤੇ ਧਰਮ ਦੀ ਉੱਤਮ ਮਿਸਾਲ ਔਰੰਗਜ਼ੇਬ ਨੂੰ ਲਿਖੇ ਫ਼ਾਰਸੀ ਵਿਚ 'ਜ਼ਫ਼ਰਨਾਮਾ' (ਜਿੱਤ ਦਾ ਪੱਤਰ) ਵਿਚੋਂ ਪ੍ਰਤੱਖ ਮਿਲਦੀ ਹੈ:

*ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ : ਚਾਰ।*
*ਕਿ ਬਾਕੀ ਸਮਾ ਦਸਤ ਪੇਚੀਦ : ਮਾਰ। 75*

(ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਦਾਰ ਭੁਝੰਗੀ, ਭਾਵ ਖ਼ਾਲਸਾ ਬਾਕੀ ਹੈ।)

ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਬਾਤ ਪਾਉਂਦਾ ਸਮਕਾਲੀਨ ਮੁਸਲਮਾਨ ਪ੍ਰਸਿੱਧ ਕਵੀ ਯੋਗੀ ਅੱਲ੍ਹਾ ਯਾਰ ਖਾਂ ਲਿਖਦਾ ਹੈ:

*ਬੱਸ ਏਕ ਤੀਰਥ ਹੈ ਹਿੰਦ ਮੇਂ ਯਾਤਰਾ ਕੇ ਲੀਏ,*
*ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।*

ਇਹ ਕੋਈ ਹੋਰ ਤੀਰਥ (ਸਰਜ਼ਮੀਨ) ਨਹੀਂ, ਸਗੋਂ ਇਹ ਤਾਂ ਉਹ ਧਰਤੀ ਹੈ, ਜਿਸ ਦੀ ਕੀਮਤ ਦੁਨੀਆਂ ਦੇ ਇਤਿਹਾਸਕ ਵਹੀ-ਖਾਤਿਆਂ ਵਿਚ ਸਭ ਨਾਲੋਂ ਵੱਧ ਅਦਾ ਕਰਕੇ ਭਾਵ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਖ਼ਰੀਦੀ ਗਈ ਸੀ। ਅਜਿਹੇ ਕਾਰਨਾਮਿਆਂ ਸਦਕਾ ਹੀ ਤਾਂ ਕਿਹਾ ਜਾਂਦਾ ਹੈ, "ਸਿੱਖੀ ਸਰੀਰਾਂ ਦਾ ਨਹੀਂ ਸਗੋਂ ਰੂਹਾਂ ਦਾ ਕਾਫ਼ਲਾ ਹੈ।" ਸਦੀਆਂ ਤੋਂ ਕਾਇਮ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਉਖੜਨੀਆਂ ਇਸੇ ਲਾਸਾਨੀ ਸ਼ਹਾਦਤ ਦਾ ਹੀ ਕਮਾਲ ਸੀ।

ਸਿੱਖ ਧਰਮ ਵਿਚ ਸ਼ਹਾਦਤ ਦਾ ਜੇਕਰ ਸਮੁੱਚਾ ਮੁਲਾਂਕਣ ਕਰੀਏ ਤਾਂ ਸਿੱਖ ਕੌਮ ਅੰਦਰ ਇਹ ਸਥਿਤੀ ਬੜੀ ਸਪਸ਼ਟ ਹੋ ਜਾਂਦੀ ਹੈ ਕਿ 'ਸ਼ਹਾਦਤ' ਦੀ ਸ਼੍ਰੇਣੀ ਵਿਚ ਇਕ ਸ਼ਹੀਦ ਉਹ ਗਿਣੇ ਜਾਂਦੇ ਹਨ, ਜਿਨ੍ਹਾਂ ਨੇ ਧਰਮ ਦੇ ਮਾਰਗ 'ਤੇ ਚਲਦਿਆਂ ਸੱਚੇ-ਸੁੱਚੇ ਆਦਰਸ਼ ਲਈ ਸ਼ਾਂਤ ਚਿੱਤ ਹੋ ਕੇ ਕੁਰਬਾਨੀ ਦਿੱਤੀ। ਨਿੱਜ ਤੋਂ ਹਟ ਕੇ ਪਰ ਜੀਵਣਾ ਅਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਨੂੰ ਅਜਿਹੇ ਸ਼ਹੀਦ ਆਪਣਾ ਜੀਵਨ ਮਕਸਦ ਸਮਝਦੇ ਹਨ। ਸਿੱਖ ਧਰਮ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਕਾਫ਼ਲੇ ਦੇ ਮੋਹਰੀ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸਲਾਮ ਜਗਤ ਵਿਚ ਪੈਗੰਬਰ ਮਨਸੂਰ ਨੇ 'ਅਨਲਹੱਕ' (ਮੇਰੇ ਅੰਦਰ ਖ਼ੁਦਾ ਦਾ ਵਾਸ ਹੈ) ਦਾ ਨਾਅਰਾ ਲਗਾਇਆ ਸੀ, ਜਿਸ ਨੂੰ ਵਕਤ ਦੇ ਜ਼ਾਲਮ ਹਾਕਮ ਨਮਰੂਦ ਨੇ ਸੂਲੀ ਚੜ੍ਹਾ ਦਿੱਤਾ ਸੀ।

ਸ਼ਹਾਦਤ ਦੇ ਮਕਸਦ ਦੀ ਪੂਰਤੀ ਲਈ ਦੂਜੀ ਸ਼੍ਰੇਣੀ ਦੇ ਉਹ 'ਸ਼ਹੀਦ' ਹਨ, ਜਿਨ੍ਹਾਂ ਨੇ ਪਰਉਪਕਾਰ ਕਰਦਿਆਂ ਦੂਸਰੇ ਧਰਮਾਂ ਨੂੰ ਬਚਾਉਣ ਲਈ ਕੁਰਬਾਨੀ ਦਿੱਤੀ। ਗੁਰੂ ਤੇਗ ਬਹਾਦਰ ਜੀ ਇਸ ਸ਼ਹਾਦਤ ਦੀ ਇਤਿਹਾਸਕ ਮਿਸਾਲ ਹਨ, ਕਿਉਂਕਿ ਗੁਰੂ ਸਾਹਿਬ ਜੀ ਇਸ ਮਕਸਦ ਦੀ ਪੂਰਤੀ ਲਈ ਆਪਣੇ ਕਾਤਲ ਕੋਲ ਖ਼ੁਦ 300 ਮੀਲ ਪੈਦਲ ਚੱਲ ਕੇ ਜਾਂਦੇ ਹਨ। ਤੀਜੇ ਸ਼ਹੀਦ ਉਹ ਹਨ ਜੋ ਅਣਖ, ਗ਼ੈਰਤ ਖ਼ਾਤਰ ਮੈਦਾਨੇ ਜੰਗ ਅੰਦਰ ਜੂਝਦੇ ਹੋਏ ਜ਼ੁਲਮ ਤੇ ਜ਼ਾਲਮ ਵਿਰੁੱਧ ਲੜਦਿਆਂ ਸ਼ਹਾਦਤ ਦਾ ਜਾਮ ਪੀਂਦੇ ਹਨ। ਇਸ ਘੋਲ ਵਿਚ ਸਿੱਖ ਕੌਮ ਦੇ ਅਣਗਿਣਤ ਸ਼ਹੀਦ ਹੋਏ ਹਨ, ਜੋ ਪੂਰੇ ਜਾਹੋ-ਜਲਾਲ ਤੇ ਸ਼ਿੱਦਤ ਨਾਲ ਮੌਤ ਰੂਪੀ ਸ਼ਮਾ ਦੇ ਪਰਵਾਨੇ ਬਣੇ।

ਦਰਅਸਲ ਸਿੱਖ ਕੌਮ ਨੂੰ 'ਸ਼ਹਾਦਤ' ਦੇ ਵਾਰਸ ਬਣਾਉਣ ਲਈ ਜਿਥੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਹਨ, ਉਥੇ 'ਸ਼ਹਾਦਤ' ਦੀ ਜਾਗ ਨੂੰ ਸਦੀਵੀ ਰੱਖਣ ਪਿੱਛੇ ਕਾਰਜਸ਼ੀਲ ਬਾਣੀ ਹੈ।

# ਬਾਬਾ ਸ਼ੇਖ਼ ਫ਼ਰੀਦ ਦੀ ਮਹਿਮਾ

- ਜਸਵੰਤ ਸਿੰਘ ਪੁਰਬਾ

ਬਾਬਾ ਸ਼ੇਖ਼ ਫ਼ਰੀਦ (1173-1266 ਈ:) ਦੀ ਮਹਿਮਾ ਅਪਰੰਪਾਰ ਹੈ। ਉਨ੍ਹਾਂ ਦੇ ਵੱਡੇ-ਵਡੇਰੇ ਬਾਰ੍ਹਵੀਂ ਸਦੀ ਦੇ ਆਰੰਭ ਵਿਚ ਅਫ਼ਗਾਨਿਸਤਾਨ ਤੋਂ ਪੰਜਾਬ ਵਿਚ ਤਸ਼ਰੀਫ਼ ਲਿਆਏ ਸਨ। ਆਪ ਦਾ ਜਨਮ ਪਿੰਡ ਕੋਠੇਵਾਲ (ਨੇੜੇ ਕਸੂਰ) ਵਿਚ ਹੋਇਆ ਸੀ। ਆਪ ਨੇ ਦੀਨੀ ਸਿੱਖਿਆ ਮੁਲਤਾਨ ਦੇ ਇਕ ਮਦਰੱਸੇ ਤੋਂ ਪ੍ਰਾਪਤ ਕੀਤੀ ਸੀ। ਇੱਥੇ ਹੀ ਆਪ ਨੂੰ ਚਿਸ਼ਤੀ ਪਰੰਪਰਾ ਦੇ ਮਹਾਨ ਸੂਫ਼ੀ ਦਰਵੇਸ਼, ਖ਼ੁਆਜ਼ਾ ਕੁਤਬੁਦੀਨ ਬਖ਼ਤਿਆਰ ਕਾਕੀ ਦੇ ਦਰਸ਼ਨਾਂ ਦਾ ਸੁਅਵਸਰ ਪ੍ਰਾਪਤ ਹੋਇਆ ਸੀ ਅਤੇ ਆਪ-ਆਪਣੀ ਤਾਲੀਮ ਮੁਕੰਮਲ ਕਰਕੇ ਉਨ੍ਹਾਂ ਪਾਸ ਦਿੱਲੀ ਵਿਖੇ ਚਲੇ ਗਏ ਸਨ।

ਇਕ ਸੂਫ਼ੀ ਦਰਵੇਸ਼ ਵਜੋਂ ਆਪ ਦਿੱਲੀ ਦਰਬਾਰ ਵਿਚ ਬੇਹੱਦ ਸਤਿਕਾਰੇ ਜਾਂਦੇ ਸਨ ਪਰ ਸ਼ਾਹੀ ਦਰਬਾਰਾਂ ਅਤੇ ਬਾਦਸ਼ਾਹਾਂ ਦੀਆਂ ਮਹਿਫ਼ਲਾਂ ਦੀ ਸ਼ੋਭਾ ਵਧਾਉਣ ਲਈ ਨਹੀਂ ਸਨ ਪੈਦਾ ਹੋਏ। ਪਰਾਏ ਦਰਵਾਜ਼ੇ (ਬਾਰ ਪਰਾਇਐ) ਉਪਰ ਬੈਠਣਾ ਆਪ ਦੀ ਅਣਖ ਨੂੰ ਗਵਾਰਾ ਨਹੀਂ ਸੀ। ਇਸ ਕਾਰਨ ਆਪ ਦਿੱਲੀ ਨੂੰ ਛੱਡ ਕੇ ਹਾਂਸੀ-ਹਿਸਾਰ ਹੁੰਦੇ ਹੋਏ ਅਜੋਧਨ (ਹੁਣ ਪਾਕਿਸਤਾਨ) ਵਿਖੇ ਆ ਟਿਕੇ ਅਤੇ ਇਕ ਰਮਣੀਕ ਸਥਾਨ ਉੱਪਰ ਟਿਕਾਣਾ ਬਣਾ ਕੇ ਖ਼ੁਦਾ ਦੀ ਬੰਦਗੀ ਵਿਚ ਲੀਨ ਰਹਿਣ ਲੱਗੇ। ਪੰਜਾਬ ਦਾ ਰਾਜਨੀਤਕ ਮਾਹੌਲ ਹਿੰਸਾ ਅਤੇ ਮਾਰਧਾੜ ਨਾਲ ਭਰਪੂਰ ਸੀ। ਲੋਕ ਅਸੁਰੱਖਿਆ ਅਤੇ ਅਸ਼ਾਂਤੀ ਮਹਿਸੂਸ ਕਰਦੇ ਸਨ। ਫ਼ਰੀਦ ਜੀ ਦੇ ਦਰਬਾਰ ਵਿਚ ਆ ਕੇ ਉਨ੍ਹਾਂ ਨੂੰ ਰਾਹਤ ਮਿਲਦੀ ਸੀ। ਇਹੀ ਕਾਰਨ ਹੈ ਕਿ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਦੇ ਲੋਕ ਉਨ੍ਹਾਂ ਦੇ ਮੁਰੀਦ ਬਣ ਗਏ। ਉਨ੍ਹਾਂ ਦੇ ਜਮਾਅਤ ਖਾਨੇ ਵਿਚ ਰਾਗ ਅਤੇ ਕੱਵਾਲੀ ਦਾ ਪ੍ਰੋਗਰਾਮ ਵੀ ਨਿਰੰਤਰ ਚਲਦਾ ਰਹਿੰਦਾ ਸੀ।

ਅਜੋਧਨ ਦੇ ਰਮਣੀਕ ਖੇਤਰ ਵਿਚ ਬੈਠ ਕੇ ਆਪ ਨੇ ਪੰਜਾਬੀ ਵਿਚ ਬਾਣੀ ਦੀ ਰਚਨਾ ਕੀਤੀ। ਆਪ ਦੇ 112 ਸਲੋਕ ਅਤੇ 4 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਸ਼ਬਦ ਰਾਗ ਆਸਾ ਅਤੇ ਸੂਹੀ ਵਿਚ ਲਿਖੇ ਗਏ ਹਨ। ਆਪ ਤੋਂ ਪਹਿਲਾਂ ਪੰਜਾਬ ਦੇ ਕਵੀ ਸਾਧ ਭਾਸ਼ਾ ਵਿਚ ਕਾਵਿ ਰਚਨਾ ਕਰਿਆ ਕਰਦੇ ਸਨ। ਫ਼ਰੀਦ ਜੀ ਨੇ ਆਪਣੇ ਅਧਿਆਤਮਕ ਭਾਵਾਂ ਦੇ ਨਿਰੂਪਣ ਵਾਸਤੇ ਪਹਿਲੀ ਵਾਰ ਮੁਲਤਾਨ ਦੀ ਮਿੱਠੀ ਬੋਲੀ ਪੰਜਾਬੀ ਦਾ ਪ੍ਰਯੋਗ ਕੀਤਾ। ਆਪ ਦੀ ਬਾਣੀ ਵਿਚ ਰੱਬੀ ਪ੍ਰੇਮ, ਜੀਵਨ ਦੀ ਅਸਥਿਰਤਾ, ਵਿਸ਼ੇ ਵਿਕਾਰਾਂ ਤੋਂ ਪ੍ਰਹੇਜ਼, ਨੈਤਿਕ ਕਦਰਾਂ-ਕੀਮਤਾਂ ਅਤੇ ਮਨੁੱਖੀ ਜੀਵਨ ਦੇ ਉਦੇਸ਼ ਬਾਰੇ ਸੰਦੇਸ਼ ਪ੍ਰਾਪਤ ਹੁੰਦਾ ਹੈ।

1215 ਈ: ਵਿਚ ਆਪਣੇ ਮੁਰਸ਼ਦ ਖ਼ੁਆਜਾ ਕਾਕੀ ਜੀ ਨੂੰ ਮਿਲਣ ਉਪਰੰਤ ਜਦੋਂ ਆਪ ਪਾਕਪਟਨ ਸਾਹਿਬ ਵੱਲ ਜਾ ਰਹੇ ਸਨ ਤਾਂ ਆਪ ਨੂੰ ਮਾਲਵੇ ਦੇ ਇਕ ਰਿਆਸਤੀ ਨਗਰ ਮੋਕਲਹਰ (ਹੁਣ ਫ਼ਰੀਦਕੋਟ) ਵਿਚੋਂ ਗੁਜ਼ਰਨ ਦਾ ਮੌਕਾ ਮਿਲਿਆ। ਉਨ੍ਹਾਂ ਦਿਨਾਂ ਵਿਚ ਇਸ ਨਗਰ ਦੇ ਰਾਜੇ ਮੋਕਲ ਸੀਂਹ ਦਾ ਕੱਚਾ ਕਿਲ੍ਹਾ (ਗੜ੍ਹੀ) ਬਣ ਰਿਹਾ ਸੀ। ਰਾਜੇ ਦੇ ਸਿਪਾਹੀਆਂ ਨੇ ਆਪ ਨੂੰ ਇਕ ਸਾਧਾਰਨ ਯਾਤਰੀ ਸਮਝ ਕੇ ਵੇਗਾਰ ਉੱਤੇ ਲਾ ਲਿਆ ਪਰ ਆਪ ਦੇ ਸੀਸ ਉਪਰ ਧਰੀ ਗਾਰੇ ਦੀ ਭਰੀ ਟੋਕਰੀ ਹਵਾ ਵਿਚ ਤੈਰਨ ਲੱਗ ਪਈ। ਇਹ ਕ੍ਰਿਸ਼ਮਾ ਸੁਣ ਕੇ ਮੋਕਲ ਸੀਂਹ ਆਪ ਦੀ ਹਜ਼ੂਰੀ ਵਿਚ ਆਇਆ ਅਤੇ ਆਪਣੀ ਭੁੱਲ ਬਖ਼ਸ਼ਾਈ। ਫ਼ਰੀਦ ਜੀ ਨੇ ਉਸ ਨੂੰ ਖਿਮਾ ਕਰ ਦਿੱਤਾ ਅਤੇ ਨਾਲ ਹੀ ਨਗਰ ਨਿਵਾਸੀਆਂ ਲਈ ਦੁਆਵਾਂ ਪ੍ਰਦਾਨ ਕੀਤੀਆਂ। ਉਸ ਦਿਨ ਤੋਂ ਇਸ ਨਗਰ ਦਾ ਨਾਂਅ ਫ਼ਰੀਦਕੋਟ ਪੈ ਚੁੱਕਾ ਹੈ।

ਫ਼ਰੀਦਕੋਟ ਵਿਚ ਪੁਰਾਣੀ ਕੱਚੀ ਗੜ੍ਹੀ ਦੇ ਸਥਾਨ 'ਤੇ ਹੁਣ ਇਕ ਵੱਡਾ ਕਿਲ੍ਹਾ ਬਣ ਚੁੱਕਾ ਹੈ। ਫ਼ਰੀਦਕੋਟ ਰਿਆਸਤ ਨੇ ਪਿਛਲੇ ਸੱਤ-ਅੱਠ ਸੌ ਵਰ੍ਹਿਆਂ ਦੇ ਅਰਸੇ ਵਿਚ ਕਈ ਰੰਗ ਵਟਾਏ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਥੋਂ ਦੇ ਰਾਜੇ ਸਿੱਖ ਬਣ ਗਏ ਸਨ। ਆਖਰੀ ਰਾਜੇ ਹਿਜ਼ ਹਾਈਨੈਸ ਮਹਾਰਾਜਾ ਹਰਿੰਦਰ ਸਿੰਘ ਬਰਾੜ ਬੰਸ ਬਹਾਦਰ ਦੇ ਰਾਜ ਕਾਲ ਵਿਚ ਭਾਰਤ ਆਜ਼ਾਦ ਹੋ ਗਿਆ ਅਤੇ 1948 ਈ: ਵਿਚ ਇਹ ਰਿਆਸਤ ਆਜ਼ਾਦ ਭਾਰਤ ਦਾ ਅੰਗ ਬਣ ਗਈ।

ਬਾਬਾ ਸ਼ੇਖ਼ ਫ਼ਰੀਦ ਜੀ ਵਲੋਂ ਰਾਜੇ ਮੋਕਲ ਸੀਂਹ ਨਾਲ ਹੋਈ ਭੇਟ ਦੇ ਸਥਾਨ ਉੱਪਰ ਟਿੱਲਾ ਬਾਬਾ ਸ਼ੇਖ਼ ਫ਼ਰੀਦ ਦੀ ਸੁੰਦਰ ਯਾਦਗਾਰ ਸੁਸ਼ੋਭਿਤ ਹੈ। 23 ਸਤੰਬਰ ਦਾ ਦਿਨ ਬਾਬਾ ਸ਼ੇਖ਼ ਫ਼ਰੀਦ ਜੀ ਦੇ ਫ਼ਰੀਦਕੋਟ ਵਿਖੇ ਚਰਨ ਪਾਉਣ (ਆਗਮਨ) ਦਾ ਦਿਨ ਹੈ। ਇਨ੍ਹਾਂ ਦਿਨਾਂ (19 ਤੋਂ 23 ਸਤੰਬਰ) ਵਿਚ ਇਹ ਆਗਮਨ ਪੁਰਬ ਇਕ ਮੇਲੇ ਦੀ ਸ਼ਕਲ ਵਿਚ ਵੱਡੀ ਪੱਧਰ ਉੱਤੇ ਮਨਾਇਆ ਜਾਂਦਾ ਹੈ। ਬਾਬਾ ਸ਼ੇਖ਼ ਫ਼ਰੀਦ ਜੀ ਦੇ ਸ਼ਰਧਾਲੂ ਵੱਡੀ ਗਿਣਤੀ ਵਿਚ






# ਕੁੜੀਆਂ ਤੇ ਚਿੜੀਆਂ ਦੀ ਹੋਣੀ..



ਬਚਪਨ ਵਿੱਚ ਰਾਤ ਨੂੰ ਸਾਡੀ ਦਾਦੀ ਮਾਂ ਸਾਨੂੰ ਬਾਤਾਂ ਸੁਣਾਉਂਦੀ ਅਤੇ ਅਸੀਂ ਸਾਰੇ ਭੈਣ ਭਰਾ ਵਾਰ- ਵਾਰ ਇੱਕ ਹੀ ਬਾਤ ਸੁਣਨ ਦੀ ਜ਼ਿੱਦ ਕਰਦੇ। ਉਹ ਬਾਤ ਸੀ 'ਇੱਕ ਸੀ ਚਿੜੀ ਤੇ ਇੱਕ ਸੀ ਕਾਂ'। ਕਹਾਣੀ ਇਸ ਤਰ੍ਹਾਂ ਸੀ- ਇੱਕ ਵਾਰ ਚਿੜੀ ਤੇ ਕਾਂ ਨੂੰ ਬਾਜਰੇ ਦਾ ਦਾਣਾ ਲੱਭ ਜਾਂਦਾ ਹੈ। ਚਿੜੀ ਕਾਂ ਨਾਲ ਉਸ ਨੂੰ ਬੀਜਣ ਦੀ ਸਲਾਹ ਕਰਦੀ ਹੈ। ਕਾਂ ਸਹਿਮਤ ਤਾਂ ਹੋ ਜਾਂਦਾ ਹੈ, ਪਰ ਕੰਮ ਕੋਈ ਨਹੀਂ ਕਰਦਾ। ਚਿੜੀ ਇਕੱਲਿਆਂ ਹੀ ਸਾਰਾ ਕੰਮ ਨਿਪਟਾਉਂਦੀ ਹੈ ਤੇ ਫ਼ਸਲ ਵੰਡਣ ਦਾ ਸਮਾਂ ਆ ਜਾਂਦਾ ਹੈ। ਹੁਣ ਵਿਹਲੜ ਕਾਂ ਚੌਧਰੀ ਬਣ ਕੇ ਪਹੁੰਚ ਜਾਂਦਾ ਹੈ। ਚਿੜੀ ਨਿਰਾਸ਼ੇ ਮਨ ਨਾਲ ਤੂਤੜੇ ਦੇ ਢੇਰ ਉੱਪਰ ਬੈਠੀ ਆਪਣੀ ਹੋਣੀ ਨੂੰ ਕੋਸ ਰਹੀ ਹੁੰਦੀ ਹੈ। ਕੁਦਰਤ ਇਨਸਾਫ ਕਰਦੀ ਹੈ। ਜ਼ੋਰਦਾਰ ਮੀਂਹ ਸ਼ੁਰੂ ਹੁੰਦਾ ਹੈ ਅਤੇ ਗੜੇ ਪੈਣ ਲੱਗਦੇ ਹਨ। ਚਿੜੀ ਤੂਤੜੇ ਵਿੱਚ ਲੁਕ ਜਾਂਦੀ ਹੈ ਜਦੋਂਕਿ ਕਾਂ ਸਿਰ ਵਿੱਚ ਗੜਾ ਵੱਜਣ ਕਾਰਨ ਉੱਥੇ ਹੀ ਮਰ ਜਾਂਦਾ ਹੈ। ਮੀਂਹ ਹਟਦਾ ਹੈ ਤੇ ਚਿੜੀ ਨੂੰ ਬਾਜਰਾ ਅਤੇ ਤੂਤੜਾ ਦੋਨੋਂ ਹੀ ਮਿਲ ਜਾਂਦੇ ਹਨ।

ਅਸਲ ਵਿੱਚ ਇਹ ਕਹਾਣੀ ਅਚੇਤ ਮਰਦ ਪ੍ਰਧਾਨ ਸਮਾਜ ਦੀ ਸਿਰਜਣਾ ਹੈ। ਇਹ ਹੁਣ ਵੀ ਹੋ ਰਿਹਾ ਹੈ। ਹੁਣ ਜਦੋਂ ਅਸੀਂ ਵੱਡੇ ਹੋ ਚੁੱਕੇ ਹਾਂ ਅਤੇ ਸਮਾਜ ਵਿੱਚ ਵਿਚਰ ਰਹੇ ਹਾਂ ਤਾਂ ਸਾਨੂੰ ਕਦਮ-ਕਦਮ ਇਸ ਕਹਾਣੀ ਦਾ ਸਾਕਾਰ ਰੂਪ ਦਿਖਾਈ ਦਿੰਦਾ ਹੈ। ਚਿੜੀਆਂ ਜ਼ੁਲਮ ਸਹਿੰਦੀਆਂ ਅਤੇ ਸਹਿਕਦੀਆਂ ਹਨ ਅਤੇ ਕਾਂ ਹੱਕ ਮਾਰਦੇ ਤੇ ਆਫਰੇ ਫਿਰਦੇ ਹਨ। ਕਿਤੇ ਚਿੜੀਆਂ ਨੂੰ ਖ਼ੂਨ ਪਸੀਨਾ ਇੱਕ ਕਰਕੇ ਮਿਹਨਤ ਕਰਨ ਦੇ ਬਾਵਜੂਦ ਭੁੱਖੇ ਮਰਦੇ ਦੇਖਦੇ ਹਾਂ। ਕਿਤੇ ਛੋਟੇ-ਛੋਟੇ ਬੋਟ ਕੂੜੇ ਕਰਕਟ ਦੇ ਢੇਰਾਂ ਤੋਂ ਲਿਫ਼ਾਫ਼ੇ ਤੇ ਹੋਰ ਨਿੱਕ ਸੁੱਕ ਇਕੱਠਾ ਕਰਦੇ ਦਿਖਾਈ ਦਿੰਦੇ ਹਨ। ਕਿਤੇ ਬਸਤਾ ਲੈ ਕੇ ਸਕੂਲ ਜਾਣ ਦੀ ਬਜਾਏ ਮਾਸੂਮ ਢਾਬਿਆਂ 'ਤੇ ਜੂਠੇ ਭਾਂਡੇ ਮਾਂਜ ਰਹੇ ਹੁੰਦੇ ਹਨ ਤੇ ਕਿਤੇ ਖੇਡਣ ਦੀ ਉਮਰੇ ਭੋਲੇ ਭਾਲੇ ਚਿਹਰੇ ਚੌਰਾਹਿਆਂ 'ਤੇ ਭੀਖ ਮੰਗ ਰਹੇ ਹੁੰਦੇ ਹਨ। ਉਨ੍ਹਾਂ ਨੂੰ ਹਰ ਥਾਂ ਠੁੱਡੇ ਤੇ ਧੱਕੇ ਹੀ ਮਿਲਦੇ ਹਨ। ਲੱਗਦਾ ਹੈ ਸਮਾਜ ਦੇ ਢੋਡਰ ਕਾਵਾਂ ਨੇ ਉਨ੍ਹਾਂ ਨੂੰ ਤਾਂ ਤੂਤੜਾ ਵੀ ਨਹੀਂ ਦਿੱਤਾ।

ਚਿੜੀਆਂ ਦੀ ਗੱਲ ਕਰਦਿਆਂ ਕੁੜੀਆਂ ਦੀ ਗੱਲ ਆਪ ਮੁਹਾਰੇ ਹੀ ਹੋ ਜਾਂਦੀ ਹੈ ਕਿਉਂਕਿ ਸਾਡੇ ਸਮਾਜ ਵਿੱਚ ਤਾਂ ਕੁੜੀਆਂ ਦੀ ਤੁਲਨਾ ਹੀ ਚਿੜੀਆਂ ਨਾਲ ਕੀਤੀ ਜਾਂਦੀ ਹੈ। ਨਾ ਕਿਸੇ ਨੂੰ ਚਿੜੀ ਮਰਨ ਦਾ ਦਰਦ ਹੁੰਦਾ ਹੈ ਤੇ ਨਾ ਕੁੜੀ ਮਰਨ ਦਾ। ਚਿੜੀਆਂ ਵੀ ਖ਼ਤਮ ਹੋ ਰਹੀਆਂ ਹਨ ਤੇ ਕੁੜੀਆਂ ਦੀ ਗਿਣਤੀ ਵੀ ਘੱਟ ਰਹੀ ਹੈ। ਕੁੜੀ ਹੋਣਾ ਹੀ ਉਸਦੀ ਹੋਂਦ ਦਾ ਸਰਾਪ ਹੈ। ਪਹਿਲਾਂ ਤਾਂ ਕੁੜੀ ਨੂੰ ਜੰਮਣ ਪਿੱਛੋਂ ਮਾਰਿਆ ਜਾਂਦਾ ਸੀ ਤੇ ਹੁਣ ਉਸਨੂੰ ਜੰਮਣ ਤੋਂ ਪਹਿਲਾਂ ਹੀ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਨਮ ਦੇਣ ਵਾਲੀ ਮਾਂ ਦੀ ਕੁੱਖ ਹੀ ਉਸਦੀ ਕਤਲਗਾਹ ਬਣ ਜਾਂਦੀ ਹੈ। ਇੱਥੇ ਉਸ ਦੇ ਜਨਮ ਦਾ ਮੁੱਢ ਬੰਨ੍ਹਣ ਵਾਲੇ ਮਾਂ- ਬਾਪ ਹੀ ਕਾਂ ਦਾ ਰੂਪ ਧਾਰਨ ਕਰ ਲੈਂਦੇ ਹਨ ਜੋ ਕਹਾਣੀ ਵਿਚਲੇ ਕਾਂ ਨਾਲੋਂ ਕਿਤੇ ਵੱਧ ਨਿਰਦਈ ਅਤੇ ਖ਼ੂੰਖਾਰ ਜਾਪਦੇ ਹਨ। ਕਈ ਵਿਚਾਰੀਆਂ ਲਾਡਾਂ ਨਾਲ ਪਾਲੀਆਂ ਪੋਸੀਆਂ ਇਨ੍ਹਾਂ ਕਾਵਾਂ ਦੇ ਲਾਲਚ ਸਦਕਾ ਦਾਜ ਦੀ ਬਲੀ ਚੜ੍ਹ ਜਾਂਦੀਆਂ ਹਨ ਤੇ ਕਈ ਬਿਨਾਂ ਕਸੂਰ ਹੀ ਨਰਕ ਦੀ ਜੂਨ ਭੋਗਦੀਆਂ ਰਹਿੰਦੀਆਂ ਹਨ। ਸੱਚ ਤਾਂ ਇਹ ਹੈ ਕਿ ਸਾਡੇ ਸਮਾਜ ਵਿੱਚ ਵਿਚਰ ਰਹੇ


ਇਹ ਮਨ ਦੇ ਕਾਲੇ ਕਾਂ ਕਈ ਵਾਰ ਛੋਟੇ ਛੋਟੇ ਬਾਲ-ਬਾਲੜੀਆਂ ਨੂੰ ਵੀ ਆਪਣਾ ਸ਼ਿਕਾਰ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ ਅਤੇ ਆਪਣੇ ਲਾਲਚ, ਸਵਾਰਥ ਅਤੇ ਹਵਸ ਦੀ ਪੂਰਤੀ ਕਰਨ ਉਪਰੰਤ ਮਾਰ ਕੇ ਕਿਸੇ ਕੋਨੇ ਵਿੱਚ ਸੁੱਟ ਦਿੰਦੇ ਹਨ ਤੇ ਜਾਂ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੰਦੇ ਹਨ। ਇੱਥੋਂ ਤਕ ਕਈ ਤਾਂ ਪਸ਼ੂ- ਪੰਛੀਆਂ ਤੇ ਕੁਦਰਤ ਦੀਆਂ ਦਾਤਾਂ ਨਾਲ ਵੀ ਖਿਲਵਾੜ ਕਰਦੇ ਹਨ।

ਸ੍ਰੀ ਗੁਰੂ ਗੋਬਿੰਦ ਜੀ ਨੇ ਚਿੜੀਆਂ ਤੋਂ ਬਾਜ਼ ਤੁੜਾਉਣ ਦਾ ਸੰਕਲਪ ਦੇ ਕੇ ਇੱਕ ਰੂਹ-ਹੀਣ ਅਤੇ ਸਹਿਕ ਰਹੀ ਕੌਮ ਵਿੱਚ ਨਵੀਂ ਰੂਹ ਅਤੇ ਅਜਿਹਾ ਉਤਸ਼ਾਹ ਜਗਾਇਆ ਕਿ ਉਹ ਜਬਰ ਜ਼ੁਲਮ ਨਾਲ ਟੱਕਰ ਲੈਣ ਅਤੇ ਅਣਖ ਭਰਪੂਰ ਜੀਵਨ ਜਿਉਣ ਲਈ ਆਪਣੀ ਜਾਨ ਵੀ ਦਾਅ 'ਤੇ ਲਗਾਉਣ ਲੱਗੇ। ਉਹ ਹੱਕ ਤੇ ਸੱਚ ਲਈ ਆਵਾਜ਼ ਉਠਾਉਣ ਲੱਗੇ। ਅੱਜ ਉਸੇ ਸੰਕਲਪ ਅਤੇ ਸੋਚ ਦੀ ਫਿਰ ਤੋਂ ਲੋੜ ਹੈ ਕਿਉਂਕਿ ਹਾਲੇ ਵੀ ਅਣਗਿਣਤ ਚਿੜੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਕਦਮ ਕਦਮ ਉੱਪਰ ਸਮਾਜ ਦੇ ਕਾਵਾਂ ਦੇ ਜ਼ੁਲਮ ਅਤੇ ਧੱਕੇਸ਼ਾਹੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਉਹ ਵਿਚਾਰੀਆਂ ਬੇਵਸੀ ਦੇ ਆਲਮ ਵਿੱਚ ਆਪਣਾ ਜੀਵਨ ਬਤੀਤ ਕਰ ਰਹੀਆਂ ਹਨ। ਉਨ੍ਹਾਂ ਦੀ ਬਾਤ ਸੁਣਨ ਵਾਲਾ ਕੋਈ ਨਹੀਂ। ਕਾਸ਼! ਕੁਦਰਤ ਮਿਹਰ ਕਰੇ। ਚਿੜੀ ਤੇ ਕਾਂ ਵਾਲੀ ਕਹਾਣੀ ਸੱਚ ਹੋਵੇ। ਇਨ੍ਹਾਂ ਕਾਵਾਂ ਦੇ ਟੋਟਣ ਵਿੱਚ ਵੀ ਗੜੇ ਵੱਜਣ ਤੇ ਮਿਹਨਤਕਸ਼ ਅਤੇ ਸਮਾਜਿਕ ਅਨਿਆਂ ਦਾ ਸ਼ਿਕਾਰ ਹੋ ਰਹੀਆਂ ਇਨ੍ਹਾਂ ਸਮੂਹ ਨਿਰਦੋਸ਼ ਚਿੜੀਆਂ ਨੂੰ ਵੀ ਜਿਉਣ ਦਾ ਹੱਕ ਮਿਲੇ। ਉਨ੍ਹਾਂ ਵਿੱਚ ਏਨੀ ਹਿੰਮਤ ਆਵੇ ਕਿ ਕੋਈ ਵੀ ਉਨ੍ਹਾਂ ਨੂੰ ਵਿਚਾਰੀਆਂ ਨਾ ਸਮਝੇ।

-ਪਰਮਿੰਦਰ ਕੌਰ ਕਰਾਂਤੀ

---

## ਕਾਜੂ-ਮੱਖਣ ਪਨੀਰ



**ਸਮੱਗਰੀ**

- ਤੇਲ 1 ਚੱਮਚ
- ਅਦਰਕ-ਲਸਣ ਦੀ ਪੇਸਟ 1 ਚੱਮਚ
- ਕਾਜੂ ਦੀ ਪੇਸਟ 40 ਗ੍ਰਾਮ
- ਮਗਜ ਪੇਸਟ 3 ਚੱਮਚ
- ਕਸੂਰੀ ਮੇਥੀ 2 ਚੱਮਚ
- ਮੱਖਣ 2 ਚੱਮਚ
- ਧਨੀਆ ਪਾਊਡਰ 1 ਚੱਮਚ
- ਜੀਰਾ ਪਾਊਡਰ 1 ਚੱਮਚ
- ਗਰਮ ਮਸਾਲਾ 1 ਚੱਮਚ
- ਕ੍ਰੀਮ 20 ਮਿਲੀਲੀਟਰ
- ਪਨੀਰ 400 ਗ੍ਰਾਮ (ਕਟਿਆ ਹੋਇਆ)

**ਬਣਾਉਣ ਦੀ ਵਿਧੀ**

1. ਇਕ ਪੈਨ 'ਚ 1 ਚੱਮਚ ਤੇਲ ਗਰਮ ਕਰਕੇ ਉਸ 'ਚ 1 ਚੱਮਚ ਅਦਰਕ-ਲਸਣ ਦੀ ਪੇਸਟ ਪਾ ਕੇ ਭੁੰਨ ਲਓ।
2. ਫਿਰ ਇਸ 'ਚ 40 ਗ੍ਰਾਮ ਕਾਜੂ ਅਤੇ 3 ਚੱਮਚ ਮਗਜ ਪੇਸਟ ਪਾ ਕੇ ਕੁਝ ਮਿੰਟ ਤਕ ਚਲਾਓ।
3. ਇਸ ਤੋਂ ਬਾਅਦ ਇਸ 'ਚ 2 ਚੱਮਚ ਕਸੂਰੀ ਮੇਥੀ, 1 ਚੱਮਚ ਧਨੀਆ ਪਾਊਡਰ, 1 ਚੱਮਚ ਗਰਮ ਮਸਾਲਾ ਅਤੇ 1 ਚੱਮਚ ਜੀਰਾ ਪਾਊਡਰ ਪਾ ਕੇ ਕੁਝ ਦੇਰ ਪਕਾਓ।
4. 20 ਮਿਲੀਮੀਟਰ ਕ੍ਰੀਮ ਅਤੇ 2 ਚੱਮਚ ਮੱਖਣ ਇਸ 'ਚ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ।
5. ਫਿਰ ਇਸ 'ਚ 400 ਗ੍ਰਾਮ ਪਨੀਰ ਪਾ ਕੇ 5-7 ਮਿੰਟ ਤਕ ਪਕਾ ਲਓ।
6. ਤੁਹਾਡਾ ਕਾਜੂ-ਮੱਖਣ ਪਨੀਰ ਬਣ ਕੇ ਤਿਆਰ ਹੈ ਫਿਰ ਇਸ ਨੂੰ ਕ੍ਰੀਮ ਨਾਲ ਗਾਰਨਿਸ਼ ਕਰਕੇ ਗਰਮਾ-ਗਰਮ ਸਰਵ ਕਰੋ।

---

# ਘਰੇਲੂ ਮਾਹੌਲ ਵਿਗਾੜਦੀ ਹੈ ਮਨਾਂ ਦੀ ਕੁੜੱਤਣ



ਵਸਦਿਆਂ ਘਰਾਂ ਵਿਚ ਚਾਵਾਂ ਤੇ ਖੁਸ਼ੀਆਂ ਨਾਲ ਰਹਿਣਾ ਬਹੁਤ ਚੰਗੇ ਪਰਿਵਾਰ ਦੀ ਨਿਸ਼ਾਨੀ ਹੈ। ਜਿਸ ਘਰ ਵਿਚ ਸਾਰੇ ਲੋਕ ਇਕ-ਦੂਜੇ ਨਾਲ ਪਿਆਰ, ਹਮਦਰਦੀ ਤੇ ਸਦਭਾਵਨਾ ਨਾਲ ਰਹਿੰਦੇ ਹੋਣ, ਉਸ ਘਰ ਵਿਚ ਸਾਰਾ ਮਾਹੌਲ ਖੁਸ਼ਗਵਾਰ ਤੇ ਸਦਾ ਹਾਸੋਹੀਣਾ ਰਹਿੰਦਾ ਹੈ। ਅਜਿਹੇ ਘਰ ਵਿਚ ਪਰਮਾਤਮਾ ਵੀ ਬਰਕਤਾਂ ਦੇ ਢੇਰ ਲਾ ਦਿੰਦਾ ਹੈ। ਕਦੇ ਵੀ ਕਿਸੇ ਚੀਜ਼ ਦੀ ਕਮੀ ਮਹਿਸੂਸ ਨਹੀਂ ਹੋਣ ਦਿੰਦਾ, ਕਿਉਂਕਿ ਇਸ ਤਰ੍ਹਾਂ ਦੇ ਪਰਿਵਾਰ ਦੇ ਸਾਰੇ ਲੋਕ ਆਪਣੇ ਨਿੱਜੀ ਹਿਤਾਂ ਨੂੰ ਭੁੱਲ ਕੇ ਸਗੋਂ ਇਕਮੁੱਠ ਹੋ ਕੇ ਘਰ ਦੀ ਤਰੱਕੀ ਤੇ ਬਿਹਤਰੀ ਲਈ ਹਮੇਸ਼ਾ ਹੀ ਯਤਨਸ਼ੀਲ ਰਹਿੰਦੇ ਹਨ ਪਰ ਦੂਜੇ ਪਾਸੇ ਜਿਸ ਘਰ ਵਿਚ ਸਾਰਾ ਮਾਹੌਲ ਤਣਾਅ ਭਰਿਆ ਤੇ ਪੂਰਾ ਵਾਤਾਵਰਨ ਖਿੱਚ-ਧੂਹ ਵਾਲਾ ਰਹੇ, ਉਥੇ ਤਾਂ ਹੱਸਦੇ-ਵਸਦੇ ਘਰ ਵੀ ਪਲਾਂ ਵਿਚ ਬਰਬਾਦ ਹੋ ਜਾਂਦੇ ਹਨ। ਅਜਿਹੇ ਘਰਾਂ ਵਿਚ ਕਦੇ ਵੀ ਕਿਸੇ ਲਈ ਤਰੱਕੀ ਦਾ ਕੋਈ ਰਸਤਾ ਨਹੀਂ ਖੁੱਲ੍ਹਦਾ।

ਭਾਵ ਕਿ ਜਿਥੇ ਹਮੇਸ਼ਾ ਤੇਰਾ-ਮੇਰਾ, ਜ਼ਿਆਦਾ-ਥੋੜ੍ਹਾ ਤੇ ਚੰਗਾ-ਮੰਦਾ ਚਲਦਾ ਰਹਿੰਦਾ ਹੈ, ਫਿਰ ਉਸ ਘਰ ਅੰਦਰ ਤਾਂ ਭਰੀਆਂ-ਭਰਾਈਆਂ ਤਿਜੋਰੀਆਂ ਵੀ ਕੁਝ ਸਮੇਂ ਬਾਅਦ ਖਾਲੀ ਹੋ ਜਾਂਦੀਆਂ ਹਨ। ਬਹੁਤ ਵੱਡੇ-ਵੱਡੇ ਤੇ ਸਰਮਾਏਦਾਰ ਲੋਕ ਵੀ ਆਪਣੀ ਫੁੱਟ ਤੇ ਆਪਸ ਵਿਚ ਮਨਾਂ ਦੀ ਕੁੜੱਤਣ ਕਾਰਨ ਬਹੁਤ ਥੋੜ੍ਹੇ ਸਮੇਂ ਵਿਚ ਕੰਗਾਲ ਹੋ ਜਾਂਦੇ ਹਨ। ਜਿਸ ਘਰ ਦਾ ਮਾਹੌਲ ਖਰਾਬ ਰਹੇਗਾ ਤਾਂ ਸੁਭਾਵਿਕ ਤੌਰ 'ਤੇ ਉਸ ਜਗ੍ਹਾ ਏਕਤਾ, ਹੌਸਲਾ ਤੇ ਹੱਲਾਸ਼ੇਰੀ ਤੁਹਾਡੇ ਕੋਲੋਂ ਵੀ ਨਹੀਂ ਲੰਘ ਸਕੇਗੀ। ਜਦੋਂ ਤੱਕ ਇਹ ਤਿੰਨ ਚੀਜ਼ਾਂ ਕਿਸੇ ਵੀ ਇਨਸਾਨ ਨੂੰ ਨਹੀਂ ਮਿਲਦੀਆਂ, ਉਸ ਸਮੇਂ ਤੱਕ ਕੋਈ ਵੀ ਇਨਸਾਨ ਕਾਮਯਾਬੀ ਦੀ ਪੌੜੀ ਨਹੀਂ ਚੜ੍ਹ ਸਕਦਾ।

ਅਜੋਕੇ ਸਮੇਂ ਤਾਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅੱਜ ਦੇ ਮਸ਼ੀਨੀ ਯੁੱਗ ਅੰਦਰ ਹਰ ਬੰਦਾ ਆਪਣੇ ਪਰਿਵਾਰ ਦੇ ਹਰ ਬੰਦੇ ਦਾ ਦੁੱਖ-ਸੁੱਖ ਸਮਝ ਕੇ ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਆਪਣੇ ਵਲੋਂ ਦੂਜੇ ਵਿਅਕਤੀ ਦੀ ਕਾਮਯਾਬੀ ਲਈ ਉਸ ਦਾ ਪੂਰਾ-ਪੂਰਾ ਸਾਥ ਦੇਵੇ। ਇਕੱਲਾ ਇਕ ਤੇ ਦੋ ਗਿਆਰਾਂ ਵਾਲੀ ਕਹਾਵਤ ਵਾਂਗ ਕਿਸੇ ਵਲੋਂ ਦਿੱਤਾ ਗਿਆ ਹੌਸਲਾ ਦੂਜੇ ਵਿਅਕਤੀ ਨੂੰ ਬਹੁਤ ਵੱਡੇ-ਵੱਡੇ ਕੰਮ ਕਰਨ ਲਈ ਸਹਾਈ ਸਿੱਧ ਹੁੰਦਾ ਹੈ। ਇਹ ਵੀ ਸੱਚ ਹੈ ਕਿ ਅੱਜ ਦੇ ਸਮੇਂ ਸਾਂਝੇ ਪਰਿਵਾਰਾਂ ਦੀ ਹੋਂਦ ਖਤਰੇ ਵਿਚ ਪੈ ਗਈ ਹੈ। ਦੋਸਤੋ! ਜੇਕਰ ਅਸੀਂ ਥੋੜ੍ਹੀ ਜਿਹੀ ਕੋਸ਼ਿਸ਼ ਕਰੀਏ ਤਾਂ ਇਸ ਤਰ੍ਹਾਂ ਦੀ ਹੋਂਦ ਨੂੰ ਖ਼ਤਮ ਹੋਣੋਂ ਬਚਾਇਆ ਜਾ ਸਕਦਾ ਹੈ, ਬਸ ਲੋੜ ਹੈ ਸਿਰਫ ਆਪਣੇ-ਆਪ 'ਤੇ ਧੀਰਜ ਤੇ ਸੰਜਮ 'ਚ ਰਹਿ ਕੇ ਆਪ ਤੋਂ ਵੱਡੇ ਵਿਅਕਤੀਆਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਉੱਪਰ ਅਮਲ ਕਰਕੇ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਇਕ-ਦੂਜੇ ਦੇ ਕੰਮ ਆਉਣ ਦੀ।

ਮਨਦੀਪ ਕੁੰਦੀ ਤਖਤੂਪੁਰਾ

---

## ਇੰਝ ਲੈ ਸਕਦੇ ਹੋ ਛਿੱਲਕਿਆਂ ਦੇ ਵੀ ਫਾਇਦੇ




- **ਕੇਲੇ ਦੀਆਂ ਛਿੱਲਾਂ** : ਪੱਕੇ ਕੇਲੇ ਦੀਆਂ ਛਿੱਲਾਂ ਨੂੰ ਪਾਣੀ ਵਿਚ ਉਬਾਲ ਕੇ ਉਸ ਵਿਚੋਂ ਪਾਣੀ ਕੱਢ ਦਿਓ। ਹੁਣ ਇਸ ਵਿਚ ਵੇਸਣ, ਮਸਾਲਾ, ਹਰੀ ਮਿਰਚ, ਹਰਾ ਧਨੀਆ, ਅਦਰਕ ਆਦਿ ਮਿਲਾ ਕੇ ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਗੋਲੀਆਂ ਬਣਾ ਲਓ। ਇਨ੍ਹਾਂ ਨੂੰ ਹੌਲੀ ਅੱਗ 'ਤੇ ਭੂਰਾ ਹੋਣ ਤੱਕ ਤਲੋ। ਹੁਣ ਇਨ੍ਹਾਂ ਗਰਮਾ-ਗਰਮ ਕੋਫਤਿਆਂ ਨੂੰ ਆਪ ਖਾਓ ਅਤੇ ਮਹਿਮਾਨਾਂ ਨੂੰ ਵੀ ਖਵਾਓ।
* ਕੇਲੇ ਦੀਆਂ ਛਿੱਲਾਂ ਦੇ ਅੰਦਰ ਵਾਲਾ ਮੁਲਾਇਮ ਗੁੱਦਾ ਖੁਰਚ ਕੇ ਜੁੱਤੀਆਂ 'ਤੇ ਮਲੋ। ਚੰਗੀ ਤਰ੍ਹਾਂ ਸੁੱਕ ਜਾਣ 'ਤੇ ਜੁੱਤੀਆਂ ਨੂੰ ਸਾਫ਼ ਕੱਪੜੇ ਨਾਲ ਪੂੰਝ ਲਓ। ਇਸ ਨਾਲ ਜੁੱਤੀਆਂ ਵਿਚ ਪਾਲਿਸ਼ ਵਰਗੀ ਚਮਕ ਆ ਜਾਵੇਗੀ।
* ਕੇਲੇ ਦੀ ਸੁੱਕੀ ਛਿੱਲ ਸ਼ਾਮ ਨੂੰ ਜਲਾਉਣ ਨਾਲ ਵਾਯੂ ਮੰਡਲ ਦੀ ਬਦਬੂ ਦੂਰ ਹੁੰਦੀ ਹੈ।
* ਸੱਟ ਜਾਂ ਜ਼ਖ਼ਮ ਹੋਣ 'ਤੇ ਕੇਲੇ ਦੀ ਛਿੱਲ ਦੇ ਅੰਦਰ ਵਾਲਾ ਗੁੱਦਾ ਲਗਾ ਕੇ ਬੰਨ੍ਹਣ ਨਾਲ ਆਰਾਮ ਮਿਲਦਾ ਹੈ।
- **ਨਿੰਬੂ ਦੀਆਂ ਛਿੱਲਾਂ** : ਨਿੰਬੂ ਦੀਆਂ ਛਿੱਲਾਂ 'ਤੇ ਇਕ ਚੁਟਕੀ ਪੀਸਿਆ ਹੋਇਆ ਨਮਕ ਲਗਾ ਕੇ ਭਾਂਡੇ ਸਾਫ਼ ਕਰਨ ਨਾਲ ਭਾਂਡੇ ਅਸਾਨੀ ਨਾਲ ਸਾਫ਼ ਹੋ ਜਾਂਦੇ ਹਨ। ਨਾਲ ਹੀ ਉਹ ਨਵੇਂ ਭਾਂਡਿਆਂ ਵਾਂਗ ਚਮਕਣ ਲਗਦੇ ਹਨ।
* ਨਿੰਬੂ ਦੀਆਂ ਛਿੱਲਾਂ ਨੂੰ ਚੌੜੇ ਮੂੰਹ ਵਾਲੀ ਬੋਤਲ ਵਿਚ ਰੱਖ ਕੇ ਉੱਪਰੋਂ ਦੀ ਨਮਕ ਛਿੜਕ ਦਿਓ। ਕੁਝ ਦਿਨ ਬਾਅਦ ਉਹ ਗਲ ਕੇ ਅਚਾਰ ਬਣ ਜਾਵੇਗਾ।
* ਨਿੰਬੂ ਦੀਆਂ ਛਿੱਲਾਂ ਨੂੰ ਸੁਕਾ ਕੇ ਪੀਸ ਲਓ। ਇਸ ਵਿਚ ਦੁੱਧ ਮਿਲਾ ਕੇ ਫੇਸ ਪੈਕ ਦੇ ਰੂਪ ਵਿਚ ਕੰਮ ਲਿਆ ਜਾ ਸਕਦਾ ਹੈ।
* ਨਿੰਬੂ ਦੀਆਂ ਛਿੱਲਾਂ 'ਤੇ ਸੇਂਧਾ ਨਮਕ ਪਾ ਕੇ ਦੰਦਾਂ 'ਤੇ ਰਗੜੋ। ਦੰਦ-ਮਸੂੜੇ ਤੰਦਰੁਸਤ ਰਹਿਣਗੇ ਅਤੇ ਮੂੰਹ ਦੀ ਬਦਬੂ ਦੂਰ ਹੋ ਜਾਵੇਗੀ।
* ਨਿੰਬੂ ਦੀਆਂ ਛਿੱਲਾਂ ਚਿਹਰੇ 'ਤੇ ਰਗੜਨ ਨਾਲ ਚਮੜੀ ਦੀ ਚਿਕਨਾਈ ਘੱਟ ਹੋ ਜਾਵੇਗੀ।
* ਨਿੰਬੂ ਦੀਆਂ ਛਿੱਲਾਂ 'ਤੇ ਨਮਕ ਪਾ ਕੇ ਪਿੱਤਲ ਦੇ ਭਾਂਡੇ ਸਾਫ਼ ਕਰੋ।
* ਕੱਪੜਿਆਂ ਦੀ ਅਲਮਾਰੀ ਵਿਚ ਨਿੰਬੂ ਦੀਆਂ ਸੁੱਕੀਆਂ ਛਿੱਲਾਂ ਰੱਖ ਦੇਣ ਨਾਲ ਉਥੋਂ ਕੀੜੇ ਦੌੜ ਜਾਂਦੇ ਹਨ।
* ਪ੍ਰੈਸ਼ਰ ਕੁੱਕਰ ਵਿਚ ਖਾਣਾ ਬਣਾਉਂਦੇ ਸਮੇਂ ਨਿੰਬੂ ਦੀ ਛਿੱਲ ਪਾ ਦਿਓ। ਇਸ ਨਾਲ ਕੁੱਕਰ ਦਾ ਅੰਦਰੂਨੀ ਹਿੱਸਾ ਕਾਲਾ ਨਹੀਂ ਹੋਵੇਗਾ।
- **ਅਨਾਰ ਦੀਆਂ ਛਿੱਲਾਂ**: ਅਨਾਰ ਦੀਆਂ ਛਿੱਲਾਂ ਨੂੰ ਲੂਹ ਕੇ ਅਤੇ ਪੀਸ ਕੇ ਹਲਦੀ ਦੇ ਨਾਲ ਪੁਰਾਣੀਆਂ ਸੱਟਾਂ 'ਤੇ ਬੰਨ੍ਹਣ ਨਾਲ ਆਰਾਮ ਮਿਲਦਾ ਹੈ।
- **ਪਿਆਜ਼ ਦੀਆਂ ਛਿੱਲਾਂ** : ਜੇ ਤੁਹਾਡੇ ਕੱਪੜਿਆਂ 'ਤੇ ਕੱਥੇ ਦੇ ਦਾਗ ਲੱਗ ਗਏ ਹੋਣ ਅਤੇ ਕਿਸੇ ਵੀ ਤਰੀਕੇ ਨਾਲ ਨਾ ਲੱਥ ਰਹੇ ਹੋਣ ਤਾਂ ਉਸ 'ਤੇ ਪਿਆਜ਼ ਦੀ ਛਿੱਲ ਘਸਾ ਕੇ ਖ਼ੂਬ ਗਰਮ ਪਾਣੀ ਨਾਲ ਸਾਬਣ ਲਗਾ ਕੇ ਧੋ ਦਿਓ। ਦਾਗ ਅਸਾਨੀ ਨਾਲ ਮਿਟ ਜਾਣਗੇ।
- **ਨਾਰੀਅਲ ਦੀਆਂ ਛਿੱਲਾਂ** : ਨਾਰੀਅਲ ਦੀਆਂ ਛਿੱਲਾਂ ਸੁੱਟਣ ਦੀ ਬਜਾਏ ਸੰਭਾਲ ਕੇ ਗੋਲਾਈ ਵਿਚ ਕੱਟੋ। ਇਹ ਛਿੱਲਾਂ ਮਟਕੀ ਆਦਿ ਢਕਣ ਦੇ ਕੰਮ ਆਉਣਗੀਆਂ।
* ਨਾਰੀਅਲ ਦੀਆਂ ਛਿੱਲਾਂ ਨੂੰ ਜਲਾ ਕੇ ਬਰੀਕ ਪੀਸ ਲਓ। ਦੰਦਾਂ ਲਈ ਇਹ ਵਧੀਆ ਮੰਜਨ ਸਾਬਤ ਹੋਵੇਗਾ।
- **ਪਪੀਤੇ ਦੀਆਂ ਛਿੱਲਾਂ** : ਪਪੀਤੇ ਦੀਆਂ ਛਿੱਲਾਂ ਨੂੰ ਧੁੱਪ ਵਿਚ ਸੁਕਾ ਕੇ ਬਰੀਕ ਪੀਸ ਲਓ ਅਤੇ ਗਲਿਸਰੀਨ ਦੇ ਨਾਲ ਇਕ ਚੁਟਕੀ ਚੂਰਨ ਮਿਲਾ ਕੇ ਚਿਹਰੇ 'ਤੇ ਲੇਪ ਕਰੋ। ਹਫ਼ਤਾ ਭਰ ਤੱਕ ਨਿਯਮਤ ਕਰਨ ਨਾਲ ਚਿਹਰੇ ਦੀ ਖੁਸ਼ਕੀ ਦੂਰ ਹੋ ਜਾਵੇਗੀ।
- **ਮਟਰਾਂ ਦੀਆਂ ਛਿੱਲਾਂ** : ਮਟਰਾਂ ਦੀਆਂ ਛਿੱਲਾਂ ਦਾ ਕੋਮਲ, ਮੁਲਾਇਮ ਹਿੱਸਾ ਕੱਢ ਕੇ ਧੁੱਪ ਵਿਚ ਸੁਕਾ ਲਓ। ਫਿਰ ਉਨ੍ਹਾਂ ਨੂੰ ਘਿਓ ਵਿਚ ਤਲ ਕੇ ਮਸਾਲਾ ਆਦਿ ਵਿਚ ਪਾ ਲਓ। ਇਹ ਸਵਾਦੀ ਅਤੇ ਕੁਰਕੁਰੇ ਲੱਗਣਗੇ।

- ਅਨੰਦ ਕੁਮਾਰ ਅਨੰਤ

# ਇਹ ਹਨ ਦੁਨੀਆ ਦੇ ਸਭ ਤੋਂ ਖਤਰਨਾਕ


**ਪੂਰੀ ਦੁਨੀਆ ਵਿੱਚ ਰੁਮਾਂਚ ਲਈ ਤਰ੍ਹਾਂ-ਤਰ੍ਹਾਂ ਦੇ ਗੇਮ ਖੇਡੇ ਜਾਂਦੇ ਹਨ। ਇਨ੍ਹਾਂ ਵਿੱਚ ਕਈ ਗੇਮ ਇੰਨੇ ਖਤਰਨਾਕ ਹੁੰਦੇ ਹਨ ਕਿ ਇਨਸਾਨ ਦੀ ਜਾਨ ਤੱਕ ਚੱਲੀ ਜਾਂਦੀ ਹੈ। ਮੁੰਬਈ ਵਿੱਚ 'ਦ ਬਲੂ ਵੇਲ੍ਹ' ਗੇਮ ਦੀ ਵਜ੍ਹਾ ਨਾਲ 14 ਸਾਲ ਦੇ ਬੱਚੇ ਦੀ ਖੁਦਕੁਸ਼ੀ ਦੇ ਬਾਅਦ ਅਜਿਹੇ ਖਤਰਨਾਕ ਗੇਮ ਫਿਰ ਚਰਚਾ ਵਿੱਚ ਹਨ। ਆਓ ਤੁਹਾਨੂੰ ਦੱਸਦੇ ਹਨ ਦੁਨੀਆ ਦੇ ਕੁੱਝ ਅਜਿਹੇ ਹੀ ਖਤਰਨਾਕ ਗੇਮਾਂ ਦੇ ਬਾਰੇ:**

## 'ਦ ਬਲੂ ਵੇਲ੍ਹ' ਗੇਮ:



ਇਸ ਵਿੱਚ ਯੂਜ਼ਰ ਨੂੰ ਆਪਣੇ ਫੇਸਬੁੱਕ ਜਾਂ ਹੋਰ ਸੋਸ਼ਲ ਸਾਈਟਸ ਰਾਹੀਂ ਲਾਗ-ਇਨ ਕਰਨਾ ਹੁੰਦਾ ਹੈ। ਇਸ ਗੇਮ ਵਿੱਚ 50 ਦਿਨ ਦਾ ਟਾਸਕ ਦਿੱਤਾ ਜਾਂਦਾ ਹੈ। ਗੇਮ ਦੇ ਇੱਕ ਲੈਵਲ ਵਿੱਚ ਹੱਥ ਉੱਤੇ ਬਲੇਡ ਨਾਲ ਵੇਲ੍ਹ ਦੀ ਤਸਵੀਰ ਉਕਰ ਕੇ ਫੋਟੋ ਭੇਜਣ ਨੂੰ ਕਿਹਾ ਜਾਂਦਾ ਹੈ। ਇਹੀ ਨਹੀਂ ਡਰ ਪੈਦਾ ਕਰਨ ਲਈ ਸਵੇਰੇ 4.20 ਵਜੇ ਹਾਰਰ ਫਿਲਮ ਦਾ ਵੀਡੀਓ ਵੇਖਣਾ ਹੁੰਦਾ ਹੈ। ਸਵੇਰੇ-ਸਵੇਰੇ ਕਿਸੇ ਉੱਚੀ ਬਿਲਡਿੰਗ ਉੱਤੇ ਚੜ੍ਹਨ ਨੂੰ ਕਿਹਾ ਜਾਂਦਾ ਹੈ। ਗੇਮ ਦੇ ਲਾਸਟ ਟਾਸਕ ਦੇ ਰੂਪ ਵਿੱਚ ਯਾਨੀ 50ਵੇਂ ਦਿਨ ਯੂਜ਼ਰ ਨੂੰ ਜਾਨ ਦੇ ਕੇ ਜੇਤੂ ਬਣਨ ਨੂੰ ਕਿਹਾ ਜਾਂਦਾ ਹੈ। 2015 ਵਿੱਚ ਰੂਸ ਵਿੱਚ ਬਣੀ ਇਸ ਗੇਮ ਕਾਰਨ ਰੂਸ ਵਿੱਚ ਹੀ ਹੁਣ ਤੱਕ 130 ਲੋਕਾਂ ਨੇ ਜਾਨ ਦੇ ਦਿੱਤੀ ਹੈ। ਮੁੰਬਈ ਵਿੱਚ 30 ਜੁਲਾਈ ਨੂੰ ਇੱਕ 14 ਸਾਲ ਦੇ ਬੱਚੇ ਨੇ ਵੀ ਇਸ ਗੇਮ ਦੀ ਵਜ੍ਹਾ ਨਾਲ ਛੱਤ ਤੋਂ ਵਲੋਂ ਕੁੱਦ ਕੇ ਆਤਮਹੱਤਿਆ ਕਰ ਲਈ ਸੀ। ਇਹ ਗੇਮ ਇੱਕ ਵਾਰ ਸ਼ੁਰੂ ਕਰਨ ਤੋਂ ਬਾਅਦ ਵਿੱਚ ਛੱਡ ਨਹੀਂ ਸਕਦੇ। ਜੇ ਕੋਈ ਅਜਿਹਾ ਕਰਨਾ ਵੀ ਚਾਹੇ ਤਾਂ ਉਸ ਨੂੰ ਡਰਾ-ਧਮਕਾ ਕੇ ਗੇਮ ਖੇਡਣ ਲਈ ਮਜਬੂਰ ਕੀਤਾ ਜਾਂਦਾ ਹੈ।

## ਪੋਕੇਮੋਨ ਗੋ:



ਲੈ ਕੇ ਪੋਕੇਮਾਨ ਨੂੰ ਲੱਭਦੇ ਰਹਿੰਦੇ ਹਨ। ਇਸ ਗੇਮ ਦਾ ਨਸ਼ਾ ਇਸ ਕਦਰ ਹਾਵੀ ਹੁੰਦਾ ਜਾ ਰਿਹਾ ਹੈ ਕਿ ਇਸ ਨੂੰ ਖੇਡਣ ਵਾਲੇ ਕਈ ਵਾਰ ਕਿਸੇ ਵਾਹਨ, ਖੰਭੇ ਜਾਂ ਕਿਸੇ ਹੋਰ ਚੀਜ ਨਾਲ ਟਕਰਾ ਕੇ ਗੰਭੀਰ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੇ ਹਨ। ਗੇਮ ਲਾਂਚ ਹੋਣ ਦੇ ਕੁੱਝ ਹੀ ਦਿਨ ਬਾਅਦ ਇੱਕ ਟਰੱਕ ਚਾਲਕ ਪੋਕੇਮਾਨ ਖੇਡਦੇ ਹੋਏ ਗੱਡੀ ਚਲਾ ਰਿਹਾ ਸੀ, ਜਿਸ ਦੀ ਵਜ੍ਹਾ ਨਾਲ ਟਰੱਕ 'ਤੇ ਕਾਬੂ ਗੁਆਉਣ ਕਾਰਨ ਉਸ ਦੀ ਮੌਤ ਹੋ ਗਈ ਸੀ। ਪੂਰੀ ਦੁਨੀਆ ਵਿੱਚ ਇਸ ਗੇਮ ਦੀ ਵਜ੍ਹਾ ਨਾਲ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਸਨਾਰਟਿੰਗ ਚੈਲੇਂਜ:



ਇਸ ਗੇਮ ਵਿੱਚ ਨੌਜਵਾਨ ਇੱਕ ਦੂਜੇ ਨੂੰ ਵੱਖ-ਵੱਖ ਚੀਜਾਂ ਨੂੰ ਨੱਕ ਰਾਹੀਂ ਖਿੱਚ ਕੇ ਮੂੰਹ 'ਚੋਂ ਕੱਢਣ ਦਾ ਚੈਲੇਂਜ ਦਿੰਦੇ ਹਨ। ਇਨ੍ਹਾਂ ਚੀਜਾਂ ਵਿੱਚ ਕੰਡੋਮ, ਗੁੱਬਾਰੇ, ਸਟਰਿੰਗ ਅਤੇ ਅਜਿਹੀਆਂ ਹੀ ਬਹੁਤ ਸਾਰੀਆਂ ਚੀਜਾਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ। ਕਈ ਵਾਰ ਦੇਖਣ ਵਿੱਚ ਇਹ ਆਮ ਚੀਜਾਂ ਸਰੀਰ ਦੇ ਅੰਦਰੂਨੀ ਹਿੱਸੇ ਨੂੰ ਜ਼ਖਮੀ ਕਰਨ ਦੇ ਨਾਲ ਹੀ ਜਾਨਲੇਵਾ ਵੀ ਸਾਬਤ ਹੋ ਜਾਂਦੀਆਂ ਹਨ।

## ਵੈਂਪਾਇਰ ਬਾਇਟਿੰਗ:

ਇਸ ਗੇਮ ਵਿੱਚ ਲੋਕ ਇੱਕ ਦੂੱਜੇ ਨੂੰ ਵੈਂਪਾਇਰ ਦੀ ਤਰ੍ਹਾਂ ਕੱਟਦੇ ਹਨ ਅਤੇ ਖ਼ੂਨ ਕੱਢਦੇ ਹਨ। ਸੈਕਸ ਦੇ ਦੌਰਾਨ ਵੀ ਲੋਕ ਇਸ ਗੇਮ ਨੂੰ ਖੇਡਣਾ ਪਸੰਦ ਕਰਦੇ ਹਨ। ਕੱਟਣ ਦੀ ਵਜ੍ਹਾ ਨਾਲ ਖ਼ੂਨ ਦਾ ਸੰਪਰਕ ਸਿੱਧੇ ਮੂੰਹ ਨਾਲ ਹੁੰਦਾ ਹੈ, ਇਸਲਈ ਸੰਕਰਮਣ, ਜ਼ਖਮ ਤੋਂ ਲੈ ਕੇ ਐੱਚ.ਆਈ.ਵੀ. ਅਤੇ ਹੈਪੇਟਾਈਟਿਸ ਵਰਗੀਆਂ ਜਾਨਲੇਵਾ ਬਿਮਾਰੀਆਂ ਹੋ ਜਾਂਦੀਆਂ ਹਨ।

## ਦ ਕਾਰ ਸਰਫਿੰਗ ਚੈਲੇਂਜ:




ਇਸ ਗੇਮ ਵਿੱਚ ਚੱਲਦੀ ਕਾਰ ਦੀ ਛੱਤ ਉੱਤੇ ਜਾਂ ਬੰਪਰ ਜਾਂ ਕਾਰ ਦੀ ਹੁੱਡ ਉੱਤੇ ਖੜ੍ਹੇ ਹੁੰਦੇ ਹਨ। ਕਈ ਵਾਰ ਕਾਰ ਚੱਲਣ ਦੀ ਵਜ੍ਹਾ ਨਾਲ ਇਨਸਾਨ ਡਿੱਗ ਜਾਂਦਾ ਹੈ ਅਤੇ ਗੰਭੀਰ ਰੂਪ 'ਚ ਜ਼ਖਮੀ ਹੋ ਜਾਂਦਾ ਹੈ। ਕਈ ਦੇਸ਼ਾਂ ਵਿੱਚ ਇਸ ਗੇਮ ਦੀ ਵਜ੍ਹਾ ਨਾਲ ਨੌਜਵਾਨਾਂ ਦੀ ਜਾਨ ਤੱਕ ਜਾ ਚੁੱਕੀ ਹੈ।

## ਦ ਚੋਕਿੰਗ ਗੇਮ:




ਇਸ ਵਿੱਚ ਇੱਕ ਇਨਸਾਨ ਦੂਜੇ ਇਨਸਾਨ ਦਾ ਗਲਾ ਦਬਾਉਂਦਾ ਹੈ, ਜਿਸ ਦੇ ਨਾਲ ਇਨਸਾਨ ਦਾ ਦਮ ਘੁੱਟਣ ਲੱਗਦਾ ਹੈ। ਗੇਮ ਇਹੀ ਹੈ ਕਿ ਤੁਸੀ ਕਿੰਨੇ ਦੇਰ ਤੱਕ ਬਰਦਾਸ਼ਤ ਕਰ ਸਕਦੇ ਹੋ। ਕਈ ਵਾਰ ਗੇਮ ਜਿੱਤਣ ਦੇ ਚੱਕਰ ਵਿੱਚ ਜਾਨੋਂ ਹੱਥ ਧੋ ਬੈਠਦੇ ਹਨ। ਇਸ ਗੇਮ 'ਚ ਕਈ ਵਾਰ ਬੇਹੋਸ਼ੀ ਦੀ ਵਜ੍ਹਾ ਨਾਲ ਦਿਮਾਗ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ।

## ਕੰਡੋਮ ਚੈਲੇਂਜ:



ਇਸ ਗੇਮ ਵਿੱਚ ਇੱਕ ਕੰਡੋਮ ਵਿੱਚ ਪਾਣੀ ਭਰ ਕੇ ਉਸ ਨੂੰ ਬੰਨ੍ਹ ਦਿੱਤਾ ਜਾਂਦਾ ਹੈ। ਫਿਰ ਕਿਸੇ ਦੇ ਸਿਰ ਉੱਤੇ ਇਸ ਨੂੰ ਸੁੱਟਿਆ ਜਾਂਦਾ ਹੈ। ਜਿਸ ਦੇ ਸਿਰ ਉੱਤੇ ਪਾਣੀ ਨਾਲ ਭਰਿਆ ਕੰਡੋਮ ਸੁੱਟਿਆ ਜਾਂਦਾ ਹੈ, ਉਸ ਨੇ ਕੁੱਝ ਸਮੇਂ ਤੱਕ ਸਾਹ ਰੋਕਣਾ ਹੁੰਦਾ ਹੈ। ਇਸ ਗੇਮ ਵਿੱਚ ਕਈ ਵਾਰ ਸਾਹ ਰੁਕ ਜਾਣ ਦੀ ਵਜ੍ਹਾ ਨਾਲ ਜਾਨ ਜਾਣ ਦਾ ਖ਼ਤਰਾ ਵੀ ਹੁੰਦਾ ਹੈ।

## ਕਾਇਲੀ ਲਿੱਪ ਚੈਲੇਂਜ:



ਇਸ ਵਿੱਚ ਕੱਚ ਦੀ ਬੋਤਲ ਦੇ ਅੰਦਰ ਬੁਲ੍ਹ ਪਾਉਣ ਦੇ ਬਾਅਦ ਅੰਦਰ ਦੇ ਵੱਲ ਖਿੱਚਿਆ ਜਾਂਦਾ ਹੈ। ਕੁੱਝ ਮਿੰਟ ਤੱਕ ਅਜਿਹਾ ਲਗਾਤਾਰ ਕਰਨ ਨੂੰ ਕਿਹਾ ਜਾਂਦਾ ਹੈ। ਕੁੱਝ ਹੀ ਦੇਰ ਵਿੱਚ ਬੁਲ੍ਹ ਫੁੱਲਣ ਲੱਗਦੇ ਹਨ ਅਤੇ ਇਨਸਾਨ ਦਰਦ ਨਾਲ ਤੜਫਣ ਲੱਗਦਾ ਹੈ। ਇਸ ਗੇਮ ਵਿੱਚ ਕਈ ਵਾਰ ਕੱਚ ਟੁੱਟ ਕੇ ਮੂੰਹ ਦੇ ਅੰਦਰ ਚਲਾ ਜਾਂਦਾ ਹੈ, ਜਿਸ ਦੇ ਨਾਲ ਜਾਨ ਜਾਣ ਦੀ ਸੰਭਾਵਨਾ ਹੁੰਦੀ ਹੈ। ਅਤੇ ਬੁਲ੍ਹ ਵੀ ਜ਼ਖਮੀ ਹੋ ਜਾਂਦੇ ਹਨ।

**ਅਪੀਲ: ਇਸ ਲੇਖ ਰਾਹੀਂ ਅਸੀਂ ਤੁਹਾਨੂੰ ਸੁਚੇਤ ਕਰਨਾ ਚਾਹੁੰਦੇ ਹਾਂ ਕਿ ਕਿਸੇ ਗੇਮ ਨੂੰ ਸਿਰਫ ਮਨੋਰੰਜਨ ਲਈ ਖੇਡਿਆ ਜਾਣਾ ਚਾਹੀਦਾ ਹੈ। ਅਜਿਹੇ ਕਿਸੇ ਵੀ ਗੇਮ ਨੂੰ ਖੇਡਣ ਤੋਂ ਪਰਹੇਜ ਕਰੋ ਜੋ ਤੁਹਾਡੀ ਜਾਨ ਲੈ ਸਕਦਾ ਹੈ। ਆਪਣੇ ਮਾਸੂਮ ਬੱਚਿਆਂ ਨੂੰ ਇੰਟਰਨੈੱਟ ਉੱਤੇ ਇਕੱਲੇ ਸਰਫਿੰਗ ਨਾ ਕਰਨ ਦਿਓ।**

# ਭਾਰਤ ਦੀ ਸਭ ਤੋਂ ਲੰਮੀ ਤੇ ਮਹਾਨ ਦੀਵਾਰ- ਕੁੰਭਲਗੜ੍ਹ ਦਾ ਕਿਲਾ





**ਸੰਜੀਵ ਕੁਮਾਰ ਕਲਸੀ**

ਮਹਾਨ ਦੀਵਾਰ ਦੀ ਗੱਲ ਕਰਦਿਆਂ ਹੀ ਚੀਨ ਦੀ ਮਹਾਨ ਦੀਵਾਰ ਦਾ ਖ਼ਿਆਲ ਮਨ ਵਿੱਚ ਆਉਂਦਾ ਹੈ ਜੋ ਦੁਨੀਆਂ ਦੀ ਸਭ ਤੋਂ ਲੰਮੀ ਅਤੇ ਮਹਾਨ ਦੀਵਾਰ ਹੈ। ਪਰ ਭਾਰਤ ਦੀ ਸਭ ਤੋਂ ਲੰਮੀ ਤੇ ਮਹਾਨ ਦੀਵਾਰ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ। ਦਰਅਸਲ, ਇਹ ਦੀਵਾਰ ਰਾਜਸਥਾਨ ਦੇ ਜ਼ਿਲਾ ਰਾਜਸਮੰਦ ਵਿੱਚ ਬਣੇ ਕੁੰਭਲਗੜ੍ਹ ਕਿਲੇ ਦੇ ਆਲੇ-ਦੁਆਲੇ ਬਣੀ ਹੋਈ ਹੈ। ਇਸ ਦੀ ਲੰਬਾਈ 38 ਕਿਲੋਮੀਟਰ ਤੋਂ ਵਧੇਰੇ ਹੈ। ਇਸ ਤਰ੍ਹਾਂ ਇਹ ਭਾਰਤ ਦੀ ਸਭ ਤੋਂ ਲੰਮੀ ਅਤੇ ਦੁਨੀਆਂ ਦੀ ਦੂਜੀ ਸਭ ਤੋਂ ਲੰਮੀ ਦੀਵਾਰ ਹੈ।

ਕੁੰਭਲਗੜ੍ਹ ਕਿਲਾ ਅਰਾਵਲੀ ਪਹਾੜੀਆਂ ਦੀ ਬੁੱਕਲ ਵਿੱਚ ਬਣਿਆ ਹੋਇਆ ਹੈ। ਇਸ ਕਿਲੇ ਦੀ ਸਮੁੰਦਰ ਤਲ ਤੋਂ ਉਚਾਈ 1,100 ਮੀਟਰ ਹੈ। ਇਸ ਦੀ ਉਸਾਰੀ ਦਾ ਕੰਮ 1443 ਤੋਂ 1458 ਤਕ ਭਾਵ ਪੰਦਰਾਂ ਸਾਲਾਂ ਵਿੱਚ ਰਾਣਾ ਕੁੰਭਾ ਨੇ ਕਰਵਾਇਆ ਸੀ। ਇਸ ਕਿਲੇ ਦਾ ਨਿਰਮਾਣ ਕਾਰਜ ਮੁਕੰਮਲ ਹੋਣ ਉੱਤੇ ਮਹਾਰਾਣਾ ਕੁੰਭਾ ਨੇ ਸਿੱਕੇ ਬਣਵਾਏ ਸਨ ਜਿਨ੍ਹਾਂ ਉਪਰ ਕਿਲੇ ਦਾ ਨਾਂ ਅਤੇ ਰਾਜੇ ਦਾ ਨਾਂ ਲਿਖਿਆ ਗਿਆ। ਇਹ ਕਿਲਾ ਕਈ ਘਾਟੀਆਂ ਅਤੇ ਪਹਾੜੀਆਂ ਨੂੰ ਮਿਲਾ ਕੇ ਬਣਾਇਆ ਗਿਆ ਹੈ ਜਿਸ ਸਦਕਾ ਇਸ ਦੀ ਸੁਰੱਖਿਆ ਬਰਕਰਾਰ ਰਹੀ। ਇਸ ਕਿਲੇ ਦੇ ਉੱਚੇ ਸਥਾਨਾਂ ਉੱਤੇ ਮਹਿਲ, ਮੰਦਿਰ ਅਤੇ ਰਹਿਣ ਲਈ ਇਮਾਰਤਾਂ ਬਣਾਈਆਂ ਗਈਆਂ ਹਨ। ਇਸ ਵਿਚਲੇ ਸਮਤਲ ਇਲਾਕੇ ਦੀ ਵਰਤੋਂ ਖੇਤੀ ਕਰਨ ਲਈ ਕੀਤੀ ਜਾਂਦੀ ਸੀ। ਨੀਵੇਂ ਥਾਵਾਂ ਦਾ ਉਪਯੋਗ ਪਾਣੀ ਨੂੰ ਇਕੱਠਾ ਕਰਨ ਲਈ ਕੀਤਾ ਗਿਆ ਹੈ। ਇਸ ਕਿਲੇ ਅੰਦਰ ਇੱਕ ਗੜ੍ਹ ਹੈ। ਇਸ ਗੜ੍ਹ ਦਾ ਨਾਂ ਕਟਾਰਗੜ੍ਹ ਹੈ। ਇਸ ਗੜ੍ਹ ਦੇ ਸੱਤ ਵਿਸ਼ਾਲ ਦਰਵਾਜ਼ੇ ਹਨ। ਇਸ ਦੇ ਉਪਰਲੇ ਭਾਗ ਵਿੱਚ ਬਾਦਲ ਮਹਿਲ ਹੈ ਅਤੇ ਕੁੰਭਾ ਮਹਿਲ ਸਭ ਤੋਂ ਉੱਪਰ ਹੈ। ਇਹ ਕਿਲਾ ਮਹਾਰਾਣਾ ਪ੍ਰਤਾਪ ਦਾ ਜਨਮ ਸਥਾਨ ਵੀ ਹੈ। ਕੁੰਭਲਗੜ੍ਹ ਕਿਸੇ ਸਮੇਂ ਮੇਵਾੜ ਦੀ ਸੰਕਟਕਾਲੀਨ ਰਾਜਧਾਨੀ ਵੀ ਰਿਹਾ ਹੈ। ਮਹਾਰਾਣਾ ਕੁੰਭਾ ਤੋਂ ਲੈ ਕੇ ਮਹਾਰਾਣਾ ਰਾਜ ਸਿੰਘ ਦੇ ਸਮੇਂ ਤਕ ਮੇਵਾੜ ਉੱਤੇ ਹੋਏ ਹਮਲਿਆਂ ਸਮੇਂ ਸ਼ਾਹੀ ਪਰਿਵਾਰ ਇਸ ਕਿਲੇ ਵਿੱਚ ਹੀ ਰਿਹਾ। ਇਸ ਕਿਲੇ ਵਿੱਚ ਹੀ ਪ੍ਰਿਥਵੀਰਾਜ ਚੌਹਾਨ ਅਤੇ ਮਹਾਰਾਣਾ ਸਾਂਗਾ ਦਾ ਬਚਪਨ ਬੀਤਿਆ। ਮਹਾਰਾਣਾ ਉਦੈ ਸਿੰਘ ਦਾ ਪਾਲਣ ਪੋਸ਼ਣ ਇਸ ਕਿਲੇ ਵਿੱਚ ਹੀ ਕੀਤਾ ਗਿਆ ਸੀ। ਹਲਦੀ ਘਾਟੀ ਦੀ ਲੜਾਈ ਵਿੱਚ ਹਾਰਨ ਤੋਂ ਬਾਅਦ ਮਹਾਰਾਣਾ ਪ੍ਰਤਾਪ ਕਾਫ਼ੀ ਸਮੇਂ ਤਕ ਇਸ ਕਿਲੇ ਵਿੱਚ ਹੀ ਰਿਹਾ।

ਮਹਾਰਾਣਾ ਕੁੰਭਾ ਦੀ ਰਿਆਸਤ ਵਿੱਚ ਕੁੱਲ 84 ਕਿਲੇ ਆਉਂਦੇ ਸਨ ਜਿਨ੍ਹਾਂ ਵਿੱਚੋਂ 32 ਕਿਲਿਆਂ ਦਾ ਨਕਸ਼ਾ ਉਸ ਦੁਆਰਾ ਬਣਾਇਆ ਗਿਆ ਸੀ। ਕੁੰਭਲਗੜ੍ਹ ਦਾ ਕਿਲਾ ਵੀ ਉਨ੍ਹਾਂ ਵਿੱਚੋਂ ਇੱਕ ਸੀ। ਇਸ ਕਿਲੇ ਦੀ ਇੱਕ ਖ਼ਾਸ ਗੱਲ ਹੋਰ ਸੀ ਕਿ ਇਸ ਦੀ ਉਸਾਰੀ ਸਮੇਂ ਰਾਤ ਨੂੰ ਕੰਮ ਕਰਨ ਵਾਲੇ ਮਜ਼ਦੂਰਾਂ ਲਈ 50 ਕਿਲੋ ਘਿਓ ਅਤੇ 100 ਕਿਲੋ ਰੂੰ ਦਾ ਪ੍ਰਯੋਗ ਕੀਤਾ ਜਾਂਦਾ ਸੀ। ਇਨ੍ਹਾਂ ਨਾਲ ਬੜੇ ਬੜੇ ਲੈਂਪ ਜਗਾ ਕੇ ਰੌਸ਼ਨੀ ਕੀਤੀ ਜਾਂਦੀ ਸੀ। ਇਸ ਕਿਲੇ ਦੀ ਦੀਵਾਰ ਦੀ ਲੰਬਾਈ 38 ਕਿਲੋਮੀਟਰ ਤੋਂ ਵੀ ਜ਼ਿਆਦਾ ਹੈ। ਇਹ ਦੀਵਾਰ 15 ਫੁੱਟ ਚੋੜੀ ਹੈ। ਇਸ ਦੀਵਾਰ ਉੱਤੇ ਇੱਕੋ ਸਮੇਂ ਪੰਜ ਘੋੜੇ ਦੌੜ ਸਕਦੇ ਹਨ। ਇਸ ਕਿਲੇ ਅੰਦਰ 360 ਤੋਂ ਜ਼ਿਆਦਾ ਮੰਦਿਰ ਹਨ। ਇਨ੍ਹਾਂ ਵਿੱਚੋਂ 300 ਪ੍ਰਾਚੀਨ ਜੈਨ ਮੰਦਿਰ ਅਤੇ ਬਾਕੀ ਹਿੰਦੂ ਮੰਦਿਰ ਹਨ। ਕਿਹਾ ਜਾਂਦਾ ਹੈ ਕਿ ਇਸ ਕਿਲੇ ਨੂੰ ਦੁਸ਼ਮਣ ਕਦੇ ਵੀ ਜਿੱਤ ਨਹੀਂ ਸਕਿਆ ਸੀ।

ਇਸ ਦੀਵਾਰ ਵਿੱਚ ਸੱਤ ਦਰਵਾਜ਼ੇ ਹਨ। ਇਸ ਮਹਾਨ ਦੀਵਾਰ ਨੂੰ ਰਾਜਾ ਕੁੰਭਾ ਨੇ 15ਵੀਂ ਸਦੀ ਵਿੱਚ ਬਣਵਾਇਆ ਸੀ। ਚਿਤੌੜਗੜ੍ਹ ਦੇ ਕਿਲੇ ਤੋਂ ਬਾਅਦ ਕੁੰਭਲਗੜ੍ਹ ਦਾ ਕਿਲਾ ਰਾਜਸਥਾਨ ਦਾ ਸਭ ਤੋਂ ਵੱਡਾ ਕਿਲਾ ਹੈ। ਇਸ ਕਿਲੇ ਦੇ ਬਣਨ ਤੋਂ ਬਾਅਦ ਹੀ ਇਸ ਉਪਰ ਹਮਲੇ ਸ਼ੁਰੂ ਹੋ ਗਏ, ਪਰ ਇਹ ਕਿਲਾ ਆਪਣੀ ਜਗ੍ਹਾ 'ਤੇ ਅਡੋਲ ਖੜ੍ਹਾ ਰਿਹਾ। ਇਸ ਨੂੰ ਮੁਗ਼ਲ ਬਾਦਸ਼ਾਹ ਅਕਬਰ ਸਮੇਤ ਤਿੰਨ ਰਾਜਿਆਂ ਆਮੇਰ ਦੇ ਰਾਜਾ ਮਾਨ ਸਿੰਘ, ਮੇਵਾੜ ਦੇ ਰਾਜਾ ਉਦੈ ਸਿੰਘ ਅਤੇ ਗੁਜਰਾਤ ਦੇ ਸੁਲਤਾਨ ਨੇ ਘੇਰਾ ਪਾਇਆ ਸੀ। ਮਹਾਰਾਣਾ ਕੁੰਭਾ ਨੂੰ ਕੋਈ ਵੀ ਹਰਾ ਨਹੀਂ ਸਕਿਆ, ਪਰ ਆਖਿਰ ਵਿੱਚ ਮਹਾਰਾਣਾ ਕੁੰਭਾ ਇਸ ਕਿਲੇ ਵਿੱਚ ਹੀ ਆਪਣੇ ਪੁੱਤਰ ਉਦੈ ਕਰਣ ਦੁਆਰਾ ਰਾਜ ਦੀ ਲਾਲਸਾ ਵਿੱਚ ਮਾਰਿਆ ਗਿਆ। ਇਹ ਕਿਹਾ ਜਾ ਸਕਦਾ ਹੈ ਕਿ ਇਸ ਦੀਵਾਰ ਦਾ ਮੁੱਖ ਮਕਸਦ ਦੁਸ਼ਮਣ ਨੂੰ ਰੋਕਣਾ ਸੀ ਜਿਸ ਵਿੱਚ ਇਹ ਕਾਮਯਾਬ ਰਹੀ।



# ਉਹ ਮੌਜਾਂ ਭੁੱਲ ਗਏ ਜੋ ਬਾਪੂ ਦੇ ਸਿਰ 'ਤੇ ਕਰੀਆਂ



*ਅੱਜ ਨੌਜਵਾਨਾਂ ਲਈ ਘਰ ਦੇ ਬਜ਼ੁਰਗ ਅੜਿੱਕਾ ਬਣ ਰਹੇ ਹਨ। ਬਹੁਤੇ ਤਾਂ ਆਪਣੇ ਬਜ਼ੁਰਗਾਂ ਨੂੰ ਛੱਡਕੇ ਵਿਦੇਸ਼ ਚਾਲੇ ਪਾ ਗਏ ਹਨ ਜੋ ਬਾਕੀ ਬਚਦੇ ਹਨ ਉਹ ਆਪਣੇ ਮਾਤਾ ਪਿਤਾ ਜਾਂ ਦਾਦਾ ਦਾਦੀ ਨੂੰ ਬੋਝ ਸਮਝਕੇ ਉਨ੍ਹਾਂ ਤੋਂ ਅਲੱਗ ਘਰਾਂ ਵਿੱਚ ਰਹਿ ਰਹੇ ਹਨ ਜਾਂ ਉਨ੍ਹਾਂ ਨੂੰ ਹੀ ਅਲੱਗ ਘਰ ਵਿੱਚ ਰੱਖਿਆ ਜਾ ਰਿਹਾ ਹੈ। ਕਿੱਧਰ ਨੂੰ ਜਾ ਰਹੀ ਹੈ ਸਾਡੀ ਇਨਸਾਨੀਅਤ, ਕਿਉਂ ਹੋ ਰਿਹਾ ਹੈ ਸਾਡੇ ਰਿਸ਼ਤਿਆਂ ਦਾ ਖ਼ੂਨ ਚਿੱਟਾ*

**ਭੁਪਿੰਦਰਵੀਰ ਸਿੰਘ**
**ਸੰਪਰਕ : 99149-57073**

ਬੀਤੇ ਸਮੇਂ ਦੇ ਸਾਂਝ ਪਿਆਰ ਦੀਆਂ ਲੜੀਆਂ ਦੀ ਤੁਲਨਾ ਅੱਜ ਦੇ ਨਵੇਂ ਜ਼ਮਾਨੇ ਨਾਲ ਕੀਤੀ ਜਾਵੇ ਤਾਂ ਸਾਨੂੰ ਉਹ ਸਾਂਝ ਤੇ ਪਿਆਰ ਦੀਆਂ ਲੜੀਆਂ ਜੋ ਕਦੇ ਆਪਸ ਵਿੱਚ ਜੁੜੀਆਂ ਸਨ ਅੱਜ ਹੌਲੀ-ਹੌਲੀ ਬਿਖਰਦੀਆਂ ਨਜ਼ਰ ਆ ਰਹੀਆਂ ਹਨ। ਵੰਡ ਸਮੇਂ ਮੁਲਕਾਂ ਦੇ ਹੋਏ ਹਿੱਸਿਆਂ ਦਾ ਦੁੱਖ ਅਜੇ ਬਾਕੀ ਹੀ ਸੀ ਕਿ ਇਹ ਵੰਡ ਪਰਿਵਾਰਾਂ ਵਿੱਚ ਵੀ ਆਣ ਖੜ੍ਹੀ ਹੋ ਗਈ। ਚਾਰ ਪੰਜ ਦਹਾਕੇ ਪਹਿਲਾਂ ਘਰਾਂ ਤੇ ਪਰਿਵਾਰਾਂ ਦਾ ਜੋ ਜੁੱਟ ਕਦੀ ਅਲੱਗ ਨਾ ਹੋਣ ਦੀ ਆਸ ਨਾਲ ਜਿਉਂ ਰਿਹਾ ਸੀ ਅੱਜ ਸਮੇਂ ਨੇ ਉਨ੍ਹਾਂ ਵਿੱਚ ਦੂਰੀਆਂ ਵਧਾ ਦਿੱਤੀਆਂ ਹਨ। ਕੋਈ ਸਮਾਂ ਸੀ ਜਦੋਂ ਇੱਕ ਛੋਟੇ ਜਿਹੇ ਘਰ ਵਿੱਚ ਹੀ ਸਾਰਾ ਟੱਬਰ ਸਮੂਹ ਦੇ ਰੂਪ ਵਿੱਚ ਰਹਿੰਦਾ ਸੀ। ਘਰ ਦੇ ਵੱਡੇ ਬਜ਼ੁਰਗਾਂ ਦੀਆਂ ਜੀਅ ਤੋੜ ਮਿਹਨਤਾਂ 'ਤੇ ਬਾਕੀ ਪਰਿਵਾਰ ਨਿਰਭਰ ਹੁੰਦਾ ਸੀ। ਰਿਸ਼ਤਿਆਂ ਵਿੱਚ ਆਦਰ ਸਨਮਾਨ ਅਤੇ ਔਰਤਾਂ ਵਿੱਚ ਸ਼ਰਮ ਸੰਗ ਪੂਰੀ ਤਰ੍ਹਾਂ ਬਰਕਰਾਰ ਸੀ। ਪਰ ਸਮੇਂ ਦੇ ਪਲਟਣ ਨਾਲ ਪਹਿਲਾਂ ਤਾਂ ਸਮੂਹ ਵਿੱਚੋਂ ਪਰਿਵਾਰ ਬਿਖਰੇ ਅਤੇ ਹੌਲੀ ਹੌਲੀ ਪਰਿਵਾਰਾਂ ਵਿੱਚੋਂ ਘਰ ਦੇ ਜੀਅ ਹੀ ਬਿਖਰਨੇ ਸ਼ੁਰੂ ਹੋ ਗਏ। ਵਿਗਿਆਨ ਨੇ ਇੱਥੋਂ ਤਕ ਤਰੱਕੀ ਕਰ ਲਈ ਕਿ ਜੋ ਪਰਿਵਾਰ ਬੀਤੇ ਸਮੇਂ ਇੱਕ ਕਮਰੇ ਵਿੱਚ ਰਹਿੰਦਾ ਸੀ ਅੱਜ ਜਿੰਨੇ ਇੱਕ ਪਰਿਵਾਰ ਦੇ ਮੈਂਬਰ ਓਨੇ ਹੀ ਸਭ ਦੇ ਅਲੱਗ ਅਲੱਗ ਕਮਰੇ ਬਣਨੇ ਸ਼ੁਰੂ ਹੋ ਗਏ। ਪਰਿਵਾਰਾਂ ਤੇ ਰਿਸ਼ਤਿਆਂ ਵਿੱਚ ਤਾਂ ਦੂਰੀਆਂ ਵਧ ਹੀ ਰਹੀਆਂ ਸਨ ਹੱਦ ਓਦੋਂ ਹੋਈ ਜਦੋਂ ਪਰਿਵਾਰਾਂ ਵਿੱਚ ਬਜ਼ੁਰਗਾਂ ਦਾ ਸਤਿਕਾਰ ਘਟਣ ਲੱਗਾ ਅਤੇ ਬਜ਼ੁਰਗ ਮਾਤਾ-ਪਿਤਾ ਨੂੰ ਛੱਡ ਕੇ ਪੁੱਤਰ ਪੋਤਰੇ ਵੱਖਰੇ ਸਥਾਨਾਂ 'ਤੇ ਨਿਵਾਸ ਕਰ ਗਏ। ਅੱਜ ਦੇ ਸਮੇਂ ਦੀ ਤਰਾਸਦੀ ਇਹ ਹੈ ਕਿ ਅੱਜ ਬਹੁਤੇ ਪੁੱਤ ਆਪਣੇ ਮਾਪਿਆਂ ਤੋਂ ਅਲੱਗ ਘਰਾਂ ਵਿੱਚ ਰਹਿਣ ਨੂੰ ਤਰਜੀਹ ਦੇ ਰਹੇ ਹਨ। ਸਾਡੇ ਮਨਾਂ ਵਿੱਚੋਂ ਆਪਣੇ ਬਜ਼ੁਰਗ ਮਾਤਾ-ਪਿਤਾ, ਦਾਦਾ-ਦਾਦੀ ਦੀ ਕੀਮਤ ਤੇ ਸਤਿਕਾਰ ਘਟਦਾ ਜਾ ਰਿਹਾ ਹੈ। ਅੱਜ ਅਸੀਂ ਉਹ ਸਭ ਮੌਜਾਂ ਭੁੱਲ ਰਹੇ ਹਾਂ ਜੋ ਕਦੇ ਬਾਪੂ ਦੇ ਸਿਰ 'ਤੇ ਕੀਤੀਆਂ ਸਨ। ਜਿਸ ਬਾਪੂ ਦੇ ਮੋਢੇ 'ਤੇ ਚੜ੍ਹ ਕੇ ਮੇਲੇ ਦੇਖੇ ਸਨ, ਜਿਸ ਦੀ ਉਂਗਲ ਫੜ੍ਹ ਕੇ ਤੁਰਨਾ ਸਿੱਖਿਆ, ਅੱਜ ਦੀ ਨੌਜਵਾਨ ਪੀੜ੍ਹੀ ਬੁਢਾਪੇ ਸਮੇਂ ਆਪਣੇ ਉਨ੍ਹਾਂ ਬਜ਼ੁਰਗ ਮਾਪਿਆਂ ਦਾ ਸਹਾਰਾ ਬਣਨ ਤੋਂ ਕਿਨਾਰਾ ਕਰਦੇ ਆਮ ਦੇਖੇ ਜਾ ਰਹੇ ਹਨ। ਸਭ ਇਸ ਗੱਲ ਤੋਂ ਬੇਖ਼ਬਰ ਹੁੰਦੇ ਜਾ ਰਹੇ ਹਨ ਕਿ ਬਜ਼ੁਰਗ ਇੱਕ ਕੀਮਤੀ ਗਹਿਣਾ ਹਨ ਜਿਨ੍ਹਾਂ ਦੀ ਹਰ ਗੱਲ ਦੀ ਕੀਮਤ ਜੇ ਪਾਈ ਜਾਵੇ ਤਾਂ ਲੱਖਾਂ ਵਿੱਚ ਪੈ ਜਾਵੇ ਕਿਉਂਕਿ ਬਜ਼ੁਰਗਾਂ ਨੇ ਆਪਣੇ ਉੱਪਰ ਸੰਤਾਪ ਹੰਢਾਇਆ ਹੁੰਦਾ ਹੈ ਜਿਸ ਕਾਰਨ ਹੀ ਉਹ ਆਪਣੇ ਤਜਰਬਿਆਂ ਵਿੱਚ ਪੂਰਨ ਹੁੰਦੇ ਹਨ। ਅੱਜ ਸਭ ਇਹ ਗੱਲ ਭੁੱਲ ਬੈਠੇ ਹਨ ਕਿ ਸਾਡੇ ਬਜ਼ੁਰਗ ਸੱਭਿਆਚਾਰ, ਤਜਰਬਿਆਂ ਤੇ ਗਿਆਨ ਦਾ ਉਹ ਮੀਲ ਪੱਥਰ ਹਨ ਜਿਨ੍ਹਾਂ ਦੇ ਗੁਣਾਂ ਵਿੱਚ ਪੁਰਾਣੇ ਸ਼ਹਿਦ ਵਾਂਗ ਗਿਆਨ ਵਧਦਾ ਹੀ ਜਾਂਦਾ ਹੈ। ਪਰ ਵਿਗਿਆਨਕ ਯੁੱਗ ਨੇ ਸਭ ਦੀ ਸੋਚ 'ਤੇ ਪਰਦਾ ਪਾ ਕੇ ਖ਼ੁਦ ਨੂੰ ਮੁਖਤਿਆਰੀ ਦੇ ਦਿੱਤੀ ਹੈ। ਕਈ ਵਾਰ ਬੀਤੇ ਪਲ ਜਾਂ ਬੀਤੀਆਂ ਗੱਲਾਂ ਬਹੁਤ ਹੀ ਦੇਰ ਬਾਅਦ ਜਾ ਕੇ ਸਾਡੇ ਸਮਝ ਆਉਂਦੀਆਂ ਹਨ, ਓਦੋਂ ਤਕ ਉਹ ਸਮਾਂ ਬੀਤ ਚੁੱਕਾ ਹੁੰਦਾ ਹੈ। ਫਿਰ ਅਸੀਂ ਪੁਰਾਣੇ ਸਮੇਂ ਵਿੱਚ ਜਾ ਕੇ ਉਹੀ ਗ਼ਲਤੀਆਂ ਦਰੁਸਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਪੈ ਜਾਂਦੇ ਹਾਂ। ਜਦੋਂ ਕੋਈ ਇਨਸਾਨ ਆਪਣੇ ਬਚਪਨ ਜਾਂ ਜਵਾਨੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੁੰਦਾ ਹੈ ਤਾਂ ਉਸ ਦਾ ਵਾਹ ਅਜਿਹੇ ਕੀਮਤੀ ਲੋਕਾਂ ਜਾਂ ਕੀਮਤੀ ਗੱਲਾਂ ਨਾਲ ਪੈਂਦਾ ਹੈ ਜਿਨ੍ਹਾਂ ਦੀ ਕੀਮਤ ਉਸ ਦੇ ਬਚਪਨ ਜਾਂ ਨਾ-ਸਮਝੀ ਕਾਰਨ ਸਿਫਰ ਹੁੰਦੀ ਹੈ। ਪਰ ਜਦੋਂ ਕਦੇ ਵਡੇਰੀ ਉਮਰ ਵਿੱਚ ਉਸ ਇਨਸਾਨ ਨੂੰ ਉਹੀ ਗੱਲ ਧੁੰਦਲੀ ਜਿਹੀ ਚੇਤੇ ਆਉਂਦੀ ਹੈ ਤਾਂ ਉਹ ਉਸ ਕੀਮਤੀ ਗੱਲ ਜਾਂ ਇਨਸਾਨ ਨੂੰ ਯਾਦ ਕਰਕੇ ਆਪਣੇ ਆਪ ਨੂੰ ਕੋਸਦਾ ਹੈ। ਅਜਿਹਾ ਹੀ ਅੱਜ ਦੇ ਦੌਰ ਵਿੱਚ ਚਲ ਰਿਹਾ ਹੈ।

ਸਤਿਕਾਰ ਆਦਰ ਸਭ ਕੁਝ ਪਖੰਡ ਤੇ ਦਿਖਾਵਾ ਬਣਦਾ ਜਾ ਰਿਹਾ ਹੈ। ਲੋਕਾਂ ਦੀ ਫ਼ਿਤਰਤ ਅਜਿਹੀ ਹੋ ਗਈ ਹੈ ਕਿ ਸਾਹਮਣੇ ਹੋਰ ਤੇ ਪਿੱਠ ਪਿੱਛੇ ਹੋਰ ਹੁੰਦੇ ਹਨ। ਪਰ ਜੇ ਬਜ਼ੁਰਗਾਂ ਦੀ ਕੀਮਤ ਨੂੰ ਅਸਲ ਵਿੱਚ ਵਾਚਿਆ ਜਾਵੇ ਤਾਂ ਉਨ੍ਹਾਂ ਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ। ਸਾਡੇ ਬਜ਼ੁਰਗ ਤਾਂ ਇੱਕ ਅਜਿਹਾ ਪਾਰਸ ਹਨ ਜਿਨ੍ਹਾਂ ਦੀ ਛੋਹ ਨਾਲ ਅਸੀਂ ਸੋਨਾ ਬਣ ਸਕਦੇ ਹਾਂ, ਪਰ ਸਾਡੇ ਵਡੇਰਿਆਂ ਦੀ ਇਹ ਇੱਛਾ ਨਹੀਂ ਹੁੰਦੀ ਕਿ ਉਹ ਸਾਨੂੰ ਆਪਣੇ ਤਜਰਬਿਆਂ ਤੇ ਗਿਆਨ ਨਾਲ ਸੋਨਾ ਬਣਾਉਣਾ ਤਾਂ ਜੋ ਅਸੀਂ ਸਿਰਫ਼ ਇੱਕ ਸੋਨਾ ਬਣਕੇ ਹੀ ਰਹਿ ਜਾਈਏ। ਸਗੋਂ ਉਹ ਤਾਂ ਸਾਨੂੰ ਉਹ ਪਾਰਸ ਬਣਾਉਣ ਦੀ ਇੱਛਾ ਰੱਖਦੇ ਹਨ ਜਿਸ ਸਦਕਾ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਅੱਗੇ ਸੋਨਾ ਬਣਾ ਸਕੀਏ। ਪਹਿਲਾਂ ਤਾਂ ਅਸੀਂ ਬਜ਼ੁਰਗਾਂ ਪ੍ਰਤੀ ਰੁੱਖਾ ਸੁਭਾਅ ਰੱਖਦੇ ਹਾਂ ਫਿਰ ਜਦੋਂ ਉਹ ਚਲੇ ਜਾਂਦੇ ਹਨ ਤਾਂ ਸਾਨੂੰ ਉਨ੍ਹਾਂ ਦੀ ਕੀਮਤ ਦਾ ਪਤਾ ਲੱਗਦਾ ਹੈ। ਅੱਜ ਦੇ ਬਹੁਤੇ ਬਜ਼ੁਰਗ ਜੋ ਗਿਆਨ ਦਾ ਭੰਡਾਰ ਹਨ ਉਨ੍ਹਾਂ ਨੂੰ ਦਿਲਾਂ ਵਿੱਚ ਤਾਂ ਕੀ ਘਰਾਂ ਵਿੱਚ ਵੀ ਰਹਿਣ ਨੂੰ ਥਾਂ ਨਹੀਂ ਮਿਲ ਰਹੀ। ਅੱਜ ਪੰਜਾਬ ਵਿੱਚ ਬਿਰਧ ਆਸ਼ਰਮਾਂ ਦੀ ਵਧ ਰਹੀ ਗਿਣਤੀ ਇਸ ਦੀ ਵੱਡੀ ਮਿਸਾਲ ਹੈ। ਜੇ ਪਿਛਲੇ ਕਾਫ਼ੀ ਦਹਾਕੇ ਪਹਿਲਾਂ ਦੇ ਸਮੇਂ 'ਤੇ ਨਜ਼ਰ ਮਾਰੀ ਜਾਵੇ ਤਾਂ ਕੁਝ ਹੋਰ ਹੀ ਸੱਚ ਸਾਹਮਣੇ ਆਉਂਦਾ ਹੈ। ਹਰ ਘਰ ਦਾ ਮੁਖੀ ਵੱਡਾ ਬਜ਼ੁਰਗ ਹੁੰਦਾ ਸੀ ਤੇ ਪਰਿਵਾਰ ਇਕੱਠੇ ਮਿਲ ਜੁਲਕੇ ਰਹਿੰਦੇ ਸਨ। ਹਰ ਗੱਲ ਦੀ ਇਜਾਜ਼ਤ ਤੇ ਸਿੱਖਿਆ ਬਜ਼ੁਰਗਾਂ ਤੋਂ ਲਈ ਜਾਂਦੀ ਸੀ। ਪਰ ਅੱਜ ਬਜ਼ੁਰਗਾਂ ਨੂੰ ਬਿਮਾਰੀ ਸਮਝਕੇ ਇੱਕ ਅਲੱਗ ਕਮਰੇ ਵਿੱਚ ਰੱਖਣ ਦਾ ਦੌਰ ਚੱਲ ਪਿਆ ਹੈ। ਕੀ ਇਸ ਤਰ੍ਹਾਂ ਕਰਕੇ ਅਸੀਂ ਬਜ਼ੁਰਗਾਂ ਦੇ ਸਾਡੇ ਪ੍ਰਤੀ ਨਿਭਾਏ ਫਰਜ਼ਾਂ ਦਾ ਮੁੱਲ ਤਾਰ ਰਹੇ ਹਾਂ ? ਜਿਹੜਾ ਪੁੱਤ ਆਪਣੇ ਮਾਂ ਬਾਪ ਦੀ ਗੋਦੀ ਵਿੱਚ ਪਲਿਆ ਹੈ, ਉਹ ਅੱਜ ਆਪਣੇ ਪੁੱਤਰ ਨੂੰ ਬਿਮਾਰ ਦਾਦਾ, ਦਾਦੀ ਦੇ ਕਮਰੇ ਵੱਲ ਵੀ ਨਹੀਂ ਜਾਣ ਦਿੰਦਾ। ਇਹ ਸਭ ਕਹਿਰ ਹੈ ਸੋਚ ਦਾ, ਲੋਕਾਂ ਨੇ ਆਪਣੀ ਸੋਚ ਦਾ ਪੱਧਰ ਇੰਨਾ ਗਿਰਾ ਲਿਆ ਹੈ ਕਿ ਪੈਸਾ ਹੀ ਜ਼ਿੰਦਗੀ ਬਣਦਾ ਜਾ ਰਿਹਾ ਹੈ। ਸ਼ਹਿਰਾਂ ਵਿੱਚ ਆਮ ਤੌਰ 'ਤੇ ਵੱਡੀ ਉਮਰ ਦੇ ਬਾਬੇ ਤੇ ਬੀਬੀਆਂ ਮੰਗਤੇ ਬਣੇ ਫਿਰਦੇ ਹਨ। ਪਰ ਕੋਈ ਵੀ ਉਨ੍ਹਾਂ ਦੀ ਮਜਬੂਰੀ ਤੇ ਮੰਗਣ ਵਿੱਚ ਫਰਕ ਨਹੀਂ ਸਮਝ ਰਿਹਾ। ਇਹ ਸਭ ਦੇਖਕੇ ਅੱਜ ਸਾਡੇ ਸਭ ਦੇ ਦਿਲਾਂ ਵਿੱਚ ਹਉਕੇਂ ਉੱਠਣ ਦੀ ਬਜਾਏ ਸਵਾਲ ਉੱਠਦੇ ਹਨ। ਲੱਗਦਾ ਹੈ ਜਿਵੇਂ ਅੱਜ ਦੀ ਜਵਾਨ ਪੀੜ੍ਹੀ ਸਮੇਂ ਦੇ ਨਿਯਮਾਂ ਨੂੰ ਭੁੱਲਦੀ ਜਾ ਰਹੀ ਹੈ ਜੋ ਸਭ ਤੇ ਇੱਕ ਸਮਾਨ ਲਾਗੂ ਹੁੰਦੇ ਹਨ। ਉਹ ਇਸ ਗੱਲ ਨੂੰ ਅਣਗੌਲਿਆ ਕਰ ਰਹੇ ਹਨ ਕਿ ਜ਼ਿੰਦਗੀ ਬੀਤਣ ਦੇ ਨਾਲ ਸਭ ਦੀ ਉਮਰ ਨੇ ਇੱਕ ਦਿਨ ਬਜ਼ੁਰਗ ਹਾਲਤ ਵਿੱਚੋਂ ਗੁਜ਼ਰਨਾ ਹੈ। ਮੈਨੂੰ ਕਾਲਜ ਦੇ ਦਿਨਾਂ ਦੌਰਾਨ ਜਦੋਂ ਇੱਕ ਬਿਰਧ ਆਸ਼ਰਮ ਵਿੱਚ ਕੁਝ ਦਿਨ ਬਜ਼ੁਰਗਾਂ ਦੀ ਸੇਵਾ ਦਾ ਕੈਂਪ ਲਾਉਣ ਦਾ ਮੌਕਾ ਮਿਲਿਆ ਤਾਂ ਉੱਥੋਂ ਦੇ ਬਜ਼ੁਰਗਾਂ ਨਾਲ ਗੱਲਾਂ ਕਰਕੇ ਉਦੋਂ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਪਤਾ ਲੱਗਾ ਕਿ ਲਗਭਗ ਸਾਰੇ ਹੀ ਬਜ਼ੁਰਗ ਜੋ ਅੱਜ ਬਿਰਧ ਆਸ਼ਰਮ ਦੀ ਸ਼ਾਨ ਵਧਾ ਰਹੇ ਸਨ ਆਪਣੇ ਸਮੇਂ ਵਿੱਚ ਉੱਚ ਅਹੁਦਿਆ 'ਤੇ ਤਾਇਨਾਤ ਸਨ ਜਾਂ ਫਿਰ ਸੰਪਤੀਆਂ ਦੇ ਮਾਲਕ ਸਨ ਜਿਨ੍ਹਾਂ ਨੂੰ ਔਲਾਦ ਦੀ ਅਗਾਂਹ ਵਧੂ ਸੋਚ ਨੇ ਆਸ਼ਰਮਾਂ ਵਿੱਚ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਅੱਜ ਨੌਜਵਾਨਾਂ ਲਈ ਘਰ ਦੇ ਬਜ਼ੁਰਗ ਅੜਿੱਕਾ ਬਣ ਰਹੇ ਹਨ। ਬਹੁਤੇ ਤਾਂ ਆਪਣੇ ਬਜ਼ੁਰਗਾਂ ਨੂੰ ਛੱਡਕੇ ਵਿਦੇਸ਼ ਚਾਲੇ ਪਾ ਗਏ ਹਨ ਜੋ ਬਾਕੀ ਬਚਦੇ ਹਨ ਉਹ ਆਪਣੇ ਮਾਤਾ ਪਿਤਾ ਜਾਂ ਦਾਦਾ ਦਾਦੀ ਨੂੰ ਬੋਝ ਸਮਝਕੇ ਉਨ੍ਹਾਂ ਤੋਂ ਅਲੱਗ ਘਰਾਂ ਵਿੱਚ ਰਹਿ ਰਹੇ ਹਨ ਜਾਂ ਉਨ੍ਹਾਂ ਨੂੰ ਹੀ ਅਲੱਗ ਘਰ ਵਿੱਚ ਰੱਖਿਆ ਜਾ ਰਿਹਾ ਹੈ। ਕਿੱਧਰ ਨੂੰ ਜਾ ਰਹੀ ਹੈ ਸਾਡੀ ਇਨਸਾਨੀਅਤ, ਕਿਉਂ ਹੋ ਰਿਹਾ ਹੈ ਸਾਡੇ ਰਿਸ਼ਤਿਆਂ ਦਾ ਖ਼ੂਨ ਚਿੱਟਾ ? ਬਜ਼ੁਰਗਾਂ ਨੂੰ ਘਰ ਵਿੱਚ ਦੁੱਖ ਦੇ ਕੇ ਅਸੀਂ ਬਾਹਰ ਧਾਰਮਿਕ ਸਥਾਨਾਂ 'ਤੇ ਆਪਣੇ ਦੁੱਖਾਂ ਦਾ ਹੱਲ ਲੱਭ ਰਹੇ ਹਾਂ। ਅੱਜ ਲੋੜ ਹੈ ਸਭ ਨੂੰ ਆਪਣੇ ਬਜ਼ੁਰਗਾਂ ਦੀ ਕੀਮਤ ਸਮਝਣ ਦੀ ਤੇ ਉਨ੍ਹਾਂ ਦਾ ਆਦਰ ਕਰਨ ਦੀ। ਅਕਸਰ ਨੌਜਵਾਨ ਪੀੜ੍ਹੀ ਵੱਲੋਂ ਜ਼ਿਆਦਾਤਰ ਬਜ਼ੁਰਗਾਂ ਦਾ ਨਿਰਾਦਰ ਕਰਨ ਜਾਂ ਉਨ੍ਹਾਂ 'ਤੇ ਅੱਤਿਆਚਾਰ ਕਰਨ ਦੀਆਂ ਉਦਾਹਰਨਾਂ ਸਾਹਮਣੇ ਆਉਂਦੀਆਂ ਹਨ। ਕਿਤੇ ਸਮੇਂ ਨਾਲ ਸਾਡੀ ਸੋਚ ਇੰਨੀ ਉੱਚੀ ਨਾ ਉਡਾਰੀ ਮਾਰ ਜਾਵੇ ਕਿ ਜਿਸ ਬਾਪੂ ਦੇ ਮੋਢਿਆਂ 'ਤੇ ਬੈਠ ਕੇ ਅਸੀਂ ਵੱਡੇ ਹੋਏ ਹਾਂ ਉਨ੍ਹਾਂ ਦੀ ਅਰਥੀ ਨੂੰ ਵੀ ਮੋਢਾ ਨਾ ਦੇ ਸਕੀਏ।








# ਦਿਲ ਧੜਕ ਰਿਹਾ ਹੈ ਪ੍ਰਿਅੰਕਾ ਚੋਪੜਾ

ਅੰਤਰਰਾਸ਼ਟਰੀ ਚਿਹਰਾ ਬਣ ਚੁੱਕੀ ਹੈ ਪੀ.ਸੀ. ਜਿਸ ਦਾ ਹੁਣ ਜ਼ਿਆਦਾ ਵਕਤ ਵੀ ਬੀ. ਟਾਊਨ ਨਹੀਂ ਐਚ. ਟਾਊਨ ਵਿਖੇ ਬਤੀਤ ਹੋ ਰਿਹਾ ਹੈ। 'ਜੈ ਗੰਗਾਜਲ' ਤੋਂ ਬਾਅਦ ਤਾਂ ਉਹ ਆਪਣੀ ਇਥੋਂ ਦੀ ਇੰਡਸਟਰੀ ਲਈ ਅਲੋਪ ਹੀ ਹੋ ਚੁੱਕੀ ਹੈ। 'ਬੇਵਾਚ' ਤੋਂ ਬਾਅਦ ਪ੍ਰਿਅੰਕਾ ਚੋਪੜਾ ਦੋ ਹੋਰ ਹਾਲੀਵੁੱਡ ਦੀਆਂ ਫ਼ਿਲਮਾਂ ਕਰ ਰਹੀ ਹੈ। ਇਸ ਤੋਂ ਇਲਾਵਾ 'ਕੁਆਂਟਿਕੋ' ਦੇ ਤੀਸਰੇ ਭਾਗ ਲਈ ਵੀ ਉਹ ਸਰਗਰਮ ਹੈ। ਇਸ ਲੋਕਪ੍ਰਿਯਾ ਟੀ.ਵੀ. ਲੜੀਵਾਰ ਨੇ ਹੀ ਪੀ.ਸੀ. ਲਈ ਹਾਲੀਵੁੱਡ ਦੇ ਰਾਹ ਖੋਲ੍ਹੇ ਸਨ। ਪ੍ਰਿਅੰਕਾ ਦੀ ਤਾਂ ਹੁਣ ਹਾਲੀਵੁੱਡ ਸਟਾਰ ਰਾਸਲ ਟੋਵੇ ਨਾਲ ਨੇੜਤਾ ਵੀ ਵਧ ਰਹੀ ਹੈ। ਇਸ ਦੇ ਸਬੂਤ ਵਜੋਂ ਕਈ ਵੀਡੀਓ ਪੀ.ਸੀ. ਦੇ ਰਾਸਲ ਨਾਲ ਆ ਕੇ ਇਸ਼ਾਰਾ ਦੇ ਰਹੇ ਹਨ ਕਿ ਪੀ.ਸੀ. ਦਾ ਦਿਲ ਧੜਕ ਰਿਹਾ ਹੈ। ਭੋਜਪੁਰੀ ਫ਼ਿਲਮਾਂ ਦੇ ਐਵਾਰਡ ਸਮਾਰੋਹ 'ਚ ਵੀ ਪੀ.ਸੀ. ਰਾਸਲ ਦੀਆਂ ਗੱਲਾਂ ਹੀ ਕਰਦੀ ਰਹੀ। 16 ਸਾਲ ਤੋਂ ਉਹ ਬੀ. ਟਾਊਨ 'ਤੇ ਰਾਜ ਕਰ ਰਹੀ ਹੈ। ਕਮਾਈ ਦੇ ਮਾਮਲੇ 'ਚ ਸਭ ਤੋਂ ਅਗਾਂਹ ਰਹਿਣ ਵਾਲੀ ਪੀ.ਸੀ. ਸੰਯੁਕਤ ਰਾਸ਼ਟਰ ਦੀ 'ਗੁੱਡਵਿਲ ਅੰਬੈਸਡਰ' ਵੀ ਹੈ। ਜਾਰਡਨ 'ਚ ਉਸ ਨੇ ਸੀਰੀਆ ਦੇ ਸ਼ਰਨਾਰਥੀਆਂ ਦਾ ਹਾਲ ਵੀ ਪੁੱਛਿਆ ਸੀ। ਹਾਲਾਂਕਿ ਇਸ ਕਾਰਨ ਪ੍ਰਿਅੰਕਾ ਚੋਪੜਾ ਦੀ ਆਲੋਚਨਾ ਵੀ ਹੋਈ ਪਰ ਸੀਰੀਆ ਦੇ ਇਹ ਦੁਖਿਆਰੇ ਉਸ ਦੀ ਨਜ਼ਰ ਵਿਚ ਨਿਮਰਤਾ ਵਾਲੇ ਲਚੀਲੇ ਇਨਸਾਨ ਹਨ। ਫੋਰਬਜ਼ ਦੀਆਂ 100 ਤਾਕਤਵਰ ਔਰਤਾਂ ਦੇ ਸ਼੍ਰੇਣੀ ਵਿਚ ਉਸ ਦਾ ਨਾਂਅ ਦਰਜ ਹੋਇਆ ਹੈ। ਆਪਣੇ-ਆਪ ਨੂੰ ਨਾਰੀਵਾਦੀ ਕਹਿਣ ਵਾਲੇ ਹਾਲੀਵੁੱਡ ਦੇ ਹੀਰੋ ਰਾਸਲ ਲਈ ਦਿਲ 'ਚ ਨਰਮ ਥਾਂ ਰੱਖਣ ਲਈ ਸੁਹੱਪਣ ਪਰੀ, ਸੰਯੁਕਤ ਰਾਸ਼ਟਰ ਦੀ ਖ਼ਾਸ ਰਾਜਦੂਤ ਪ੍ਰਿਅੰਕਾ ਚੋਪੜਾ ਵਰਾਇਟੀ ਡਾਟ ਕਾਮ 'ਤੇ ਅਕਸਰ ਗੱਲਾਂ ਕਰਦੀ ਨਜ਼ਰ ਆਏਗੀ। ਹਾਂ, ਉਹ ਮਰਦਾਂ ਦੇ ਖਿਲਾਫ਼ ਨਹੀਂ ਪਰ ਉਥੇ ਰਹੇ ਜਾਂ ਹਾਲੀਵੁੱਡ ਔਰਤਾਂ ਨੂੰ ਮਜ਼ਬੂਤ ਦੇਖਣਾ ਚਾਹੁੰਦੀ ਹੈ।



# ਸੋਨਾਕਸ਼ੀ ਸਿਨਹਾ ਉਮੀਦਾਂ ਦੇ ਸਹਾਰੇ



'ਇਤਫ਼ਾਕ' ਨੇ ਸੋਨਾਕਸ਼ੀ ਸਿਨਹਾ ਨੂੰ ਜੇ ਬਹੁਤ ਜ਼ਿਆਦਾ ਖ਼ੁਸ਼ੀਆਂ ਨਹੀਂ ਦਿੱਤੀਆਂ ਤਾਂ ਤਸੱਲੀਆਂ ਜ਼ਰੂਰ ਦਿੱਤੀਆਂ ਹਨ। 'ਅਕੀਰਾ', 'ਨੂਰ' ਨੇ ਤਾਂ ਸੋਨਾ ਦੇ ਮੁਖੜੇ ਦਾ ਨੂਰ ਹੀ ਫਿੱਕਾ ਕਰ ਦਿੱਤਾ ਸੀ। ਜਿਥੋਂ ਤੱਕ ਇੰਡਸਟਰੀ 'ਚ ਔਰਤ ਦੀ ਸੁਰੱਖਿਆ ਦੀ ਗੱਲ ਹੈ ਤਾਂ ਸੋਨਾ ਨੂੰ ਇਸ ਦੀ ਚਿੰਤਾ ਹੈ ਪਰ ਜਦ ਅਕਸ਼ੈ ਜਿਹੇ ਸਮਝਦਾਰ ਮਲਿਕਾ ਦੁਆ 'ਤੇ ਭੈੜਾ ਬੋਲ ਬੋਲਦੇ ਹਨ, ਤਦ ਉਹ ਮਹਿਸੂਸਦੀ ਹੈ ਕਿ ਇਥੇ ਆਵਾ ਹੀ ਊਤਿਆ ਹੋਇਆ ਹੈ। ਚਲੋ ਸੋਨਾ ਦੀ ਦਿਲਚਸਪੀ ਇਸ ਸਮੇਂ 'ਚੰਦਾ ਮਾਮਾ ਦੂਰ ਕੇ' ਵਿਚ ਹੈ। ਉਸ ਦਾ ਤਾਂ ਪਤਾ ਨਹੀਂ ਪਰ ਸੋਨਾ ਆਪਣੇ ਵੀਰੇ ਕੁਸ਼ ਸਿਨਹਾ ਦੀ ਲਘੂ ਫ਼ਿਲਮ 'ਮੋਰ ਕੇ ਪੰਖ' ਵਿਚ 'ਚੰਦਾ ਮਾਮਾ ਦੂਰ ਕੇ' ਜਿਹਾ ਕਿਰਦਾਰ (ਵਿਗਿਆਨੀ ਦਾ) ਕਰੇਗੀ। 'ਦਬੰਗ-3' ਦਾ ਪੱਕਾ ਪਤਾ ਨਹੀਂ ਪਰ 'ਦਬੰਗ', 'ਰਾਊਡੀ ਰਾਠੌਰ', 'ਸਨ ਆਫ਼ ਸਰਦਾਰ' ਜਿਹੇ ਦਿਨ 'ਅਕੀਰਾ' ਤੇ 'ਨੂਰ' ਨੇ ਭੁਲਾ ਦਿੱਤੇ ਤੇ 'ਇਤਫ਼ਾਕ' ਨਾਲ ਸੋਨਾਕਸ਼ੀ ਸਿਨਹਾ ਸੰਭਲ ਕੇ ਚੱਲਣ ਲੱਗ ਪਈ ਹੈ। ਸੋਨਾ ਸਭ ਤੋਂ ਪਹਿਲਾਂ ਆਪਣੀ ਸਰੀਰਕ ਬਣਤਰ ਫਿਟ ਤੇ ਪਤਲੀ ਰੱਖ ਰਹੀ ਹੈ। ਅਰਬਾਜ਼ ਖ਼ਾਨ ਦੀ ਦਿਲਚਸਪੀ ਸੋਨਾ 'ਚ ਹੈ ਪਰ ਸਲਮਾਨ ਨੇ ਹਾਲ ਦੀ ਘੜੀ ਪੱਤੇ ਨਹੀਂ ਖੋਲ੍ਹੇ ਹਨ। ਸੋਨਾ ਕੋਲ ਕਈ ਗੱਲਾਂ ਪਰਦੇ ਦੇ ਪਿੱਛੇ ਵਾਲੀਆਂ ਵੀ ਹਨ, ਜਿਨ੍ਹਾਂ ਦਾ ਲਾਭ 'ਇੰਟਰਨੈੱਟ ਫ਼ਿਲਮੀ ਸਾਈਟਸ' ਲੈਣ ਦੀ ਤਾਕ 'ਚ ਹਨ। ਸੋਨਾ ਕਹਿ ਰਹੀ ਹੈ ਕਿ ਪੁਰਾਣੀ 'ਇਤਫ਼ਾਕ' 'ਚ ਪਹਿਲੀ ਪਸੰਦ ਉਸ ਦੇ ਪਿਤਾ ਸ੍ਰੀ ਸ਼ਤਰੂਘਨ ਸਿਨਹਾ ਸਨ ਪਰ ਕਿਸੇ ਕਾਰਨ ਇਹ ਰਾਜੇਸ਼ ਖੰਨਾ ਕੋਲ ਗਈ ਸੀ। 'ਇੰਟਰੋਡਕਸ਼ਨ ਵਿਦ ਕਰਨ ਜੌਹਰ' ਲਈ ਸੋਨਾ ਦੀਆਂ ਇਹ ਰਾਜ਼ਦਾਰ ਗੱਲਾਂ ਕੰਮ ਆ ਸਕਦੀਆਂ ਹਨ। ਘੱਟੋ-ਘੱਟ ਸ਼ੋਅ ਤਾਂ ਮਸਾਲੇਦਾਰ ਬਣੇਗਾ। ਹਾਂ ਜੀ ਆਪਣੇ ਸਬੰਧ 'ਚ ਸੋਨਾ ਨੇ ਪਰਦਾ ਚੁੱਕਿਆ ਹੈ ਕਿ ਬਚਪਨ ਤੋਂ ਹੀ ਪਿਆਰ ਦੀ ਚੰਗਿਆੜੀ ਉਸ ਦੀ ਰਿਤਿਕ ਰੌਸ਼ਨ ਲਈ ਜਲ ਕੇ ਲਾਲ ਹੋਈ ਸੀ। ਸੋਨਾ ਦੇ ਕਮਰੇ 'ਚ ਅੱਜ ਵੀ ਰਿਤਿਕ ਦੀਆਂ ਤਸਵੀਰਾਂ ਹਨ।



# ਔਰਤ ਪ੍ਰਧਾਨ ਫ਼ਿਲਮਾਂ ਕਰਨਾ ਜਾਰੀ ਰੱਖੇਗੀ ਵਿਦਿਆ ਬਾਲਨ

ਹਾਲੀਆ ਪ੍ਰਦਰਸ਼ਿਤ ਫ਼ਿਲਮ 'ਤੁਮਹਾਰੀ ਸੁਲੂ' ਵਿਚ ਆਪਣੇ ਕੰਮ ਦੀ ਤਾਰੀਫ਼ ਹੋਈ ਦੇਖ ਵਿਦਿਆ ਬਾਲਨ ਦਾ ਆਤਮ-ਵਿਸ਼ਵਾਸ ਹੋਰ ਵਧ ਗਿਆ ਹੈ। ਪਿਛਲੇ ਦਿਨੀਂ ਜਦੋਂ ਵਿਦਿਆ ਨੂੰ 'ਆਊਟਲੁਕ ਬਿਜ਼ਨੈੱਸ ਵੂਮੇਨ ਆਫ ਵਰਥ' ਐਵਾਰਡ ਨਾਲ ਨਿਵਾਜਿਆ ਗਿਆ ਤਾਂ ਉਥੇ ਵਿਦਿਆ ਨੇ ਆਪਣੇ ਕੈਰੀਅਰ ਬਾਰੇ ਕਿਹਾ, 'ਜਦੋਂ ਮੈਂ ਆਪਣੇ ਕੈਰੀਅਰ 'ਤੇ ਨਜ਼ਰ ਫੇਰਦੀ ਹਾਂ ਤਾਂ ਇਹ ਗੱਲ ਸਪੱਸ਼ਟ ਤੌਰ 'ਤੇ ਉੱਭਰਦੀ ਹੈ ਕਿ ਮੈਨੂੰ ਔਰਤ ਪ੍ਰਧਾਨ ਫ਼ਿਲਮਾਂ ਜ਼ਿਆਦਾ ਫਲੀਆਂ ਹਨ। ਮੇਰੇ ਕੈਰੀਅਰ ਦੀ ਪਹਿਲੀ ਫ਼ਿਲਮ 'ਪਰਿਣੀਤਾ' ਵਿਚ ਮੇਰੀ ਟਾਈਟਲ ਭੂਮਿਕਾ ਸੀ। ਫਿਰ 'ਹੇ ਬੇਬੀ', 'ਭੂਲ ਭੁਲਈਆ', 'ਇਸ਼ਕੀਆ', 'ਨੋ ਵਨ ਕਿੱਲਡ ਜੈਸਿਕਾ', 'ਲਗੇ ਰਹੋ ਮੁੰਨਾਭਾਈ' ਵਿਚ ਮਜ਼ਬੂਤ ਕਿਰਦਾਰ ਨਿਭਾਏ। 'ਦ ਡਰਟੀ ਪਿਕਚਰ' ਤੇ 'ਕਹਾਨੀ' ਵਿਚ ਮੈਂ ਜੋ ਕਿਰਦਾਰ ਨਿਭਾਏ, ਉਸ ਤੋਂ ਮੇਰੇ ਕੈਰੀਅਰ ਨੂੰ ਹੋਰ ਮਜ਼ਬੂਤੀ ਮਿਲੀ ਅਤੇ ਹੁਣ 'ਤੁਮਾਹਰੀ ਸੁਲੂ' ਦੀ ਸਫਲਤਾ ਨੇ ਇਸ ਗੱਲ 'ਤੇ ਮੋਹਰ ਲਗਾ ਦਿੱਤੀ ਹੈ ਕਿ ਦਰਸ਼ਕ ਮੈਨੂੰ ਔਰਤ ਪ੍ਰਧਾਨ ਫ਼ਿਲਮਾਂ ਵਿਚ ਦੇਖਣਾ ਪਸੰਦ ਕਰਦੇ ਹਨ।

# ਨਰਗਿਸ : ਜਦੋਂ ਅੱਧਾ ਤਾਪ ਲਹਿ ਗਿਆ



ਨਰਗਿਸ ਫ਼ਾਖਰੀ ਵੀ ਗਾਇਕਾ ਬਣ ਗਈ ਹੈ। ਉਸ ਦਾ ਸਿੰਗਲ ਟਰੈਕ 'ਹੈਬਿਟਾਂ ਵਿਗਾੜਦੀ' ਜਿਸ ਨੇ ਵੀ ਸੁਣਿਆ ਨੱਚਣ-ਝੂੰਮਣ ਤੋਂ ਬਿਨਾਂ ਨਹੀਂ ਰਹਿ ਸਕਿਆ। 'ਆਜ ਫਿਰ ਜੀਨੇ ਕੀ ਤਮੰਨਾ ਹੈ' ਗਾਣਾ ਮੁੜ ਨਵੇਂ ਸਿਰੇ ਤੋਂ ਤਿਆਰ ਕਰਨ ਵਾਲੇ ਪਰਿਚਯ ਨੇ 'ਹੈਬਿਟਾਂ ਵਿਗਾੜਦੀ' ਗਾਣੇ ਦਾ ਸੰਗੀਤ ਥਿਰਕਣ ਵਾਲਾ ਦਿੱਤਾ ਤੇ ਨਰਗਿਸ ਅਨੁਸਾਰ ਇਸ ਦਾ ਵੀਡੀਓ ਅੱਜ ਦੀਆਂ ਕਈ ਫ਼ਿਲਮਾਂ ਨਾਲੋਂ ਵਧੀਆ ਤੇ ਮਜ਼ੇਦਾਰ ਹੈ। 'ਫੈਂਟਾਸਟਿਕ ਚਿੱਕ' ਪੰਜਾਬੀ ਲਹਿਜ਼ੇ ਦੇ ਇਸ ਅੰਦਾਜ਼ ਵਾਲੇ ਵੀਡੀਓ ਨੇ ਨਵੀਆਂ ਕੈਪਸ਼ਨਜ਼ 'ਚ ਕਈ ਵਾਰ ਨਰਗਿਸ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪਾਇਆ ਹੈ। ਨਰਗਿਸ ਨੇ ਬੀਤੇ ਦਿਨੀਂ 'ਹੈਬਿਟਾਂ ਵਿਗਾੜਦੀ' ਸਬੰਧੀ ਕਈ ਅਣਜਾਣੇ ਤੱਥ ਦੱਸੇ ਕਿ ਜਦ ਟੋਰਾਂਟੋ 'ਚ ਇਹ ਗਾਣਾ ਕੀਤਾ ਤਦ ਉਸ ਨੂੰ ਹਲਕਾ ਜਿਹਾ ਬੁਖਾਰ ਸੀ। 1800 ਫੁੱਟ ਲੰਬੇ ਕਮਿਊਨੀਕੇਸ਼ਨਜ਼ ਟਾਵਰ ਨੂੰ ਵੀਡੀਓ 'ਚ ਸਹੀ ਤਰੀਕੇ ਨਾਲ ਵਰਤਣ 'ਤੇ ਫ਼ਾਖਰੀ ਖੁਸ਼ ਹੋਈ ਤੇ ਉਸ ਦਾ ਅੱਧਾ ਤਾਪ ਲਹਿ ਗਿਆ ਸੀ। ਕਮਾਲ ਹੈ ਕਿ ਨਰਗਿਸ ਫ਼ਾਖਰੀ ਨੂੰ ਮਸੀਂ ਹੀ ਗੁਜ਼ਾਰੇ ਜੋਗੀ ਹਿੰਦੀ ਆਉਂਦੀ ਹੈ ਤੇ ਪੰਜਾਬੀ ਰਤੀ ਭਰ ਵੀ ਨਹੀਂ ਆਉਂਦੀ ਪਰ 'ਹੈਬਿਟਾਂ ਵਿਗਾੜਦੀ' ਸੁਣ ਕੇ ਲੱਗਿਆ ਕਿ ਜਿਵੇਂ ਉਹ ਪੰਜਾਬਣ ਗਾਇਕਾ/ਨਾਇਕਾ ਹੋਵੇ। ਨਰਗਿਸ ਨੇ ਗਾਣੇ ਦੇ ਇਕ ਬੋਲ ਲਈ 100 ਵਾਰ ਦ੍ਰਿਸ਼ ਦਿੱਤੇ। ਅੱਜ ਵੀ ਨਰਗਿਸ ਇਸ ਨੂੰ ਅਭਿਨੈ ਨਿਖਰਨ ਤੇ ਗਾਇਕੀ ਸੰਵਰਨ ਵੱਲ ਵਧੀਆ ਅਨੁਭਵ ਗਿਣ ਰਹੀ ਹੈ। 'ਹੈਬਿਟਾਂ ਵਿਗਾੜਦੀ' ਗਾਣੇ ਨੂੰ ਯੂ.ਕੇ., ਕੈਨੇਡਾ, ਆਸਟ੍ਰੇਲੀਆ ਦੇ ਪੰਜਾਬੀ ਸਰੋਤੇ ਪਸੰਦ ਕਰ ਚੁੱਕੇ ਹਨ ਤੇ ਅੱਗੋਂ ਵੀ ਇਹ ਸਿਲਸਿਲਾ ਜਾਰੀ ਹੈ। ਵਿਜੈ ਮਾਲਿਆ ਦੇ ਕੈਲੰਡਰ ਦੀ 'ਗਰਲ' ਨਰਗਿਸ ਆਪਣੀਆਂ ਤਸਵੀਰਾਂ ਲਈ ਹਮੇਸ਼ਾ ਹੀ ਸੁਰਖੀਆਂ 'ਚ ਰਹੀ ਹੈ। ਹਾਲੀਵੁੱਡ ਫ਼ਿਲਮ '5 ਵੈਡਿੰਗਜ਼' ਵਾਲੀ ਨਰਗਿਸ ਨੇ ਵੈਸੇ ਫਤਹਿਗੜ੍ਹ ਸਾਹਿਬ (ਪੰਜਾਬ) ਵਿਖੇ ਫ਼ਿਲਮ ਦੀ ਸ਼ੂਟਿੰਗ ਸਮੇਂ ਅਸਲੀ ਵਿਆਹ ਗੁਰਦੁਆਰਾ ਸਾਹਿਬ 'ਚ ਦੇਖਿਆ ਸੀ ਤੇ ਪ੍ਰਭਾਵਿਤ ਹੋਈ ਸੀ। ਖ਼ੈਰ ਨਰਗਿਸ ਨਵੇਂ ਮਹਿਮਾਨ ਦੀ ਉਡੀਕ ਕਰ ਰਹੀ ਹੈ। ਚੁੱਪ-ਚਾਪ ਇਹ ਖ਼ਬਰਾਂ ਵੀ ਹਨ ਪਰ ਉਸ ਦੀਆਂ 'ਹੈਬਿਟਾਂ' ਵਿਗੜਦੀਆਂ ਜਾ ਰਹੀਆਂ ਹਨ। ਟਰੈਕ ਦਾ ਟਾਈਟਲ ਉਸ 'ਤੇ ਢੁੱਕਦਾ ਹੈ।

# ਤਾਂ ਇਹ ਹੈ ਰਾਜੇ-ਮਹਾਰਾਜਿਆਂ ਦੀ ਤਾਕਤ ਤੇ ਜਵਾਨੀ ਦਾ ਰਾਜ਼ !

**ਤਾਕਤ ਤੇ ਜਵਾਨੀ ਦੇ ਰਾਜ ਦੇ ਮਹਾਰਾਜੇ ਮੁੱਢ ਤੋਂ ਹੀ ਕਾਇਲ ਰਹੇ ਹਨ। ਉਹ ਆਪਣੀ ਤਾਕਤ ਤੇ ਫਰਟੀਲਿਟੀ ਨੂੰ ਵਧਾਉਣ ਲਈ ਖ਼ਾਸ ਤਰ੍ਹਾਂ ਦੀਆਂ ਜੜੀਆਂ ਬੂਟੀਆਂ ਦਾ ਇਸਤੇਮਾਲ ਕਰਦੇ ਸਨ। ਆਯੁਰਵੇਦ ਮਾਹਿਰ ਤੇ ਪ੍ਰੈਕਟੀਸ਼ਨਰ ਡਾ. ਅਬਰਾਰ ਮੁਲਤਾਨੀ ਦਾ ਕਹਿਣਾ ਹੈ ਕਿ ਇਨ੍ਹਾਂ ਜੜੀਆਂ ਬੂਟੀਆਂ ਵਿੱਚ ਮੌਜੂਦ ਤਾਕਤ ਦੇਣ ਵਾਲੇ ਇੰਗ੍ਰੀਡੀਐਂਟਸ ਕਾਰਨ ਰਾਜੇ ਮਹਾਰਾਜੇ ਸਾਲੋਂ-ਸਾਲ ਯੰਗ ਤੇ ਸਟੈਮਿਨਾ ਨਾਲ ਭਰਪੂਰ ਰਹਿੰਦੇ ਸੀ। ਹੁਣ ਤੁਹਾਡੇ ਮਨ ਵਿੱਚ ਸਵਾਲ ਹੋਵੇਗਾ ਕਿ ਆਖ਼ਰ ਇਹ ਰਾਜੇ-ਮਹਾਰਾਜੇ ਕੀ**







ਸ਼ਾਹੀ ਲੋਕਾਂ ਲਈ ਇਹ ਨੁਸਖ਼ੇ ਵਿਸ਼ੇਸ਼ ਵੈਦ ਤੇ ਹਕੀਮ ਹੀ ਤਿਆਰ ਕਰਦੇ ਸਨ। ਜਿਹੜੇ ਗ੍ਰੰਥਾਂ ਦੇ ਆਧਾਰ ਉੱਤੇ ਜੜੀ-ਬੂਟੀਆਂ, ਰਸਾਇਣਾਂ ਤੇ ਧਾਤੂਆਂ ਨਾਲ ਤਾਕਤ ਵਾਲੀ ਦਵਾ ਤਿਆਰ ਕਰਦੇ ਸਨ। ਹਾਲਾਂਕਿ ਇਹ ਨੁਸਖ਼ੇ ਕੁਝ ਮਹਿੰਗੇ ਜ਼ਰੂਰ ਹੁੰਦੇ ਸੀ ਪਰ ਅਜਿਹੀਆਂ ਜੜੀਆਂ-ਬੂਟੀਆਂ ਵੀ ਹਨ ਜਿਹੜੀਆਂ ਆਸਾਨੀ ਨਾਲ ਮਿਲ ਸਕਦੀਆਂ ਹਨ। ਡਾ. ਮੁਲਤਾਨੀ ਅਜਿਹੀਆਂ ਹੀ ਆਸਾਨੀ ਨਾਲ ਉਪਲਬਧ ਹੋਣ ਵਾਲੀਆਂ ਜੜੀਆਂ ਬੂਟੀਆਂ ਦੇ ਨੁਸਖ਼ਿਆਂ ਬਾਰੇ ਦੱਸ ਰਹੇ ਹਨ ਕਿ ਜਿਨ੍ਹਾਂ ਨੂੰ ਤੁਸੀਂ ਵੀ ਅਜ਼ਮਾ ਸਕਦੇ ਹੋ।

1. ਸ਼ਿਲਾਜੀਤ: ਕਮਜ਼ੋਰੀ, ਤਾਕਤ ਦੀ ਘਾਟ, ਇੰਮੀਊਨਿਟੀ, ਬੁਢਾਪਾ, ਇਰੈਕਟਾਈਲ ਡਿਸਫੰਕਸ਼ਨ ਵਗੈਰਾ ਲਈ ਗੁਣਕਾਰੀ ਹੈ। ਨੁਸਖ਼ਾ: ਚੌਣ ਦੇ ਦਾਣੇ ਬਰਾਬਰ ਸ਼ਿਲਾਜੀਤ ਜਾਂ ਇਸ ਦੀ ਚੁਟਕੀ ਭਰ ਭਸਮ ਇੱਕ ਚਮਚ ਗਾਂ ਦੇ ਘਿਉ ਜਾਂ ਸ਼ਹਿਦ ਨਾਲ ਲਵੋ।

2. ਅਸ਼ਵਗੰਧਾ: ਇਹ ਕਮਜ਼ੋਰੀ, ਥਕਾਨ, ਘੱਟ ਸਪਰਮ ਬਣਨਾ, ਇੰਮੀਉਨਿਟੀ ਲਈ ਗੁਣਕਾਰੀ ਹੈ। ਨੁਖਸ਼ਾ: ਸੌਣ ਤੋਂ ਪਹਿਲਾਂ ਗੁਣਗੁਣੇ ਦੁੱਧ ਨਾਲ ਇੱਕ ਚਮਚ ਅਸ਼ਵਗੰਧਾ ਪਾਊਡਰ ਲਵੋ।

3. ਸਫ਼ੇਦ ਮੁਸਲੀ: ਇਰੈਕਟਾਈਲ ਡਿਸਫੰਕਸ਼ਨ, ਇੰਨਫਰਟੀਲਿਟੀ, ਸਪਰਮ ਦੀ ਘਾਟ, ਕਮਜ਼ੋਰੀ, ਇੰਮੀਊਟੈਂਸੀ, ਇੰਮਿਉਨਿਟੀ ਲਈ ਗੁਣਕਾਰੀ ਹੈ। ਨੁਸਖ਼ਾ: ਇੱਕ ਚਮਚ ਮੁਸਲੀ ਪਾਊਡਰ ਮਿਸ਼ਰੀ ਤੇ ਦੁੱਧ ਨਾਲ ਰੋਜ਼ ਸਵੇਰੇ-ਸ਼ਾਮ ਲਵੋ।

4. ਸ਼ਤਾਵਰ: ਇਹ ਇੰਨਫਰਟੀਲਿਟੀ, ਥਕਾਨ, ਕਮਜ਼ੋਰੀ, ਇਰੈਕਟਾਈਲ ਡਿਸਫੰਕਸ਼ਨ, ਘੱਟ ਸਪਰਮ ਬਣਨਾ ਤੇ ਯੂਰਿਨ ਸਮੱਸਿਆ ਲਈ ਗੁਣਕਾਰੀ ਹੈ। ਨੁਸਖ਼ਾ: ਇੱਕ ਚਮਚ ਮਿਸ਼ਰੀ ਤੇ ਗਾਂ ਦੇ ਘਿਉ ਨਾਲ ਅੱਧਾ ਚਮਚ ਸ਼ਤਾਵਰ ਦਾ ਪਾਊਡਰ ਲਵੋ। ਉਪਰ ਤੋਂ ਦੁੱਧ ਪੀ ਲਵੋ।

5. ਕੇਸਰ: ਇਹ ਇੰਨਫਰਟੀਲਿਟੀ, ਥਕਾਨ ਕਮਜ਼ੋਰੀ, ਇਰੈਕਟਾਈਲ ਡਿਸਫੰਕਸ਼ਨ ਤੇ ਘੱਟ ਸਪਰਮ ਬਣਨਾ ਲਈ ਗੁਣਕਾਰੀ ਹੈ। ਨੁਸਖ਼ਾ: ਗੁਣਗੁਣੇ ਦੁੱਧ ਵਿੱਚ ਚੁਟਕੀ ਭਰ ਕੇਸਰ ਪਾ ਕੇ ਰਾਤ ਨੂੰ ਸੌਣ ਤੋਂ ਪਹਿਲਾਂ ਪੀਓ।

6. ਪੁਨਰਵਾ: ਥਕਾਨ, ਇਰੈਕਟਾਈਲ ਡਿਸਫੰਕਸ਼ਨ, ਇੰਮੀਉਨਿਟੀ ਤੇ ਐਂਟੀ ਇਜਿੰਗ ਲਈ ਗੁਣਕਾਰੀ ਹੈ। ਨੁਸਖ਼ਾ: ਅੱਧਾ ਚਮਚ ਪੁਨਰਵਾ ਦਾ ਪਾਊਡਰ ਇੱਕ ਚਮਚ ਸ਼ਹਿਦ ਨਾਲ ਸਵੇਰੇ-ਸ਼ਾਮ ਲਵੋ।

7. ਆਂਵਲਾ: ਇਹ ਥਕਾਨ, ਕਮਜ਼ੋਰੀ, ਇਰੈਕਟਾਈਲ ਡਿਸਫੰਕਸ਼ਨ, ਘੱਟ ਸਪਰਮ ਬਣਨਾ ਤੇ ਯੂਰਿਨ ਸਮੱਸਿਆ ਲਈ ਗੁਣਕਾਰੀ ਹੈ। ਨੁਸਖ਼ਾ: ਇੱਕ ਚਮਚ ਆਂਵਲੇ ਦਾ ਪਾਊਡਰ ਮਿਸ਼ਰੀ ਮਿਲਾ ਕੇ ਸੌਣ ਤੋਂ ਪਹਿਲਾਂ ਲਵੋ।

## ਰੂਸ ਦੇ ਇਸ ਮਹਿਲਾ ਨੇ ਸ਼ੋਸ਼ਲ ਮੀਡੀਆ 'ਤੇ ਪਾਏ ਪੁਆੜੇ





ਮਾਸਕੋ: ਯੇਕਾਤੇਰੀਨਾ ਲਿਸਿਨਾ ਰੂਸ ਦੀ ਸਭ ਤੋਂ ਲੰਬੀ ਮਹਿਲਾ ਬਣ ਚੁੱਕੀ ਹੈ। ਇਸ ਮਹਿਲਾ ਦਾ ਕੱਦ 6 ਫੁੱਟ 9 ਇੰਚ ਹੈ। ਹੁਣ ਉਹ ਦੁਨੀਆਂ ਦੀ ਸਭ ਤੋਂ ਲੰਬੀ ਮਾਡਲ ਬਣਨਾ ਚਾਹੁੰਦੀ ਹੈ। ਯੇਕਾਤੇਰੀਨਾ ਨੂੰ ਲੱਗਦਾ ਹੈ ਕਿ ਉਸ ਦੇ 52.4 ਇੰਚ ਲੰਬੇ ਪੈਰ ਦੁਨੀਆ 'ਚ ਸਭ ਤੋਂ ਲੰਬੇ ਹਨ। 16 ਸਾਲ ਦੀ ਉਮਰ 'ਚ ਉਸ ਕੋਲ ਦੋ ਵਿਕਲਪ ਸਨ-ਬਾਸਕੇਟਬਾਲ ਜਾਂ ਮਾਡਲਿੰਗ। ਇਸ ਲਈ ਖੇਡ ਤੋਂ ਸੇਵਾ ਮੁਕਤ ਹੋਣ ਬਾਅਦ ਹੁਣ ਉਹ ਗਲੈਮਰ ਦੀ ਦੁਨੀਆ 'ਚ ਰੰਗ ਜਮਾਉਣਾ ਚਾਹੁੰਦੀ ਹੈ। ਯੇਕਾਤੇਰੀਨਾ 2008 ਓਲੰਪਿਕ 'ਚ ਰੂਸ ਦੀ ਮਹਿਲਾ ਟੀਮ ਦੀ ਨੁਮਾਇੰਦਗੀ ਕਰ ਕੇ ਕਾਂਸੇ ਦਾ ਤਮਗਾ ਜਿੱਤ ਚੁੱਕੀ ਹੈ।

## ਦੁਨੀਆ ਦੇ ਸਭ ਤੋਂ ਵੱਧ ਰਹਿਣਯੋਗ ਸ਼ਹਿਰਾਂ 'ਚ ਆਸਟਰੇਲੀਆ ਤੇ ਕੈਨੇਡਾ ਦੇ 3-3 ਸ਼ਹਿਰ ਟਾਪ-10 'ਚ ਸ਼ਾਮਲ



ਮੈਲਬੋਰਨ—ਦੁਨੀਆ 'ਚ ਕਈ ਅਜਿਹੇ ਸ਼ਹਿਰ ਹਨ ਜਿੱਥੇ ਲੋਕਾਂ ਦਾ ਰਹਿਣ ਬਹੁਤ ਮੁਸ਼ਕਲ ਹੁੰਦਾ ਹੈ। ਕਈ ਸ਼ਹਿਰ ਅੱਤਵਾਦ ਨਾਲ ਘਿਰੇ ਹੋਏ ਹੁੰਦੇ ਹਨ, ਕਈ ਸ਼ਹਿਰਾਂ 'ਚ ਪੜਾਈ, ਜ਼ਰੂਰੀ ਸਹੂਲਤਾਂ ਨਹੀਂ ਹੁੰਦੀਆਂ, ਪਰ ਦੁਨੀਆ ਦੇ ਸਭ ਤੋਂ ਵੱਧ ਰਹਿਣਯੋਗ ਸ਼ਹਿਰਾਂ 'ਚ ਆਸਟਰੇਲੀਆ ਅਤੇ ਕੈਨੇਡਾ ਦੇ 3-3 ਸ਼ਹਿਰ ਟਾਪ-10 'ਚ ਸ਼ਾਮਲ ਹਨ। ਇਸ ਸੂਚੀ 'ਚ ਲਗਾਤਾਰ 7ਵੇਂ ਸਾਲ ਵੀ ਸਭ ਤੋਂ ਟਾਪ 'ਤੇ ਆਸਟਰੇਲੀਆ ਦਾ ਮੈਲਬੋਰਨ ਸ਼ਹਿਰ ਹੈ। ਇਸ ਦਾ ਪ੍ਰਗਟਾਵਾ ਦਿ ਇਕਨਾਮਿਕ ਇੰਟੈਲੀਜੈਂਸ ਯੂਨੀਟ ਦੇ ਮਾਹਰਾਂ ਨੇ ਆਪਣੀ ਲਾਈਬੇਨੇਬਲ ਰਿਪੋਰਟ 2017 'ਚ ਕੀਤਾ। ਮਾਹਰਾਂ ਵਲੋਂ ਜਾਰੀ ਕੀਤੀ ਗਈ ਸੂਚੀ 'ਚ ਮੈਲਬੋਰਨ ਪਹਿਲੇ ਸਥਾਨ 'ਤੇ, ਦੂਜੇ 'ਤੇ ਆਸਟਰੀਆ ਦਾ ਵਿਆਨਾ ਸ਼ਹਿਰ , ਤੀਜੇ 'ਤੇ ਕੈਨੇਡਾ ਦਾ ਵੈਨਕੂਵਰ ਸ਼ਹਿਰ, ਚੌਥੇ 'ਤੇ ਕੈਨੇਡਾ ਦਾ ਟੋਰਾਂਟੋ ਸ਼ਹਿਰ, ਪੰਜਵੇਂ 'ਤੇ ਦੋ ਦੇਸ਼ਾਂ ਦੇ ਸ਼ਹਿਰ ਆਉਂਦੇ ਹਨ ਐਡੀਲਡ (ਆਸਟਰੇਲੀਆ) ਅਤੇ ਕੈਲਗੀਰੀ (ਕੈਨੇਡਾ), ਛੇਵੇਂ 'ਤੇ ਆਸਟਰੇਲੀਆ ਦਾ ਪਰਥ ਸ਼ਹਿਰ, ਸੱਤਵੇਂ 'ਤੇ ਨਿਊਜ਼ੀਲੈਂਡ ਦਾ ਆਕਲੈਂਡ, ਅੱਠਵੇਂ 'ਤੇ ਫਿਨਲੈਂਡ ਦਾ ਹੇਲਸਿੰਕੀ ਸ਼ਹਿਰ, ਨੌਵੇ 'ਤੇ ਜਰਮਨੀ ਦਾ ਹੈਮਬਰਗ ਸ਼ਹਿਰ ਸ਼ਾਮਲ ਹੈ। ਰਿਪੋਰਟ ਵੱਖ-ਵੱਖ ਸ਼ਹਿਰਾਂ ਵਿਚਲੀ ਸਥਿਰਤਾ, ਬੁਨਿਆਦੀ ਢਾਂਚਾ, ਸਿਹਤ ਸੰਭਾਲ, ਸੱਭਿਆਚਾਰ, ਵਾਤਾਵਰਣ ਅਤੇ ਸਿੱਖਿਆ ਦੇ ਮੱਦੇਨਜ਼ਰ ਤਿਆਰ ਕੀਤੀ ਗਈ ਹੈ ਹੁਣ ਤੁਸੀਂ ਸੋਚ ਰਹੇ ਹੋਵੋਗੇ ਇਹ ਸੂਚੀ ਤਾਂ ਟਾਪ-10 ਸ਼ਹਿਰਾਂ ਦੀ ਹੈ ਪਰ 10ਵੇਂ ਨਬੰਰ ਵਾਲਾ ਸ਼ਹਿਰ ਕਿੱਥੇ ਹੈ। ਉਹ ਤੁਹਾਨੂੰ ਦੱਸ ਦਈਏ ਕਿ ਪੰਜਵੇਂ ਨੰਬਰ ਵਾਲੇ ਦੋ ਸ਼ਹਿਰ ਟਾਈ ਹਨ।

## ਪਤੀ-ਪਤਨੀ ਨੂੰ ਇਸ ਹਾਲਤ 'ਚ ਦੇਖ ਕੇ ਉੱਡ ਗਏ ਹੋਟਲ ਸਟਾਫ ਦੇ ਹੋਸ਼

ਮੈਕਸੀਕੋ : ਮੈਕਸੀਕੋ ਦੇ ਇਕ ਹੋਟਲ 'ਚ ਹਾਟ ਟੱਬ 'ਚ ਸ਼ਰੀਰਕ ਸਬੰਧ ਬਣਾਉਦੇ ਸਮੇਂ ਪਤੀ-ਪਤਨੀ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਦੋਵੇਂ ਪਤੀ-ਪਤਨੀ ਵਿਆਹ ਲਈ ਇਸ ਹੋਟਲ 'ਚ ਰੁਕੇ ਹੋਏ ਸੀ। ਅਗਲੇ ਦਿਨ ਸਵੇਰੇ ਮ੍ਰਿਤਕ ਸ਼ਰੀਰ ਬਰਾਮਦ ਹੋਏ। ਜਾਣਕਾਰੀ ਮੁਤਾਬਕ ਮੈਕਸੀਕੋ ਦੇ ਪੈਲੇਸ ਹੋਟਲ 'ਚ ਕੈਨੇਡਾ ਦੇ ਰਹਿਣ ਵਾਲੇ ਚਾਰਲਸ ਮੈਕੇਂਜੀ ਆਪਣੀ ਪਤਨੀ ਦਰੋਥੀ ਦੇ ਨਾਲ ਰੁਕਿਆ ਹੋਇਆ ਸੀ। ਜਿੱਥੇ ਇਕ ਵਿਆਹ 'ਚ ਰੁਕੇ ਸਨ, ਰਾਤ ਨੂੰ ਦੋਵੇਂ ਹਾਟ ਟੱਬ 'ਚ ਸ਼ਰੀਰਕ ਸੰਬੰਧ ਬਣਾ ਰਹੇ ਸੀ। ਇਸ ਦੇ ਦੌਰਾਨ ਚਾਰਲਸ ਦੀ ਹਾਰਟ ਅਟੈਕ ਨਾਲ ਅਤੇ ਉਸ ਦੀ ਪਤਨੀ ਦੀ ਪਾਣੀ 'ਚ ਦਮ ਘੁੰਟ ਜਾਣ ਕਾਰਨ ਮੌਤ ਹੋ ਗਈ। ਅਗਲੇ ਦਿਨ ਸਵੇਰੇ ਜਦੋਂ ਉਨ੍ਹਾਂ ਦੇ ਕਮਰੇ ਦਾ ਦਰਵਾਜ਼ਾ ਨਹੀਂ ਖੁਲਿਆ ਤਾਂ ਸਟਾਫ ਨੇ ਜੋਂ ਅੰਦਰ ਜਾ ਕੇ ਦੇਖਿਆ ਉਹ ਹੈਰਾਨ ਕਰ ਦੇਣ ਵਾਲਾ ਸੀ। ਦਰਅਸਲ ਦੋਵੇਂ ਪਤੀ-ਪਤਨੀ ਦੀਆਂ ਲਾਸ਼ਾਂ ਟੱਬ 'ਚੋਂ ਮਿਲਿਆ। ਬਾਥਰੂਮ 'ਚ ਪਤੀ-ਪਤਨੀ ਦੀਆਂ ਲਾਸ਼ਾਂ ਦੇਖ ਕੇ ਸਾਰੇ ਦੰਗ ਰਹਿ ਗਏ।

## ਕੈਨੇਡੀਅਨ ਐੱਮ.ਪੀ. ਪੁੱਜੀ ਭਾਰਤ, ਕਿਹਾ ਖਾਲਿਸਤਾਨ ਦੀ ਲਹਿਰ ਨੂੰ ਨਕਾਰ ਚੁੱਕੇ ਨੇ ਪੰਜਾਬੀ-ਕੈਨੇਡੀਅਨਜ਼

ਸਰੀ/ਜਲੰਧਰ: ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਦੀ ਵਿਧਾਇਕਾ ਰਚਨਾ ਸਿੰਘ ਇਸ ਸਮੇਂ ਪੰਜਾਬ ਦੌਰੇ 'ਤੇ ਹੈ। ਇਸੇ ਦੌਰਾਨ ਉਨ੍ਹਾਂ ਦੱਸਿਆ ਕਿ ਕੈਨੇਡਾ ਦੇ ਪੰਜਾਬੀ ਖਾਲਿਸਤਾਨ ਦੀ ਲਹਿਰ ਨੂੰ ਨਕਾਰ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀਆਂ ਦੇ ਦਿਲਾਂ ਵਿੱਚ ਸਾਕਾ ਨੀਲਾ ਤਾਰਾ ਦੇ ਜ਼ਖਮ ਅਜੇ ਵੀ ਤਾਜ਼ੇ ਹਨ ਪਰ ਉਸ ਨੂੰ ਖਾਲਿਸਤਾਨ ਨਾਲ ਨਹੀਂ ਜੋੜਿਆ ਜਾ ਸਕਦਾ। ਰਚਨਾ ਸਿੰਘ ਨੇ ਕਿਹਾ ਕਿ ਜਦੋਂ 2001 ਵਿੱਚ ਉਹ ਕੈਨੇਡਾ ਗਈ ਸੀ ਤਾਂ ਉਸ ਨੂੰ ਲੱਗਦਾ ਸੀ ਕਿ ਉੱਥੇ ਖਾਲਿਸਤਾਨ ਪੱਖੀ ਕੁਝ ਲੋਕ ਵਸਦੇ ਹਨ ਪਰ ਹੁਣ ਅਜਿਹਾ ਕੁਝ ਨਹੀਂ ਹੈ। ਤੁਹਾਨੂੰ ਦੱਸ ਦਈਏ ਕਿ ਰਚਨਾ ਸਿੰਘ ਚੰਡੀਗੜ੍ਹ ਦੀ ਰਹਿਣ ਵਾਲੀ ਪਹਿਲੀ ਵਾਰ ਕੈਨੇਡੀਅਨ ਵਿਧਾਇਕਾ ਬਣ ਕੇ ਇੱਥੇ ਆਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਕੈਨੇਡਾ ਵਿੱਚ ਉਨ੍ਹਾਂ ਨੂੰ ਖਾਲਿਸਤਾਨ ਪੱਖੀ ਕੋਈ ਲਹਿਰ ਦਿਖਾਈ ਨਹੀਂ ਦੇ ਰਹੀ ਹੈ, ਜੋ ਲਹਿਰ 80ਵੇਂ ਦੌਰ 'ਚ ਚੱਲੀ ਸੀ, ਉਸ ਨੂੰ ਲੋਕ ਨਕਾਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੁਝ ਗੁਰਦੁਆਰਿਆਂ ਵਿੱਚ ਗਰਮ ਖਿਆਲੀਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ।

## ਇਕ ਵਿਲੱਖਣ ਬੀਮਾਰੀ ਨੇ ਇਸ ਕਿਸ਼ੋਰ ਦਾ 13 ਸਾਲ ਦੀ ਉਮਰ ਵਿਚ ਕੀਤਾ ਅਜਿਹਾ ਹਾਲ

ਲੰਡਨ— ਦੁਨੀਆ ਭਰ ਦੇ ਕੌਸਮੈਟਿਕ ਬ੍ਰਾਂਡ ਅਤੇ ਡਾਕਟਰ ਅਜਿਹਾ ਤਰੀਕਾ ਲੱਭ ਰਹੇ ਹਨ, ਜਿਸ ਨਾਲ ਲੋਕ ਹਮੇਸ਼ਾ ਜਵਾਨ ਦਿੱਸਣ। ਕੋਈ ਵੀ ਵਿਅਕਤੀ ਪੂਰੀ ਜ਼ਿੰਦਗੀ ਜਵਾਨ ਜਾਂ ਬੱਚਾ ਨਹੀਂ ਰਹਿ ਸਕਦਾ। ਇੰਗਲੈਂਡ ਦਾ ਇਕ ਕਿਸ਼ੋਰ ਇਕ ਵਿਲੱਖਣ ਸਥਿਤੀ ਨਾਲ ਜੂਝ ਰਿਹਾ ਹੈ ਅਤੇ ਇਸ ਲਈ 13 ਸਾਲ ਦੀ ਉਮਰ ਵਿਚ ਵੀ 3 ਸਾਲ ਦੇ ਬੱਚੇ ਦੀ ਤਰ੍ਹਾਂ ਦਿੱਸਦਾ ਅਤੇ ਵਿਹਾਰ ਕਰਦਾ ਹੈ। ਇਹ ਕਿਸ਼ੋਰ ਹਾਲੇ ਵੀ ਬੋਲ ਨਹੀਂ ਸਕਦਾ ਅਤੇ ਇਸ ਦੇ ਚਿਹਰੇ 'ਤੇ ਬੱਚਿਆਂ ਜਿਹੀ ਮਾਸੂਮੀਅਤ ਹੈ। ਕ੍ਰੋਮਸੋਮ ਅਸਮਾਨਤਾ ਕਾਰਨ 13 ਸਾਲ ਦੇ ਏਗੰਸ ਪਾਮਸ ਦਾ ਵਾਧਾ ਰੁੱਕ ਗਿਆ ਹੈ। ਇਸ ਕਿਸ਼ੋਰ ਨੂੰ ਇਕ ਹਫਤੇ ਵਿਚ 250 ਤਰ੍ਹਾਂ ਦੀਆਂ ਦਵਾਈਆਂ ਲੈਣੀਆਂ ਪੈਂਦੀਆਂ ਹਨ। ਉਸ ਨੂੰ ਹਾਲੇ ਵੀ 3 ਸਾਲ ਦੇ ਬੱਚੇ ਦੀ ਤਰ੍ਹਾਂ ਕੱਪੜੇ ਪੁਆਏ ਜਾਂਦੇ ਹਨ। ਹਾਲਾਂਕਿ ਉਹ ਆਪਣੇ 6 ਫੁੱਟ ਲੰਬੇ 15 ਸਾਲਾ ਭਰਾ ਤੋਂ ਸਿਰਫ ਦੋ ਸਾਲ ਛੋਟਾ ਹੈ। ਏਗੰਸ ਦਾ ਵਾਧਾ ਤਿੰਨ ਸਾਲ ਦੀ ਉਮਰ ਵਿਚ ਰੁੱਕ ਗਿਆ, ਜਦੋਂ ਉਹ ਹਾਲੇ 3 ਫੁੱਟ ਲੰਬਾ ਸੀ। ਉਸ ਦਾ ਭਾਰ 13 ਕਿਲੋ ਹੈ। ਏਗੰਸ ਇਕੱਲਾ ਅਜਿਹਾ ਵਿਅਕਤੀ ਹੈ ਜੋ ਇਸ ਬੀਮਾਰੀ ਨਾਲ ਜੂਝ ਰਿਹਾ ਹੈ। ਦੋ ਸਾਲ ਦੀ ਉਮਰ ਵਿਚ ਉਹ ਮੈਨਿਨਗਨਾਈਟਿਸ ਦਾ ਸ਼ਿਕਾਰ ਹੋਇਆ ਸੀ ਅਤੇ ਬਾਅਦ ਵਿਚ ਠੀਕ ਹੋ ਗਿਆ ਸੀ। ਹਾਲ ਵਿਚ ਹੀ ਏਗੰਸ ਦੀ ਪਾਚਣ ਪ੍ਰਣਾਲੀ ਦੀ ਸਮੱਸਿਆ ਨੂੰ ਲੈ ਕੇ ਸਰਜ਼ਰੀ ਹੋਈ ਹੈ। ਏਗੰਸ ਦੀ ਥੋੜ੍ਹੇ ਮਹੀਨਿਆਂ ਬਾਅਦ ਸਰਜ਼ਰੀ ਕੀਤੀ ਜਾਂਦੀ ਹੈ ਕਿਉਂਕਿ ਉਹ ਹੋਰ ਕਈ ਸਿਹਤ ਸਮੱਸਿਆਵਾਂ ਦਾ ਵੀ ਸਾਹਮਣਾ ਕਰ ਰਿਹਾ ਹੈ। ਉਸ ਦੇ ਪਰਿਵਾਰ ਨੂੰ ਨਹੀਂ ਪਤਾ ਕਿ ਉਸ ਦੀ ਜ਼ਿੰਦਗੀ ਕਿੰਨੀ ਕੁ ਹੈ। ਉਸ ਨਾਲ ਗੱਲਬਾਤ ਕਰਨ ਲਈ ਉਨ੍ਹਾਂ ਨੇ ਸਾਈਨ ਲੈਂਗਵੇਜ (ਇਸ਼ਾਰਿਆਂ ਵਾਲੀ ਭਾਸ਼ਾ) ਬਣਾ ਲਈ ਹੈ।





**AKSHAYA PĀTRA**™

*Unlimited food for education*

**SPONSORED BY NAVIKA GROUP**

The World's Largest NGO-Run Mid-Day Meal Program Serving A Wholesome Lunch to Over 1.7 Million Children in 14,250 Schools Across 12 States in India.


# LONG ISLAND

# 2018 BENEFIT EVENT

## SUNDAY, OCTOBER 7, 2018 • 6:00PM ONWARDS

**HILTON LONG ISLAND/HUNTINGTON 598 BROAD HOLLOW ROAD | MELVILLE, NEW YORK 11747-5002**

## KEYNOTE SPEAKER



**SANJEEV KAPOOR**

*'Khana Khazana' Fame*
*Celebrity, Master Chef*



**VANDANA TILAK**
*CEO*
*TAPF, USA*

**AKSHAYA PATRA AIMS TO SERVE 5 BILLION MEALS BY 2020**

**IT TAKES ONLY $20 TO FEED A CHILD FOR ENTIRE SCHOOL YEAR.**

**FOR MORE INFORMATION**
Kushal Sacheti | 212-391-4426
Ashok Sancheti | 201-927-3151
Dr. Raj Bhayani | 718-249-9383
Beena Kothari | 631-988-1280
Mukund Padmanabhan | 631-704-2776

**FOR SPONSORSHIPS PLEASE CONTACT**
**ANKITA NARULA**
781.454.7247 • ankita@apusa.org

**TO REGISTER**
cvent link TBD

**www.foodforeducation.org**




# COMMERCIAL MORTGAGE FINANCING

**Financing** **$500,000 to $500 Million**

## RAVI CHOPRA

CEO
STI Consultants
C: 917-705-7708
Ravi@stinewyork.com







**SPECIALIZE IN:**

- HOTELS
- CONSTRUCTION LOANS
- GAS STATIONS
- OFFICE BUILDINGS
- MIX USE PROPERTIES
- CHURCH LOAN
- HARD MONEY LOAN
- APARTMENT BUILDINGS
- BUSINESS LINE OF CREDIT

**ALL KINDS OF COMMERCIAL FINANCING DONE OVER USA**

**Offices:**

43-39 2nd Floor Main Street, Flushing, NY, 11355
508 Humboldt Street, Brooklyn, NY, 11222
New Jersey
Chicago

